ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 12 | Issue 40 | 12 October to 18 October 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਗਾਇਕਾ ਜੈਨੀ ਜੌਹਲ ਦਾ ਗੀਤ 'ਲੈਟਰ ਟੂ ਸੀਐੱਮ' ਤੋਂ ਪੰਜਾਬ ਸਰਕਾਰ ਡਰੀ

## ਯੂ-ਟਿਊਬ ਤੋਂ ਹਟਾਇਆ ਗੀਤ, ਜੈਨੀ ਦੇ ਗੀਤ ਦੇ ਤਿੱਖੇ ਬੋਲਾਂ ਨਾਲ ਭੱਖੀ ਸਿਆਸਤ, ਗਾਇਕਾ ਨੂੰ ਮਿਲੀ ਐਫ ਆਈ ਆਰ ਦੀ ਧਮਕੀ

- ਮੂਸੇਵਾਲਾ ਦੇ ਮਾਪਿਆਂ ਨੇ ਮਾਨ ਸਰਕਾਰ 'ਤੇ ਸਵਾਲ ਚੁੱਕੇ ਕਿ ਇਨਸਾਫ਼ ਮੰਗਣ ਵਾਲਿਆਂ ਨੂੰ ਧਮਕਾਇਆ ਜਾ ਰਿਹੈ
- ਇਸ ਬੈਨ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਤੇ ਕੇਜਰੀਵਾਲ ਨੂੰ ਪੰਜਾਬੀਆਂ ਤੇ ਰਾਜਨੀਤਕ ਆਗੂਆਂ ਨੇ ਵੀ ਨਿੰਦਿਆ

ਵਿਸ਼ੇਸ਼ ਰਿਪੋਰਟ

ਪ੍ਰਗਟ ਸਿੰਘ ਜੰਡਿਆਲਾ ਗੁਰੂ







ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਇਨਸਾਫ਼ ਦੀ ਮੰਗ ਲਈ ਪੰਜਾਬੀ ਗਾਇਕਾ ਜੈਨੀ ਜੌਹਲ ਦਾ ਨਵਾਂ ਗੀਤ ਯੂਟਿਊਬ ਤੋਂ ਹਟਾ ਦਿੱਤਾ ਗਿਆ ਹੈ। ਇਸ ਗੀਤ ਦੇ ਬੋਲ ਹਨ ਕਿ ਮਹੀਨੇ ਚਾਰ ਗੁਜ਼ਰ ਗਏ ਜੀ, ਸੀਐੱਮ ਜੀ ਦੱਸੋ ਜਸਟਿਸ ਕਿੱਥੇ, ਕਰਮਾ ਵਾਲੀ ਉਜੜ ਗਈ, ਸਾਡੀ ਲਾਡੋ ਉਜੜ ਗਈ, ਤੁਸਾਂ ਨੇ ਚੁੰਨੀਆਂ ਲਾਲ ਰੰਗਾਈਆਂ, ਘਰ ਸਾਡੇ ਵੈਨ ਪਏ, ਗੂੰਜਣ ਥੋਡੇ ਘਰ ਸ਼ਹਿਨਾਈਆਂ।'

ਇਹ ਸਤਰਾਂ ਪੰਜਾਬੀ ਗਾਇਕਾ ਜੈਨੀ ਜੌਹਲ ਦੇ ਨਵੇਂ ਗਾਣੇ 'ਲੈਟਰ ਟੂ ਸੀਐੱਮ' ਦੀਆਂ ਹਨ। ਜੈਨੀ ਜੌਹਲ ਨੇ ਇਸ ਗੀਤ ਵਿੱਚ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਇਨਸਾਫ਼ ਲਈ ਕਥਿਤ ਤੌਰ 'ਤੇ ਦੇਰੀ ਹੋਣ ਨੂੰ ਲੈ ਕੇ ਪੰਜਾਬ ਸਰਕਾਰ ਦੀ ਅਲੋਚਨਾ ਕੀਤੀ ਹੈ।ਗੀਤ ਨੂੰ ਬਲਾਕ ਕਰਨ ਦਾ ਕਾਰਨ ਕਾਪੀਰਾਈਟ ਵਿਵਾਦ ਦੱਸਿਆ ਗਿਆ ਹੈ। ਜਦਕਿ ਆਮ ਪੰਜਾਬੀਆਂ ਦਾ ਸੋਸ਼ਲ ਮੀਡੀਆ ਉਪਰ ਮੰਨਣਾ ਹੈ ਕਿ ਸਰਕਾਰ ਨੇ ਆਪਣੀ ਆਲੋਚਨਾ ਕਾਰਨ ਖੁਣਸ ਖਾ ਕੇ ਇਹ ਗੀਤ ਹਟਾਇਆ ਹੈ। ਫ਼ਿਰ ਵੀ ਗਾਣੇ ਦੇ ਕੁਝ ਕਲਿਪ ਸੋਸ਼ਲ ਮੀਡੀਆ ਉੱਪਰ ਲਗਾਤਾਰ ਸ਼ੇਅਰ ਹੋ ਰਹੇ ਹਨ। 8 ਅਕਤੂਬਰ ਨੂੰ ਰਿਲੀਜ਼ ਹੋਏ ਜੈਨੀ ਦੇ ਇਸ ਗੀਤ ਨੇ ਪੰਜਾਬ ਦੀ ਸਿਆਸਤ ਵਿਚ ਹਲਚਲ ਮਚਾ ਦਿੱਤੀ ਹੈ। ਇਸ ਗੀਤ ਦਾ ਟਾਈਟਲ 'ਲੈਟਰ ਟੂ ਮੁੱਖ ਮੰਤਰੀ' ਹੈ। ਇਸ ਗੀਤ ਵਿਚ ਜੈਨੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿੱਧਾ ਸਵਾਲ ਕੀਤਾ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਚਾਰ ਮਹੀਨੇ ਬੀਤ ਚੁੱਕੇ ਹਨ, ਦੱਸੋ ਇਨਸਾਫ਼ ਕਿੱਥੇ ਹੈ। ਇਸ ਗੀਤ ਨੂੰ ਖ਼ੁਦ ਜੈਨੀ ਨੇ ਲਿਖਿਆ ਹੈ ਅਤੇ ਇਸ ਦਾ ਸੰਗੀਤ ਪ੍ਰਿੰਸ ਸੱਗੂ ਨੇ ਦਿੱਤਾ ਹੈ। ਜੈਨੀ ਦਾ ਇਹ ਗੀਤ 8 ਅਕਤੂਬਰ ਸ਼ਨਿਚਰਵਾਰ ਨੂੰ ਹੀ ਯੂਟਿਊਬ 'ਤੇ ਰਿਲੀਜ਼ ਹੋਇਆ ਸੀ। ਇਸ ਗੀਤ ਨੂੰ ਬਲਾਕ ਹੋਣ ਤੱਕ 2 ਲੱਖ 32 ਹਜ਼ਾਰ 463 ਲੋਕਾਂ ਨੇ ਦੇਖਿਆ ਸੀ। 4.14 ਮਿੰਟ ਦੇ ਇਸ ਗੀਤ ਨੂੰ 47 ਹਜ਼ਾਰ ਲੋਕਾਂ ਨੇ ਪਸੰਦ ਕੀਤਾ ਹੈ। ਗੀਤ ਵਿੱਚ ਮੁੱਖ ਮੰਤਰੀ ਗੁਜਰਾਤ ਵਿਚ ਵੋਟਾਂ ਲਈ ਘੁੰਮਣ ਅਤੇ ਸਿੱਧੂ ਮੂਸੇਵਾਲਾ ਦੇ ਮਾਪਿਆਂ ਵੱਲੋਂ ਇਨਸਾਫ਼ ਦੀ ਉਡੀਕ ਦਾ ਜ਼ਿਕਰ ਕੀਤਾ ਗਿਆ ਹੈ। ਇਸ ਵਿੱਚ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਰਿਕਾਰਡ ਤੋੜ ਜਿੱਤ ਦਾ ਵੀ ਜ਼ਿਕਰ ਹੈ। ਇਸ ਗੀਤ ਨੂੰ ਸੁਣਨ ਤੋਂ ਬਾਅਦ ਸਿੱਧੂ ਦੇ ਪ੍ਰਸ਼ੰਸਕ ਕੁਮੈਂਟ ਕਰ ਕੇ ਇਨਸਾਫ਼ ਦੀ ਮੰਗ ਕਰ ਰਹੇ ਹਨ। ਗੀਤ ਵਿੱਚ ਗਾਇਕਾ ਨੇ ਸਵਾਲ ਕੀਤਾ ਹੈ ਕਿ ਸਿੱਧੂ ਮੂਸੇਵਾਲ ਦੀ ਸੁਰੱਖਿਆ 'ਵਿਚ ਕਟੌਤੀ ਕਰ ਕੇ ਤਾਰੀਫ਼ ਲੁੱਟਣ ਵਾਲਿਆਂ ਦੀ ਸੂਚੀ ਜਨਤਕ ਕਰਨ ਵਾਲੇ ਅਫ਼ਸਰਾਂ ਦਾ ਅਜੇ ਤੱਕ ਖ਼ੁਲਾਸਾ ਕਿਉਂ ਨਹੀਂ ਕੀਤਾ ਗਿਆ। ਜੈਨੀ ਜੌਹਲ ਦੇ ਗੀਤ ਨੂੰ ਸੁਣਨ ਤੋਂ ਬਾਅਦ ਨਾ ਸਿਰਫ ਪ੍ਰਸ਼ੰਸ਼ਕ ਬਲਕਿ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵੀ ਗਾਇਕਾ ਦੇ ਸਮਰਥਨ ਵਿੱਚ ਉੱਤਰੇ ਹਨ। ਮੂਸੇਵਾਲਾ ਦੇ ਮਾਪਿਆਂ ਨੇ ਮਾਨ ਸਰਕਾਰ 'ਤੇ ਕਈ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਇਨਸਾਫ਼ ਮੰਗਣ ਵਾਲਿਆਂ ਨੂੰ ਧਮਕਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗਾਇਕਾ (ਬਾਕੀ ਸਫ਼ਾ 30 'ਤੇ)

### ਕੌਣ ਹਨ ਜੈਨੀ ਜੌਹਲ ?

ਜੈਨੀ ਜਲੰਧਰ ਦੀ ਜੰਮਪਲ ਹੈ ਅਤੇ ਉਥੇ ਹੀ ਉਨ੍ਹਾਂ ਨੇ ਆਪਣੀ ਪੜ੍ਹਾਈ ਜਲੰਧਰ ਤੋਂ ਪੂਰੀ ਕੀਤੀ।ਸਾਲ 2015 ਵਿੱਚ ਆਪਣੇ ਮਸ਼ਹੂਰ ਗਾਣੇ 'ਯਾਰੀ ਜੱਟੀ ਦੀ' ਨਾਲ ਆਪਣੀ ਪਛਾਣ ਬਣਾਈ ਸੀ।ਜੈਨੀ ਨੂੰ ਗਾਉਣ ਲਈ ਸਿਧੂ ਮੂਸੇਵਾਲ ਦੇ ਪਰਿਵਾਰ ਦਾ ਪੂਰਾ ਸਹਿਯੋਗ ਮਿਲਿਆ ਅਤੇ ਉਨ੍ਹਾਂ ਦੀ ਮਾਂ ਨੇ ਉਨ੍ਹਾਂ ਨੂੰ ਉਸਤਾਦ ਭੁਪਿੰਦਰ ਸਿੰਘ ਕੋਲ ਸੰਗੀਤ ਦੀ ਸਿੱਖਿਆ ਲਈ ਭੇਜਿਆ। ਜੈਨੀ ਨੇ ਵੋਕਲ ਮਿਊਜ਼ਿਕ ਵਿੱਚ ਐੱਮਏ ਕੀਤੀ ਹੋਈ ਹੈ। ਜੈਨੀ ਅਕਸਰ ਜੋਸ਼ ਅਤੇ ਉਤਸ਼ਾਹ ਭਰੀ ਅਵਾਜ਼ ਵਿੱਚ ਗਾਣੇ ਗਾਉਂਦੀ ਹੈ।ਉਸ ਨੇ ਸਾਲ 2015 ਵਿੱਚ ਆਪਣੇ ਮਸ਼ਹੂਰ ਗਾਣੇ 'ਯਾਰੀ ਜੱਟੀ ਦੀ' ਨਾਲ ਆਪਣੀ ਪਛਾਣ ਬਣਾਈ ਸੀ। ਗਾਣੇ ਦੇ ਬੋਲ ਸਨ, 'ਸੱਪਾਂ ਦਾ ਭੁਲੇਖਾ ਪਵੇ ਮੇਰੀ ਗੁੱਤ ਦਾ, ਬੁਰਾ ਹਾਲ ਹੋਇਆ ਨੀ ਜੱਟਾਂ ਦੇ ਪੁੱਤ ਦਾ।' ਇਸ ਤੋਂ ਇਲਾਵਾ ਉਨ੍ਹਾਂ ਨੇ ਬਲਕਾਰ ਸਿੱਧੂ ਨਾਲ 'ਮਾਝੇ ਦੀਏ ਮੋਮਬੱਤੀਏ' ਵੀ ਗਾਇਆ। ਉਨ੍ਹਾਂ ਦੇ ਹੋਰ ਮਸ਼ਹੂਰ ਗੀਤਾਂ ਵਿੱਚ 'ਖੜਾਕੇ' 'ਜੱਟੀ ਵੇ ਗੋਲਡ ਵਰਗੀ', 'ਨਖ਼ਰਾ', 'ਮੱਠਾ-ਮੱਠਾ ਲਾਈ ਫ਼ਿਰਦਾ', 'ਝਾਂਜਰਾਂ' ਅਤੇ 'ਬੇਗੀ ਬਣ ਰਹਿੰਦੀ ਹੈ ਰਕਾਣ ਜੱਟ ਦੀ' ਆਦਿ ਸ਼ਾਮਿਲ ਹਨ।ਜੈਨੀ ਜੌਹਲ ਨੇ ਬੰਟੀ ਬੈਂਸ ਨਾਲ ਕਾਫ਼ੀ ਕੰਮ ਕੀਤਾ ਹੈ। ਉਨ੍ਹਾਂ ਕੁਝ ਸਮਾਂ ਸਿੱਧੂ ਮੂਸੇਵਾਲਾ ਨਾਲ ਵੀ ਕੰਮ ਕੀਤਾ ਸੀ।ਗਾਇਕਾ ਜੈਨੀ ਜੌਹਲ ਕਹਿੰਦੀ ਹੈ ਕਿ ਸਿੱਧੂ ਮੂਸੇਵਾਲਾ ਨੇ ਬੁਰੇ ਸਮੇਂ ਵਿੱਚ ਉਨ੍ਹਾਂ ਦੀ ਸਹਾਇਤਾ ਕੀਤੀ ਅਤੇ ਉਨ੍ਹਾਂ ਦੇ ਨਾਲ ਖੜ੍ਹੇ ਸਨ। ਜੈਨੀ ਜੌਹਲ ਨੇ ਮੂਸੇਵਾਲਾ ਨਾਲ ਇੱਕ ਗਾਣਾ 'ਅੱਥਰਾ ਸਟਾਇਲ' ਵੀ ਗਾਇਆ ਸੀ।

### ਯੂ-ਟਿਊਬ ਤੋਂ ਹਟਾਏ ਗਏ ਹੋਰ ਪੰਜਾਬੀ ਗੀਤ

ਪੰਜਾਬੀ ਗਾਇਕ ਕੰਵਰ ਗਰੇਵਾਲ ਦੇ ਗਾਣੇ 'ਰਿਹਾਈ' ਨੂੰ ਭਾਰਤ ਵਿੱਚ ਯੂ-ਟਿਊਬ ਵੱਲੋਂ ਸਰਕਾਰ ਦੀ ਸ਼ਿਕਾਇਤ ਤੋਂ ਬਾਅਦ ਹਟਾ ਦਿੱਤਾ ਗਿਆ ਸੀ।ਕੰਵਰ ਗਰੇਵਾਲ ਦਾ ਇਹ ਗਾਣਾ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕਰਦਾ ਸੀ। ਰਿਹਾਈ ਗਾਣੇ ਦੇ ਬੋਲਾਂ ਵਿੱਚ ਗਰੇਵਾਲ ਕਹਿੰਦੇ ਹਨ, 'ਅਸੀਂ ਕਿਹੜਾ ਤੁਹਾਥੋਂ ਬਾਦਸ਼ਾਈ ਮੰਗ ਰਹੇ ਆ, ਅਸੀਂ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੇ ਆ।' 'ਰਿਹਾਈ' ਗਾਣਾ 2 ਜੁਲਾਈ ਨੂੰ ਕੰਵਰ ਗਰੇਵਾਲ ਦੇ ਅਧਿਕਾਰਿਤ ਯੂ-ਟਿਊਬ ਚੈਨਲ ਉੱਪਰ ਰਿਲੀਜ਼ ਕੀਤਾ ਗਿਆ ਸੀ ਜਿਸ ਨੂੰ ਗੀਤਕਾਰ ਵਰੀ ਰਾਏ ਨੇ ਲਿਖਿਆ ਸੀ।

ਇਸ ਤੋਂ ਪਹਿਲਾਂ ਸਿੱਧੂ ਮੂਸੇਵਾਲਾ ਦੇ ਗੀਤ ਐੱਸਵਾਈਐੱਲ ਨੂੰ ਵੀ ਹਟਾ ਦਿੱਤਾ ਗਿਆ ਸੀ, ਉਨ੍ਹਾਂ ਦੀ ਮੌਤ ਤੋਂ ਬਾਅਦ ਰਿਲੀਜ਼ ਹੋਇਆ ਸੀ।

ਅੰਦਰ ਪੜ੍ਹੋ




ਗੁਜਰਾਤ 'ਚ ਕਿਸ ਦੀ ਜਿੱਤ ਹੋਵੇਗੀ ? 11





17 ਪੇਂਡੂ ਮੇਲਿਆਂ 'ਚੋਂ ਪੰਜਾਬੀ ਹੋਏ ਗ਼ਾਇਬ


### ਕੌਮਾਂਤਰੀ ਹਾਕੀ ਖਿਡਾਰੀ ਅਰਾਏਜੀਤ ਸਿੰਘ ਸੁਲਤਾਨ ਆਫ਼ ਜ਼ੌਹਰ ਕੱਪ ਮਲੇਸ਼ੀਆ 2022 ਲਈ ਚੁਣੇ ਗਏ

ਅੰਮ੍ਰਿਤਸਰ/ਏ.ਟੀ.ਨਿਊਜ਼ :- 22 ਅਕਤੂਬਰ ਤੋਂ ਮਲੇਸ਼ੀਆ ਦੇ ਜ਼ੌਹਰ ਬਹਿਰੂ ਵਿਖੇ ਸ਼ੁਰੂ ਹੋਣ ਵਾਲੇ ਸੁਲਤਾਨ ਆਫ ਜ਼ੌਹਰ ਕੱਪ ਮਲੇਸ਼ੀਆ 2022 ਦੇ ਲਈ ਹਾਕੀ ਇੰਡੀਆ ਨੇ ਆਪਣੀ 18 ਮੈਂਬਰੀ ਇੰਡੀਅਨ ਜੂਨੀਅਰ ਪੁਰਸ਼ ਹਾਕੀ ਟੀਮ ਦਾ ਐਲਾਨ ਕਰ ਦਿੱਤਾ ਹੈ।

ਇਸ 18 ਮੈਂਬਰੀ ਟੀਮ ਦੇ ਵਿੱਚ ਗੁਰੂ ਨਗਰੀ ਅੰਮ੍ਰਿਤਸਰ ਨਾਲ ਸਬੰਧਤ ਕੌਮਾਤਰੀ ਜੂਨੀਅਰ ਹਾਕੀ ਖਿਡਾਰੀ ਅਰਾਏਜੀਤ ਸਿੰਘ ਹੁੰਦਲ ਪਾਖਰਪੁਰਾ ਦਾ ਨਾਮ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਅਰਾਏਜੀਤ ਸਿੰਘ ਹੁੰਦਲ ਪਾਖਰਪੁਰਾ ਹਾਕੀ ਖਿਡਾਰੀਆਂ ਦੀ ਨਰਸਰੀ ਵਜੋਂ ਜਾਣੇ ਜਾਂਦੇ ਪਿੰਡ ਪਾਖਰਪੁਰਾ ਦੇ ਹਾਕੀ ਖੇਡ ਖੇਤਰ ਨੂੰ ਸਮਰਪਿਤ ਪਰਿਵਾਰ ਹੁੰਦਲ ਪਾਖਰਪੁਰਾ ਦੇ ਮੁਖੀ ਸਵਰਗੀ ਬਾਪੂ ਕਰਨੈਲ ਸਿੰਘ ਹੁੰਦਲ ਪਾਖਰਪੁਰਾ ਦਾ ਪੋਤਰਾ ਅਤੇ ਕੌਮੀ ਹਾਕੀ ਖਿਡਾਰੀ ਸੀਆਈਟੀ ਰੇਲਵੇ ਕੁਲਜੀਤ ਸਿੰਘ ਹੁੰਦਲ ਪਾਖਰਪੁਰਾ ਦਾ ਫਰਜ਼ੰਦ ਹੈ ਜੋ ਕਿ ਹਲਕੀ ਉਮਰੇ ਹੀ ਕਈ ਸੂਬਾ, ਕੌਮੀ ਤੇ ਕੌਮਾਂਤਰੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਆਪਣੀ ਖੇਡ ਸ਼ੈਲੀ ਦਾ ਲੋਹਾ ਮੰਨਵਾ ਚੁੱਕਾ ਹੈ।



ਅਰਾਏਜੀਤ ਸਿੰਘ ਹੁੰਦਲ ਪਾਖਰਪੁਰਾ ਦੀ ਸੁਲਤਾਨ ਆਫ ਜ਼ੌਹਰ ਕੱਪ ਮਲੇਸ਼ੀਆ 2022 ਦੇ ਲਈ ਹੋਈ ਚੋਣ ਨੂੰ ਲੈ ਕੇ ਜਿੱਥੇ ਉਸ ਦੇ ਪੁਰਖਿਆਂ ਦੇ ਜੱਦੀ ਪਿੰਡ ਪਾਖਰਪੁਰਾ ਵਿਖੇ ਵਿਆਹ ਵਰਗਾ ਮਾਹੌਲ ਹੈ ਉੱਥੇ ਉਨ੍ਹਾਂ ਦੀ ਸ਼ਹਿਰੀ ਰਿਹਾਇਸ਼ ਜ਼ੋਸ਼ੀਪੁਰਾ ਅਮਰਕੋਟ ਨਜ਼ਦੀਕ ਖ਼ਾਲਸਾ ਕਾਲਜ ਵਿਖੇ ਵੀ ਹਾਕੀ ਖੇਡ ਪ੍ਰੇਮੀਆਂ, ਖੇਡ ਪ੍ਰਮੋਟਰਾਂ ਤੇ ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਦੇ ਵੱਲੋਂ ਵਧਾਈਆਂ ਦਿੱਤੇ ਜਾਣ ਤੇ ਖ਼ੁਸ਼ੀ ਦਾ ਇਜ਼ਹਾਰ ਕੀਤੇ ਜਾਣ ਦਾ ਸਿਲਸਿਲਾ ਪੂਰੇ ਸਿਖ਼ਰਾਂ 'ਤੇ ਹੈ।

ਇਸ ਮੌਕੇ ਉਸ ਦੇ ਪਿਤਾ ਕੌਮੀ ਹਾਕੀ ਖਿਡਾਰੀ ਸੀਆਈਟੀ ਰੇਲਵੇ ਕੁਲਜੀਤ ਸਿੰਘ ਹੁੰਦਲ ਪਾਖਰਪੁਰਾ ਨੇ ਕਿਹਾ ਕਿ ਉਨ੍ਹਾਂ ਦੇ ਬੇਟੇ ਨੇ ਆਪਣੀਆਂ ਪਿਤਾ ਪੁਰਖੀ ਖੇਡ ਪਰੰਪਰਾਵਾਂ ਨੂੰ ਅੱਗੇ ਤੋਰਦਿਆਂ ਕੌਮਾਂਤਰੀ ਪੱਧਰ ਦੇ ਖੇਡ ਮਕਾਬਲਿਆਂ ਵਿੱਚ ਜਗ੍ਹਾ ਬਣਾਈ ਹੈ। ਇਹ ਉਸ ਦੀ ਹਾਕੀ ਖੇਡ ਖੇਤਰ ਪ੍ਰਤੀ ਲਗਨ ਤੇ ਮਿਹਨਤ ਦਾ ਨਤੀਜਾ ਹੈ। ਦੇਸ਼ ਦੀ ਕੌਮੀ ਖੇਡ ਹਾਕੀ ਨੂੰ ਉਸ ਕੋਲੋਂ ਵੱਡੀਆਂ ਆਸਾਂ ਹਨ।


Certificate Course in
DATA ANALYTICS
Eligibility : B.Tech, M.Tech, BCA, MCA, BSc, MSc, MBA
Mentors are industry expert from USA and India
100% Placement assistance for high growth tech jobs
100% fee waiver / scholarship from Sikh Education Council and Startup Farms IT Limited.
Support and mentorship for projects and case siudy solutions
Training experience certificate by Startup Farms It Ltd
Total Seats : 50
Course Duration : 6 Months
Selection criteria : Interview
EXPERTS FROM USA & INDIA
SRI GURU GRANTH SAHIB WORLD UNIVERSITY
FATEHGARH SAHIB , PUNJAB
Admission Helpline
70096-48231, 62805-38113


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
QUIKQ
wex
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
TOGETHER WE SAVE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

ਕਵਰ ਸਟੋਰੀ

# ਅਮਰੀਕਾ ’ਚ ਪੰਜਾਬੀ ਪਰਿਵਾਰ ਨਾਲ ਵਾਪਰੇ ਹਿੰਸਕ ਦੁਖਾਂਤ ਨੇ ਲੂ ਕੰਡੇ ਕੀਤੇ ਖੜ੍ਹੇ

## ਪੰਜਾਬੀ ਪਰਿਵਾਰ ਦੇ ਚਾਰ ਮੈਂਬਰਾਂ ਦੀਆਂ ਲਾਸ਼ਾਂ ਅਮਰੀਕੀ ਸੂਬੇ ਕੈਲੀਫੋਰਨੀਆ ਦੀ ਮਰਸੇਡ ਕਾਉਂਟੀ ਵਿਚੋਂ ਬਰਾਮਦ

➢ ਸਿੱਖ ਪਰਿਵਾਰ ਨੂੰ ਜਾਣਦਾ ਸੀ ਕਾਤਲ : ਪੁਲਿਸ ➢ ਹੱਤਿਆ ਦੇ ਮੁਲਜ਼ਮ ਨੇ 17 ਸਾਲ ਪਹਿਲਾਂ ਵੀ ਲੁੱਟਿਆ ਸੀ ਇਕ ਪਰਿਵਾਰ



**ਕਿੰਨੇ ਚਾਵਾਂ ਨਾਲ ਪਰਿਵਾਰ ਆਪਣੇ ਜਿਗਰ ਦੇ ਟੋਟਿਆਂ ਨੂੰ ਮੋਟੇ ਖ਼ਰਚੇ ਕਰ ਕੇ, ਕਈ ਵਾਰ ਕਰਜ਼ੇ ਚੁੱਕ ਕੇ, ਮਕਾਨ ਗਹਿਣੇ ਧਰ ਕੇ ਜਾਂ ਗਹਿਣੇ-ਗੱਟੇ ਵੇਚ ਕੇ ਸੱਤ ਸਮੁੰਦਰ ਪਾਰ ਭੇਜਦੇ ਹਨ ਤੇ ਅੱਗਿਓਂ ਜਦੋਂ ਕਦੇ ਅਜਿਹਾ ਭਾਣਾ ਵਰਤ ਜਾਂਦਾ ਹੈ ਤਾਂ ਪਰਿਵਾਰ ਨੂੰ ਆਪਣਾ ਭਵਿੱਖ ਹਨੇਰਾ ਜਾਪਣ ਲੱਗਦਾ ਹੈ। ਉੱਧਰ ਅਮਰੀਕੀ ਸੂਬੇ ਇੰਡੀਆਨਾ ਦੇ ਸ਼ਹਿਰ ਇੰਡੀਆਨਾਪੋਲਿਸ ਵਿਚ 20 ਸਾਲਾਂ ਦੇ ਇਕ ਭਾਰਤੀ ਵਿਦਿਆਰਥੀ ਦਾ ਕਤਲ ਹੋ ਗਿਆ ਹੈ। ਮੈਕਸੀਕੋ ਦੇਸ਼ ਵਿਚ ਇਕ ਵਿਅਕਤੀ ਨੇ ਗੋਲ਼ੀਬਾਰੀ ਕਰ ਕੇ ਇਕ ਮੇਅਰ ਸਮੇਤ 18 ਜਾਨਾਂ ਲੈ ਲਈਆਂ ਹਨ। ਅਮਰੀਕਾ ਦੇ ਗੰਨ ਕਲਚਰ ਨੇ ਉਂਞ ਵੀ ਵਖ਼ਤ ਪਾਇਆ ਹੋਇਆ ਹੈ। ਖ਼ੁਦ ਅਮਰੀਕਨ ਵੀ ਇਸ ਤੋਂ ਡਾਢੇ ਔਖੇ-ਭਾਰੇ ਹਨ ਪਰ ਦੋਵੇਂ ਪ੍ਰਮੁੱਖ ਪਾਰਟੀਆਂ ਉੱਤੇ ਤੇ ਸਰਕਾਰੇ-ਦਰਬਾਰੇ ਹਥਿਆਰ ਮਾਫ਼ੀਆ ਦੇ ਜ਼ੋਰ ਕਾਰਨ ਕਿਸੇ ਦਾ ਕੋਈ ਵੱਸ ਨਹੀਂ ਚੱਲਦਾ। ਦਰਅਸਲ ਕੋਵਿਡ-19 ਕਰਕੇ ਬਹੁਤ ਸਾਰੇ ਬੇਰੁਜ਼ਗਾਰ ਹੋ ਗਏ ਸਨ ਤੇ ਕਾਰੋਬਾਰ ਠੱਪ ਹੋ ਕੇ ਰਹਿ ਗਏ ਸਨ। ਇਸ ਲਈ ਉਨ੍ਹਾਂ ਲਈ ਮਾਨਸਿਕ ਕਸ਼ਟ ਝੱਲਣਾ ਸੁਭਾਵਿਕ ਹੈ। ਇਸੇ ਲੋਰ ਵਿਚ ਹੁਣ ਅਜਿਹੀਆਂ ਹਿੰਸਕ ਵਾਰਦਾਤਾਂ ਅਚਾਨਕ ਵੱਧ ਵਾਪਰਨ ਲੱਗ ਪਈਆਂ ਹਨ।**

ਕੈਲੀਫੋਰਨੀਆ : ਹੁਸ਼ਿਆਰਪੁਰ ਦੇ ਟਾਂਡਾ ਉੜਮੁੜ ਲਾਗਲੇ ਹਰਸੀ-ਪਿੰਡ ਦੇ ਇਕ ਪੰਜਾਬੀ ਪਰਿਵਾਰ ਦੇ ਚਾਰ ਮੈਂਬਰਾਂ ਅਮਨਦੀਪ ਸਿੰਘ, ਪਤਨੀ ਜਸਲੀਨ ਕੌਰ, 8 ਮਹੀਨਿਆਂ ਦੀ ਬੱਚੀ ਅਰੂਹੀ, ਭਰਾ ਜਸਦੀਪ ਸਿੰਘ ਦੀਆਂ ਲਾਸ਼ਾਂ ਅਮਰੀਕੀ ਸੂਬੇ ਕੈਲੀਫੋਰਨੀਆ ਦੀ ਮਰਸੇਡ ਕਾਊਂਟੀ ਵਿਚ ਬਰਾਮਦ ਹੋ ਗਈਆਂ ਹਨ। ਉਹ ਸਾਰੇ ਪਿਛਲੇ ਕੁਝ ਦਿਨਾਂ ਤੋਂ ਭੇਤ-ਭਰੀ ਹਾਲਤ ਵਿਚ ਲਾਪਤਾ ਸਨ। ਹੁਣ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਬੀਤੇ ਹਫਤੇ ਮਰਸਿਡ ਕਾਉਂਟੀ ਵਿਖੇ ਉਨ੍ਹਾਂ ਦੇ ਨਵੇਂ ਖੋਲ੍ਹੇ ਗਏ ਟਰੱਕਿੰਗ ਕਾਰੋਬਾਰ ਤੋਂ ਅਗਵਾ ਕੀਤਾ ਗਿਆ ਸੀ। ਇਕ ਦਿਨ ਪਹਿਲਾਂ ਉਨ੍ਹਾਂ ਦੀ ਕਾਰ ਸੜੀ ਹੋਈ ਹਾਲਤ ਵਿਚ ਮਿਲੀ ਸੀ। ਅਮਨਦੀਪ ਸਿੰਘ ਦੇ ਹਰਸੀ-ਪਿੰਡ ਦੇ ਨਾਲ-ਨਾਲ ਜਸਲੀਨ ਕੌਰ ਦੇ ਜਲੰਧਰ ਜ਼ਿਲ੍ਹੇ ਦੇ ਭੋਗਪੁਰ ਲਾਗਲੇ ਪਿੰਡ ਜੰਡੀਰ ਵਿਚ ਇਸ ਵੇਲੇ ਸੋਗ ਦਾ ਮਾਹੌਲ ਹੈ।

ਅਮਰੀਕਾ ਵਿੱਚ ਸਿੱਖ ਪਰਿਵਾਰ ਦੇ ਚਾਰ ਮੈਂਬਰਾਂ ਦੇ ਕਤਲ ਦਾ ਮੈਕਸੀਕੋ ਮੂਲ ਸ਼ੱਕੀ ਵਿਅਕਤੀ ਜੀਸਸ ਮੈਨੁਅਲ ਸਲਗਾਡੋ ਪਹਿਲਾਂ ਪਰਿਵਾਰ ਲਈ ਕੰਮ ਕਰਦਾ ਸੀ ਅਤੇ ਉਸ ਦਾ ਪਰਿਵਾਰ ਨਾਲ ਲੰਮੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਪੁਲਿਸ ਜਾਂਚ ਟੀਮ ਨੇ ਮਸ਼ਕੂਕ ਖ਼ਿਲਾਫ਼ ਮਾਮਲਾ ਤਿਆਰ ਕਰ ਲਿਆ ਹੈ ਅਤੇ ਉਸ ਦੇ ਸਾਥੀ ਦੀ ਭਾਲ ਕੀਤੀ ਜਾ ਰਹੀ ਹੈ। ਮੁਲਜ਼ਮ ਨੂੰ ਪਹਿਲਾਂ ਵੀ ਡਕੈਤੀ ਦੇ ਦੋਸ਼ ’ਚ ਜੇਲ੍ਹ ਭੇਜਿਆ ਗਿਆ ਸੀ, ਕਿਉਂਕਿ 17 ਸਾਲ ਪਹਿਲਾਂ ਉਸ ਨੇ ਇਕ ਪਰਿਵਾਰ ਨੂੰ ਬੰਦੂਕ ਦੇ ਜ਼ੋਰ ਨਾਲ ਡਰਾਇਆ ਅਤੇ ਲੁੱਟਿਆ ਸੀ।

ਕੈਲੀਫੋਰਨੀਆ ਸੁਧਾਰ ਅਤੇ ਮੁੜ ਵਸੇਬਾ ਵਿਭਾਗ ਨੇ ਦੱਸਿਆ ਕਿ ਜੀਸਸ ਸਾਲਗਾਡੋ, ਜਿਸ ਨੂੰ ਸਿੱਖ ਪਰਿਵਾਰ ਦੇ 4 ਮੈਂਬਰਾਂ ਦੀ ਅਗਵਾ ਕਰਨ ਅਤੇ ਹੱਤਿਆ ਕਰਨ ਦੇ ਸ਼ੱਕ ਵਿਚ ਵੀਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ, ਨੂੰ 2007 ਵਿਚ 11 ਸਾਲ ਦੀ ਸਜ਼ਾ ਸੁਣਾਈ ਗਈ ਸੀ ਅਤੇ 2015 ਵਿਚ ਰਿਹਾਅ ਹੋਇਆ ਸੀ ਅਤੇ 3 ਸਾਲ ਬਾਅਦ ਪੈਰੋਲ ’ਤੇ ਛੁੱਟੀ ਮਿਲੀ ਸੀ। ਵਿਭਾਗ ਨੇ ਕਿਹਾ ਕਿ ਉਸ ’ਤੇ ਪਾਬੰਦੀਸ਼ੁਦਾ ਪਦਾਰਥ ਰੱਖਣ ਦਾ ਵੀ ਦੋਸ਼ ਸੀ। ਪਰਿਵਾਰ ਦੇ ਮੈਂਬਰਾਂ ਨੇ ਲਾਸ ਏਂਜਲਸ ਟਾਈਮਜ਼ ਨੂੰ ਦੱਸਿਆ ਕਿ ਕਰੀਬ ਦੋ ਦਹਾਕੇ ਪਹਿਲਾਂ ਸਾਲਗਾਡੋ ਉਸ ਪਰਿਵਾਰ ਲਈ ਕੰਮ ਕਰਦਾ ਸੀ, ਜਿਨ੍ਹਾਂ ਦੀ ਆਪਣੀ ਟਰੱਕ ਕੰਪਨੀ ਵੀ ਸੀ, ਪਰ 2004 ’ਚ ਪਰਿਵਾਰ ਨੇ ਪੈਸੇ ਚੋਰੀ ਕਰਨ ਦੇ ਸ਼ੱਕ ਵਿਚ ਉਸ ਨੂੰ ਕੱਢ ਦਿੱਤਾ ਸੀ। ਕੈਥੀ ਅਤੇ ਉਸ ਦੀ ਬੇਟੀ ਕੈਟਰੀਨਾ ਨੇ ਸਾਲਗਾਡੋ ਦੀ ਤਸਵੀਰ ਸਾਹਮਣੇ ਆਉਣ ’ਤੇ ਪਹਿਲਾਂ ਤਾਂ ਉਸ ਨੂੰ ਨਹੀਂ ਪਛਾਣਿਆ। ਸਾਲਗਾਡੋ (ਜੋ ਕਿ ਹੁਣ 48 ਦਾ ਹੈ), ਨੂੰ ਦੱਖਣ ਬਾਅਦ ਕੈਥੀ ਤੇ ਕੈਟਰੀਨਾ ਨੂੰ ਯਕੀਨ ਨਹੀਂ ਹੋਇਆ ਕਿ ਉਹੀ ਵਿਅਕਤੀ ਸੀ ਜਿਸ ਨੇ 17 ਸਾਲ ਪਹਿਲਾਂ ਉਨ੍ਹਾਂ ਨੂੰ ਉਨ੍ਹਾਂ ਦੇ ਹਨ੍ਹੇਰੇ ਗੈਰਾਜ ਵਿਚ ਲੁੱਟਿਆ ਸੀ। ਉਨ੍ਹਾਂ ਨੇ ਦੇਖਿਆ ਕਿ ਦੋਵੇਂ ਅਪਰਾਧਾਂ ਵਿਚ ਅਪਣਾਇਆ ਤਰੀਕਾ ਇਕੋ ਜਿਹਾ ਸੀ, ਬੰਦੂਕ ਦਿਖਾ ਕੇ ਇਕ ਪਰਿਵਾਰ ਨੂੰ ਉਨ੍ਹਾਂ ਦੀ ਸੰਪਤੀ ਵਿਚ ਡਰਾਉਣਾ ਅਤੇ ਉਨ੍ਹਾਂ ਨੂੰ ਮਾਰਨ ਦੀ ਧਮਕੀ ਦੇ ਕੇ ਆਦੇਸ਼ ਮੰਨਣ ਲਈ ਮਜਬੂਰ ਕਰਨਾ। ਕੈਟਰੀਨਾ, ਜੋ ਕਿ ਘਟਨਾ ਦੇ ਸਮੇਂ 16 ਸਾਲ ਦੀ ਸੀ, ਨੇ ਯਾਦ ਕਰਦਿਆਂ ਦੱਸਿਆ ਕਿ 19 ਦਸੰਬਰ 2005 ਦੀ ਰਾਤ ਨੂੰ ਉਹ (ਅਪਰਾਧੀ) ਮਾਸਕ ਪਹਿਨੀ ਉਨ੍ਹਾਂ ਨੂੰ ਦੇ ਘਰ ਦਾਖਲ ਹੋਇਆ ਅਤੇ ਉਸ ਦੇ ਪਿਤਾ ਦੇ ਸਿਰ ’ਤੇ ਬੰਦੂਕ ਰੱਖ ਕੇ ਟੇਪ ਨਾਲ ਉਸ ਦੇ ਹੱਥ ਬੰਨ੍ਹ ਦਿੱਤੇ। ਸਾਲਗਾਡੋ ਪਰਿਵਾਰ ਦੇ ਨਾਲ-ਨਾਲ ਕੈਟਰੀਨਾ ਦੇ ਦੋਸਤ, ਜੋ ਉਸ ਦੇ ਘਰ ਮਿਲਣ ਆਇਆ ਸੀ, ਨੂੰ ਵੀ ਗੈਰਾਜ ਵਿਚ ਲੈ ਗਿਆ, ਜਿਥੇ ਪਰਿਵਾਰ ਨੂੰ ਨਕਦੀ ਅਤੇ ਗਹਿਣੇ ਸੁਰੱਖਿਅਤ ਰੱਖੇ ਸਨ।ਕੈਥੀ ਤੇ ਕੈਟਰੀਨਾ ਨੇ ਕਿਹਾ ਕਿ ਉਨ੍ਹਾਂ ਨੂੰ ਲੁੱਟਣ ਦੇ, ਕੈਥੀ ਦੇ ਵਿਆਹ ਦੀ ਮੁੰਦਰੀ ਵੀ ਲੈ ਗਿਆ, ਬਾਅਦ ਸਾਲਗਾਡੋ ਪਰਿਵਾਰ ਨੂੰ ਵਿਹੜੇ ਵਿਚ ਪੂਲ ਕੋਲ ਲੈ ਗਿਆ ਅਤੇ ਉਨ੍ਹਾਂ ਨੂੰ ਪੂਲ ਵਿਚ ਛਾਲ ਮਾਰਨ ਲਈ ਮਜਬੂਰ ਕੀਤਾ ਅਤੇ ਭੱਜ ਗਿਆ। ਸਾਲਗਾਡੋ ਨੂੰ 2007 ਵਿਚ ਦੋਸ਼ੀ ਠਹਿਰਾਇਆ ਗਿਆ ਸੀ।

ਮਰਸਿਡ ਕਾਉਂਟੀ ਸ਼ੈਰਿਫ ਵੇਰਨ ਵੇਰਨਕੀ ਨੇ ਦੱਸਿਆ ਸੀ ਕਿ ਬੀਤੇ ਹਫਤੇ ਸਵੇਰੇ ਇਕ ਸਿਰਫਿਰੇ ਵਲੋਂ ਯੋਜਨਾਬੱਧ ਢੰਗ ਨਾਲ ਪਰਿਵਾਰ ਨੂੰ ਅਗਵਾ ਕਰ ਲਿਆ ਗਿਆ ਸੀ, ਜਿਨ੍ਹਾਂ ਦੀਆਂ ਲਾਸ਼ਾਂ ਮਰਸਿਡ ਸ਼ਹਿਰ ਦੇ ਇੰਡੀਆਨਾ ਰੋਡ ਤੇ

(ਬਾਕੀ ਸਫ਼ਾ 30 ’ਤੇ)

## ਤਿੰਨ ਲੱਖ ਡਾਲਰ ਤੋਂ ਵੱਧ ਇਕੱਠੇ ਹੋਏ ਕੈਲੀਫੋਰਨੀਆ ਦੇ ਪੀੜਤ ਸਿੱਖ ਪਰਿਵਾਰ ਲਈ

### ‘ਗੋਫੰਡਮੀ’ ਫੰਡਰੇਜ਼ਰ ਰਾਹੀਂ ਇਕੱਠੇ ਕੀਤੇ ਗਏ ਪੈਸੇ ਮ੍ਰਿਤਕ ਦੀ ਪਤਨੀ ਤੇ ਭਾਰਤ ਰਹਿੰਦੇ ਪਰਿਵਾਰ ਨੂੰ ਸੌਂਪੀ ਜਾਵੇਗੀ ਰਾਸ਼ੀ

ਸਾਂ ਫਰਾਂਸਿਸਕੋ: ਕੈਲੀਫੋਰਨੀਆ ਵਿਚ ਕਤਲ ਕੀਤੇ ਗਏ ਭਾਰਤੀ ਮੂਲ ਦੇ ਸਿੱਖ ਪਰਿਵਾਰ ਦੇ ਸੋਗ ਵਿਚ ਡੁੱਬੇ ਰਿਸ਼ਤੇਦਾਰਾਂ ਦੀ ਮਦਦ ਲਈ ਤਿੰਨ ਲੱਖ ਅਮਰੀਕੀ ਡਾਲਰ ਤੋਂ ਵੱਧ ਦੀ ਰਾਸ਼ੀ ਇਕੱਠੀ ਹੋ ਗਈ ਹੈ। ‘ਗੋਫੰਡਮੀ’ ਫੰਡਰੇਜ਼ਰ ਰਾਹੀਂ ਪੈਸੇ ਇਕੱਠੇ ਕੀਤੇ ਗਏ ਹਨ ਜੋ ਕਿ ਪਰਿਵਾਰ ਨੂੰ ਦਿੱਤੇ ਜਾਣਗੇ। ਮ੍ਰਿਤਕ ਅਮਨਦੀਪ ਦੀ ਪਤਨੀ ਜਸਪ੍ਰੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਅਤੇ ਉਨ੍ਹਾਂ ਦੇ ਭਰਾ ਨੇ ਅਮਰੀਕਾ ਵਿਚ 18 ਸਾਲ ਬਿਤਾਏ ਹਨ। ਉਨ੍ਹਾਂ ਨਾ ਸਿਰਫ਼ ਇੱਥੇ ਪਰਿਵਾਰ ਦਾ



ਪਾਲਣ-ਪੋਸ਼ਣ ਕੀਤਾ ਬਲਕਿ ਭਾਰਤ ਰਹਿੰਦੇ ਮਾਪਿਆਂ ਨੂੰ ਵੀ ਸੰਭਾਲਿਆ। ਇਕੱਠੇ ਹੋਏ ਪੈਸੇ ਬੱਚੀ ਅਰੂਹੀ ਦੇ ਦਾਦਾ-ਦਾਦੀ ਤੇ ਅਮਨਦੀਪ ਸਿੰਘ ਦੀ ਪਤਨੀ ਨੂੰ ਸੌਂਪੇ ਜਾਣਗੇ। ਅਮਨਦੀਪ ਦੇ ਜਸਪ੍ਰੀਤ ਕੌਰ ਦੇ ਦੋ ਬੱਚੇ ਹਨ। ਦੋਵੇਂ ਦਸ ਸਾਲ ਤੋਂ ਘੱਟ ਉਮਰ ਦੇ ਹਨ।

## ਪੰਜਾਬ ਦੇ ਮੁੱਖ ਮੰਤਰੀ, ਸੁਖਬੀਰ ਬਾਦਲ ਦੀ ਵਿਦੇਸ਼ ਮੰਤਰੀ ਨੂੰ ਉੱਚ ਪੱਧਰੀ ਜਾਂਚ ਲਈ ਅਪੀਲ

ਜਲੰਧਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਕਿਹਾ, ‘ਕੈਲੀਫੋਰਨੀਆ ’ਚ ਅਗਵਾ ਕਰ 4 ਭਾਰਤੀਆਂ ਦੇ ਕਤਲ ਦੀ ਖ਼ਬਰ ਮਿਲੀ, ਜਿਨ੍ਹਾਂ ਵਿੱਚ 8 ਮਹੀਨੇ ਦੀ ਬੱਚੀ ਦਾ ਵੀ ਕਤਲ ਕਰ ਦਿੱਤਾ ਗਿਆ। ਇਸ ਖ਼ਬਰ ਨਾਲ ਦਿਲ ਕਾਫੀ ਦੁਖੀ ਹੋਇਆ ਤੇ ਮੈਂ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਾ ਹਾਂ, ਨਾਲ ਹੀ ਕੇਂਦਰੀ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਅਪੀਲ ਕਰਦਾ ਹਾਂ ਕਿ ਮਾਮਲੇ ਦੀ ਉੱਚ ਪੱਧਰੀ ਜਾਂਚ ਹੋਵੇ।ਇਸ ਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਟਵੀਟ ਕਰਦਿਆਂ ਵਿਦੇਸ਼ ਮਾਮਲਿਆਂ ਦੇ ਮੰਤਰੀ ਡਾ. ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਭਾਰਤੀਆਂ ਦੀ ਰੱਖਿਆ ਅਤੇ ਸੁਰੱਖਿਆ ਦਾ ਮੁੱਦਾ ਅਮਰੀਕੀ ਪ੍ਰਸ਼ਾਸਨ ਕੋਲ ਚੁੱਕਣ।

ਕੈਲੀਫੋਰਨੀਆ ਵਿਚ ਸਿੱਖ ਪਰਿਵਾਰ ਨੂੰ ਮਾਰੇ ਜਾਣ ਦੀ ਘਟਨਾ ਤੋਂ ਕੁਝ ਦਿਨਾਂ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਨੂੰ ਹੈਰਾਨ ਕਰਨ ਵਾਲੀ ਖ਼ਬਰ ਦੱਸਿਆ ਹੈ ਅਤੇ ਕਿਹਾ ਕਿ ਉਸ ਦੇ ਸਾਨਫਰਾਂਸਿਸਕੋ ਵਿਚ ਭਾਰਤੀ ਅਧਿਕਾਰੀ ਸਥਾਨਕ ਅਧਿਕਾਰੀਆਂ ਨਾਲ ਇਸ ਮਾਮਲੇ ਵਿਚ ਸੰਪਰਕ ਵਿਚ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਇਹ ਇਕ ਹੈਰਾਨ ਕਰਨ ਵਾਲਾ ਹਾਦਸਾ ਹੈ ਅਤੇ ਅਸੀਂ ਹਰ ਉਹ ਮਦਦ ਕਰਾਂਗੇ ਜੋ ਅਸੀਂ ਕਰ ਸਕਦੇ ਹਾਂ।

## ਮਰਸਡ, ਕੈਲੀਫੋਰਨੀਆ ’ਚ ਪੰਜਾਬੀ ਪਰਿਵਾਰ ਦੇ ਕਾਤਲ ਦਾ ਭਰਾ ਵੀ ਸ਼ਾਜਿਸ਼ ’ਚ ਸ਼ਾਮਿਲ, ਪੁਲਿਸ ਵਲੋਂ ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :- ਬੀਤੇ ਦਿਨੀਂ ਮਰਸਿਡ, ਕੈਲੀਫੋਰਨੀਆ ’ਚ ਪੰਜਾਬੀ ਪਰਿਵਾਰ ਦੇ ਕੀਤੇ ਗਏ ਕਤਲ ਦੀ ਲੜੀ ਤੇ ਕੜੀ ਨੂੰ ਅੱਗੇ ਜੋੜਦਿਆਂ ਪੁਲਿਸ ਉਚ ਅਧਿਕਾਰੀਆਂ ਨੇ ਲੰਘੇ ਸ਼ੁੱਕਰਵਾਰ ਨੂੰ ਘੋਸ਼ਣਾ ਕੀਤੀ ਕਿ ਇੱਕ 8 ਮਹੀਨੇ ਦੀ ਬੱਚੀ ਸਮੇਤ ਇੱਕ ਮਰਸਿਡ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਅਗਵਾ ਕਰਨ ਅਤੇ ਕਤਲ ਕਰਨ ਦੇ ਸ਼ੱਕ ਵਿੱਚ ਹਸੂਸ ਮੈਨੁਅਲ ਸਲਗਾਡੋ ਦੇ ਭਰਾ ਨੂੰ ਉਸਦੀ ਮੱਦਦ ਕਰਨ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬੀ ਭਾਈਚਾਰਾ ਤੇ ਲਾਅ ਇਨਫੋਰਸਮੈਂਟ ਏਜੰਸੀਆਂ ਵੀ ਪਹਿਲਾਂ ਤੋਂ ਹੀ ਇਹ ਕਿਆਫੇ ਲਾ ਰਹੀਆਂ ਸਨ ਕਿ ਇਹ ਵਾਰਦਾਤ ਇਕੱਲਾ ਆਦਮੀ ਨੇਪਰੇ ਨੀਂ ਚਾੜ੍ਹ ਸਕਦਾ। ਇਸੇ ਦੌਰਾਨ



ਹੁਣ ਮਰਸਡ ਕਾਉਂਟੀ ਸ਼ੈਰਿਫ ਦੇ ਦਫਤਰ ਵਲੋਂ ਜਾਰੀ ਬਿਆਨ ਅਨੁਸਾਰ, ਅਲਬਰਟੋ ਸਲਗਾਡੋ ਨੂੰ ਅਪਰਾਧਿਕ ਸਾਜ਼ਿਸ਼, ਸਹਾਇਕ ਅਤੇ ਸਬੂਤ ਨਸ਼ਟ ਕਰਨ ਦੇ ਸ਼ੱਕ ’ਤੇ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੇ ਭਰਾ ਹਸੂਸ ਮੈਨੁਅਲ ਸਲਗਾਡੋ (48) ਨੂੰ ਮੰਗਲਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ’ਤੇ ਹੱਤਿਆ ਅਤੇ ਅਗਵਾ ਦਾ ਮਾਮਲਾ ਦਰਜ ਕੀਤਾ ਗਿਆ ਹੈ। ਜਸਦੀਪ ਸਿੰਘ (36), ਉਸਦੀ ਪਤਨੀ, ਜਸਲੀਨ ਕੌਰ (27), ਜੋੜੇ ਦੀ 8 ਮਹੀਨੇ ਦੀ ਨਬਾਲਗ ਧੀ, ਆਰੋਹੀ ਢੇਰੀ ਉਸਦੇ ਭਰਾ ਅਮਨਦੀਪ ਸਿੰਘ (39) ਨੂੰ ਸੋਮਵਾਰ ਨੂੰ ਸਾਊਥ ਹਾਈਵੇਅ 59 ’ਤੇ ਮਰਸਿਡ ’ਤੇ ਪਰਿਵਾਰਕ ਕਾਰੋਬਾਰ, ਯੂਨੀਸਨ ਟਰੱਕਿੰਗ ਤੋਂ ਬੰਦੂਕ ਦੀ ਨੋਕ ’ਤੇ ਲਿਆ ਗਿਆ। ਜਸਦੀਪ ਅਤੇ ਅਮਨਦੀਪ ਦੇ ਭਰਾ ਸੁਖਦੀਪ ਸਿੰਘ ਨੇ ਪੁਸ਼ਟੀ ਕੀਤੀ ਸੀ ਕਿ ਹਸੂਸ ਸਾਲਗਾਡੋ ਪਰਿਵਾਰ ਦੀ ਕੰਪਨੀ ਲਈ ਕੰਮ ਕਰਦਾ ਸੀ ਜਿਸਨੇ ਕਰੀਬ ਇੱਕ ਮਹੀਨਾ ਉਨ੍ਹਾਂ ਲਈ ਕੰਮ ਕੀਤਾ। ਬੁੱਧਵਾਰ ਨੂੰ ਕਾਉਂਟੀ ਦੀ ਦਰੱਖਤਾਂ ਵਾਲੀ ਥਾਂ ਵਿੱਚ ਲਾਸ਼ਾਂ ਨੂੰ ਲੱਭਣ ਵਾਲੇ ਅਧਿਕਾਰੀਆਂ ਦੁਆਰਾ ਵੀਡੀਓ ਫੁਟੇਜ ਜਾਰੀ ਕੀਤੀ ਗਈ ਸੀ ਜਿਸ ਵਿੱਚ ਦਿਖਾਇਆ ਗਿਆ ਸੀ ਕਿ ਕਿਵੇਂ ਅਲਬਰਟੋ ਸਲਗਾਡੋ ਨੇ ਇਕੋ ਪਰਿਵਾਰ ਦੇ ਚਾਰ ਜੀਆਂ ਨੂੰ ਅਗਵਾ ਕੀਤਾ ਸੀ।ਮਰਸਡ ਕਾਉਂਟੀ ਸ਼ੈਰਿਫ ਵੇਰਨ ਵਾਰਨਕੇ ਨੇ ਪਹਿਲੀ ਪ੍ਰੈਸ ਕਾਨਫਰੰਸ ਵਿਚ ਕਿਹਾ ਸੀ ਕਿ ਸ਼ੱਕੀ ਲਈ ‘ਨਰਕ ਇੱਕ ਖਾਸ ਜਗ੍ਹਾ ਹੈ’। ਵੱਖ-ਵੱਖ ਸ਼ਹਿਰਾਂ ਵਿੱਚ ਇਸ ਕਤਲ ਕੀਤੇ ਗਏ ਪੰਜਾਬੀ ਪਰਿਵਾਰ ਪ੍ਰਤੀ ਕੈਂਡਲ ਲਈਲ ਵਿਜ਼ਲ ਕੀਤਾ ਜਾ ਰਿਹਾ ਹੈ। ਕਈ ਦਿਨਾਂ ਤੋਂ ਸਿਰਫ ਪੰਜਾਬੀ ਭਾਈਚਾਰਾ ਹੀ ਸਦਮੇ ’ਚ ਨਹੀਂ ਹੈ, ਇਸ ਤੋਂ ਇਲਾਵਾ ਬਾਕੀ ਅਮਰੀਕਨ ਸਾਰੇ ਭਾਈਚਾਰੇ ਵੀ ਇਸ ਘਟਨਾ ਪ੍ਰਤੀ ਸੰਵੇਦਨਾ ਜਾਹਰ ਕਰ ਰਹੇ ਹਨ ਤੇ ਸੋਸ਼ਲ ਨੈਟਵਰਕ ’ਤੇ ਦੁੱਖ ਪ੍ਰਗਟ ਕਰ ਰਹੇ ਹਨ।

# ਭਾਈ ਰਾਜੋਆਣਾ ਨੂੰ ਫਾਂਸੀ ਜਾਂ ਉਮਰ ਕੈਦ ?

**➢ ਹੁਣ ਪਹਿਲੀ ਨਵੰਬਰ 2022 ਨੂੰ ਹੋਵੇਗੀ ਪਟੀਸ਼ਨ 'ਤੇ ਹੋਵੇਗੀ ਸੁਣਵਾਈ ➢ ਕੇਂਦਰ ਨੇ ਖ਼ਾਲਸਾ ਪੰਥ ਦੀਆਂ ਭਾਵਨਾਵਾਂ ਨਾਲ ਮਜ਼ਾਕ ਕੀਤਾ : ਸੁਖਬੀਰ**

ਨਵੀਂ ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਨੇ ਬੀਤੇ ਮੰਗਲਵਾਰ ਨੂੰ ਕਿਹਾ ਕਿ 1995 ਵਿਚ ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ 'ਤੇ ਪਹਿਲੀ ਨਵੰਬਰ ਨੂੰ ਤਿੰਨ ਜੱਜਾਂ ਦਾ ਇਕ ਬੈਂਚ ਸੁਣਵਾਈ ਕਰੇਗਾ। ਪਟੀਸ਼ਨ ਵਿਚ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਅਪੀਲ ਕੀਤੀ ਹੈ। ਉਹ ਪਟੀਸ਼ਨ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਸਰਕਾਰ ਕੋਲ ਪੈਂਡਿੰਗ ਹੈ।

ਰਾਜੋਆਣਾ ਦੇ ਵਕੀਲ ਮੁਕੁਲ ਰੋਹਤਗੀ ਨੇ ਚੀਫ ਜਸਟਿਸ ਉਦੈ ਰਮੇਸ਼ ਲਲਿਤ ਦੀ ਪ੍ਰਧਾਨਗੀ ਵਾਲੇ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਦਾ ਮੁਵੱਕਿਲ 26 ਸਾਲਾਂ ਤੋਂ ਜੇਲ੍ਹ ਵਿਚ ਹੈ। ਉਨ੍ਹਾਂ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਆਧਾਰ 'ਤੇ ਉਨ੍ਹਾਂ ਕੋਲ ਇਹ ਇਕ ਠੋਸ ਆਧਾਰ ਹੈ ਕਿ ਸੰਵਿਧਾਨ ਦੀ ਧਾਰਾ 21 (ਜੀਵਨ ਦੀ ਆਜ਼ਾਦੀ ਦੀ ਰੱਖਿਆ ਦਾ ਅਧਿਕਾਰ) ਦੀ ਉਲੰਘਣਾ ਹੋਈ ਹੈ। ਸੁਪਰੀਮ ਕੋਰਟ ਨੇ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦਾ ਫ਼ੈਸਲਾ ਕਰਨ 'ਵਿਚ ਕੇਂਦਰ ਦੇ ਨਾਕਾਮ ਰਹਿਣ ਬਾਰੇ 28 ਸਤੰਬਰ ਨੂੰ ਨਾਖ਼ੁਸ਼ੀ ਪ੍ਰਗਟਾਈ ਸੀ।ਬੀਤੇ ਮੰਗਲਵਾਰ ਦੀ ਸੁਣਵਾਈ ਦੌਰਾਨ ਰੋਹਤਗੀ ਨੇ ਬੈਂਚ ਦੇ ਸਾਹਮਣੇ ਜ਼ੋਰ ਦਿੰਦੇ ਹੋਏ ਕਿਹਾ ਕਿ ਰਾਜੋਆਣਾ ਸਜ਼ਾ ਵਿਚ ਇਸ ਤਰ੍ਹਾਂ ਦੇ ਬਦਲਾਅ ਦਾ ਹੱਕਦਾਰ ਹੈ। ਬੈਂਚ 'ਵਿਚ ਜਸਟਿਸ ਐੱਸਆਰ ਭੱਟ ਤੇ ਜਸਟਿਸ ਬੇਲਾ ਐੱਮ ਤ੍ਰਿਵੇਦੀ ਵੀ ਸ਼ਾਮਿਲ ਹਨ। ਬੈਂਚ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਕੇਂਦਰ ਨੇ ਪਹਿਲਾਂ ਸੁਪਰੀਮ ਕੋਰਟ 'ਵਿਚ ਇਕ ਸਹਿ-ਦੋਸ਼ੀ ਵੱਲੋਂ ਦਾਖ਼ਲ ਅਪੀਲ ਦੇ ਪੈਂਡਿੰਗ ਰਹਿਣ ਦਾ ਹਵਾਲਾ ਦਿੱਤਾ ਸੀ।ਕੋਰਟ ਨੇ ਕਿਹਾ ਕਿ ਉਹ ਦੋਵਾਂ ਵਿਸ਼ਿਆਂ-ਸਹਿ ਦੋਸ਼ੀ ਦੀ ਪੈਂਡਿੰਗ ਅਪੀਲ ਤੇ ਰਾਜੋਆਣਾ ਦੀ ਪਟੀਸ਼ਨ-ਨੂੰ ਇਕ ਹੀ ਦਿਨ ਸੁਣਵਾਈ ਲਈ ਸੂਚੀਬੱਧ ਕਰ ਸਕਦਾ ਹੈ। ਹਾਲਾਂਕਿ, ਰੋਹਤਗੀ ਨੇ ਬੈਂਚ ਨੂੰ ਰਾਜੋਆਣਾ ਦੀ ਪਟੀਸ਼ਨ 'ਤੇ ਵੱਖਰੇ ਤੌਰ 'ਤੇ ਸੁਣਵਾਈ ਕਰਨ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਰਾਜੋਆਣਾ ਜਨਵਰੀ 1996 ਤੋਂ ਜੇਲ੍ਹ ਵਿਚ ਹੈ। ਉਸ ਦੀ ਰਹਿਮ ਦੀ ਪਟੀਸ਼ਨ ਮਾਰਚ 2012 ਵਿਚ ਦਾਖ਼ਲ ਕੀਤੀ ਗਈ ਸੀ। ਉਨ੍ਹਾਂ ਦਾ ਮੁਵੱਕਿਲ 2007 ਤੋਂ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਇਸ 'ਤੇ ਬੈਂਚ ਨੇ ਕਿਹਾ ਕਿ ਰਾਜੋਆਣਾ ਦੀ ਪਟੀਸ਼ਨ ਨੂੰ ਅੰਤਿਮ ਨਿਪਟਾਰੇ ਲਈ ਪਹਿਲੀ ਨਵੰਬਰ 2022 ਦੇ ਦਿਨ ਸੂਚੀਬੱਧ ਕੀਤਾ ਜਾਵੇ। ਬੈਂਚ ਨੇ ਕਿਹਾ ਕਿ ਇਸ ਦੌਰਾਨ ਅਥਾਰਟੀਆਂ ਨੂੰ ਬਣਦੀ ਕਾਰਵਾਈ ਕਰਨ ਦੀ ਛੋਟ ਹੈ।



ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਦੇ ਸਾਬਕਾ ਕਾਂਸਟੇਬਲ ਰਾਜੋਆਣਾ ਨੂੰ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ 31 ਅਗਸਤ 1995 ਨੂੰ ਹੋਏ ਧਮਾਕਿਆਂ ਵਿਚ ਸ਼ਾਮਿਲ ਹੋਣ ਲਈ ਦੋਸ਼ੀ ਠਹਿਰਾਇਆ ਗਿਆ ਸੀ। ਇਸ ਘਟਨਾ ਵਿਚ ਪੰਜਾਬ ਦੇ ਤੱਤਕਾਲੀ ਸੀਐੱਮ ਬੇਅੰਤ ਸਿੰਘ ਤੇ 16 ਹੋਰ ਦੀ ਮੌਤ ਹੋ ਗਈ ਸੀ। ਇਕ ਵਿਸ਼ੇਸ਼ ਅਦਾਲਤ ਨੇ ਰਾਜੋਆਣਾ ਨੂੰ ਜੁਲਾਈ 2007 ਵਿਚ ਮੌਤ ਦੀ ਸਜ਼ਾ ਸੁਣਾਈ ਸੀ ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਵਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਲਈ ਵਾਅਦੇ ਤੋਂ ਮੁੱਕਰਣ 'ਤੇ ਪ੍ਰਤੀਕਰਮ ਜ਼ਾਹਰ ਕਰਦਿਆਂ ਕਿਹਾ ਕਿ ਦਿੱਲੀ ਤਖ਼ਤ ਦੀ ਇਸ ਤੋਂ ਵੱਧ ਕਰੂਰਤਾ ਤੇ ਖ਼ਾਲਸਾ ਪੰਥ ਨਾਲ ਇਸ ਤੋਂ ਵੱਡਾ ਮਜ਼ਾਕ ਕੀ ਹੋਏਗਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪ੍ਰਧਾਨ ਮੰਤਰੀ ਵਲੋਂ ਕੀਤੇ ਵਾਅਦੇ ਨੂੰ ਤੋੜਨ ਲਈ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਦਿਹਾੜੇ ਨੂੰ ਚੁਣਿਆ ਗਿਆ। ਖ਼ਾਲਸਾ ਪੰਥ ਦੀਆਂ ਭਾਵਨਾਵਾਂ ਨਾਲ ਇਸ ਤਰ੍ਹਾਂ ਦੇ ਮਜ਼ਾਕ ਕਰਨ ਲਈ ਕੌਮ ਦੇ ਪਵਿੱਤਰ ਦਿਹਾੜਿਆਂ ਨੂੰ ਚੁਣ ਕੇ ਦਿੱਲੀ ਆਖ਼ਿਰ ਕੀ ਪੈਗਾਮ ਦੇਣਾ ਚਾਹੁੰਦੀ ਹੈ ?

## ਬਰਤਾਨਵੀ ਸੰਸਦ ਮੈਂਬਰ ਵੱਲੋਂ ਸਿੱਖ ਵਿਰੋਧੀ ਨ.ਫਰਤੀ ਅਪਰਾਧਾਂ ਖ਼ਿਲਾ.ਫ ਤੁਰੰਤ ਕਾਰਵਾਈ ਦੀ ਮੰਗ

ਲੰਡਨ:ਬਰਤਾਨੀਆ ਦੀ ਸੰਸਦ ਵਿਚ ਵਿਰੋਧੀ ਧਿਰ ਲੇਬਰ ਪਾਰਟੀ ਦੀ ਸਿੱਖ ਮੈਂਬਰ ਪ੍ਰੀਤ ਕੌਰ ਗਿੱਲ ਨੇ ਯੂਕੇ ਦੇ ਮੰਤਰੀਆਂ ਨੂੰ ਪੱਤਰ ਲਿਖ ਕੇ ਦੇਸ਼ 'ਵਿਚ ਵਧ ਰਹੇ ਸਿੱਖ-ਵਿਰੋਧੀ ਨ.ਫਰਤੀ ਅਪਰਾਧਾਂ ਖ਼ਿਲਾ.ਫ 'ਤੁਰੰਤ ਕਦਮ ਚੁੱਕਣ' ਦਾ ਸੱਦਾ ਦਿੱਤਾ ਹੈ। ਬਰਤਾਨਵੀ ਸਿੱਖਾਂ ਬਾਰੇ ਸਰਬ ਪਾਰਟੀ ਸੰਸਦੀ ਗਰੁੱਪ (ਏਪੀਪੀਜੀ) ਦੀ ਚੇਅਰਮੈਨ ਵਜੋਂ ਗਿੱਲ ਨੇ ਭਾਰਤੀ ਮੂਲ ਦੀ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਤੇ ਭਾਈਚਾਰਿਆਂ ਬਾਰੇ ਮੰਤਰੀ ਸਾਈਮਨ ਕਲਾਰਕ ਨੂੰ ਸਾਂਝਾ ਪੱਤਰ ਲਿਖਿਆ ਹੈ। ਪੱਤਰ ਵਿਚ ਸੰਸਦ ਮੈਂਬਰ ਨੇ ਹਾਲ ਹੀ ਵਿਚ ਰਿਲੀਜ਼ ਹੋਏ ਨ.ਫਰਤੀ ਅਪਰਾਧਾਂ ਬਾਰੇ ਗ੍ਰਹਿ ਵਿਭਾਗ ਦੇ ਅੰਕੜਿਆਂ ਦਾ ਹਵਾਲਾ ਦਿੱਤਾ ਹੈ। ਇਹ ਅੰਕੜੇ ਮਾਰਚ 2022 ਤੱਕ ਦੇ ਹਨ। ਪ੍ਰੀਤ ਗਿੱਲ ਨੇ ਕਿਹਾ, 'ਮੈਂ ਇਨ੍ਹਾਂ ਨਵੇਂ ਅੰਕੜਿਆਂ ਬਾਰੇ ਕਾ.ਫੀ ਚਿੰਤਤ ਹਾਂ। 2021-22 ਦੌਰਾਨ ਸਿੱਖਾਂ ਖ਼ਿਲਾ.ਫ 301 ਨ.ਫਰਤੀ ਅਪਰਾਧ ਹੋਏ ਹਨ ਜੋ ਕਿ 2020 ਨਾਲੋਂ 112 ਵੱਧ ਹਨ। ਇਸ ਤਰ੍ਹਾਂ ਸਿੱਖਾਂ ਵਿਰੋਧੀ ਨ.ਫਰਤੀ ਅਪਰਾਧਾਂ 'ਚ 169 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ ਜਦਕਿ ਕੁੱਲ ਮਿਲਾ ਕੇ ਧਾਰਮਿਕ ਨ.ਫਰਤੀ ਅਪਰਾਧ 38 ਪ੍ਰਤੀਸ਼ਤ ਵਧੇ ਹਨ।' ਲੇਬਰ ਸੰਸਦ ਮੈਂਬਰ ਨੇ ਪੱਤਰ ਵਿਚ ਇਸ ਖ਼ਤਰਨਾਕ ਰੁਝਾਨ ਬਾਰੇ ਤੁਰੰਤ ਕਦਮ ਚੁੱਕਣ ਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨ.ਫਰਤੀ ਅਪਰਾਧਾਂ ਦੀ ਰਿਪੋਰਟਿੰਗ ਬਾਰੇ ਏਪੀਪੀਜੀ ਦੀਆਂ ਸਿ.ਫਾਰਸ਼ਾਂ ਲਾਗੂ ਕਰਨ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਹਾਲ ਹੀ ਵਿਚ ਮਾਨਚੈਸਟਰ ਵਿਚ ਵਾਪਰੀ ਇਕ ਘਟਨਾ ਦਾ ਹਵਾਲਾ ਵੀ ਦਿੱਤਾ ਜਿੱਥੇ ਸਿੱਖ ਭਾਈਚਾਰੇ ਦੇ ਆਗੂ ਅਵਤਾਰ ਗਿੱਲ 'ਤੇ ਹਮਲਾ ਕੀਤਾ ਗਿਆ ਸੀ।



## ਕੈਲੀਫੋਰਨੀਆ 'ਚ ਦੋ ਮਹੀਨੇ ਪਹਿਲਾਂ ਲਾਪਤਾ ਹੋਈ ਔਰਤ ਦੀ ਲਾਸ਼ ਮਿਲੀ

ਸੈਕਰਾਮੈਂਟੋ 12 ਅਕਤੂਬਰ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਦੀ 2 ਮਹੀਨੇ ਤੋਂ ਵਧ ਸਮਾਂ ਪਹਿਲਾਂ ਲਾਪਤਾ ਹੋਈ ਜੋਲਿਸਾ ਫੂਨਟਸ (22) ਸਾਲਾ ਔਰਤ ਦੀ ਲਾਸ਼ ਸੀਰਾ ਨੇਵਾਡਾ ਦੀਆਂ ਪਹਾੜੀਆਂ ਵਿਚ ਉਸ ਦੀ ਹਾਦਸਾਗ੍ਰਸਤ ਹੋਈ ਕਾਰ ਵਿਚੋਂ ਬਰਾਮਦ ਹੋਈ ਹੈ। ਜੋਲਿਸਾ ਨੂੰ ਆਖ਼ਰੀ ਵਾਰ 6 ਅਗਸਤ ਨੂੰ ਵੇਖਿਆ ਗਿਆ ਸੀ ਜਿੱਥੇ ਉਹ ਇਕ ਸਮਾਗਮ ਵਿਚ ਮੌਜੂਦ ਸੀ। ਉਹ ਆਪਣਾ ਕੁਝ ਸਮਾਨ ਲੈਣ ਲਈ ਰਾਤ ਵੇਲੇ ਘਰ ਗਈ ਸੀ। ਪਰਿਵਾਰ ਨੇ 7 ਅਗਸਤ ਦੀ ਰਾਤ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਸੀ। ਕੁਝ ਦਿਨ ਉਸ ਦੀ ਭਾਲ ਕਰਨ ਉਪਰੰਤ ਪੁਲਿਸ ਨੇ ਕਿਹਾ ਸੀ ਕਿ ਉਹ ਇਸ ਮਾਮਲੇ ਨੂੰ ਅਪਰਾਧਕ ਮਾਮਲੇ ਵਜੋਂ ਨਜਿੱਠ ਰਹੀ ਹੈ। ਇਸ ਮਾਮਲੇ ਦੀ ਜਾਂਚ ਸੈਲਮਾ ਪੁਲਿਸ ਮੁਖੀ ਰੂਡੀ ਅਲਕਾਰਾਜ਼ ਦੀ ਅਗਵਾਈ ਵਿਚ ਚੱਲ ਰਹੀ ਸੀ।



## ਕੌਮਾਂਤਰੀ ਸਿੱਖ ਸਲਾਹਕਾਰ ਬੋਰਡ ਬਣਾਏਗੀ ਸ਼੍ਰੋਮਣੀ ਕਮੇਟੀ

### ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਹੋਇਆ ਫ਼ੈਸਲਾ



ਅੰਮ੍ਰਿਤਸਰ:ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਸਿੱਖ ਸੰਸਥਾ ਦਾ ਪਸਾਰਾ ਕੌਮਾਂਤਰੀ ਪੱਧਰ 'ਤੇ ਕਰਨ ਨੂੰ ਸਹਿਮਤੀ ਦਿੱਤੀ ਗਈ ਹੈ। ਇਸ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ 'ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ' ਦਾ ਗਠਨ ਕੀਤਾ ਜਾਵੇਗਾ। ਇਸੇ ਦੌਰਾਨ ਵੱਖ-ਵੱਖ ਦੇਸ਼ਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਉਪ ਦਫ਼ਤਰ ਖੋਲ੍ਹਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਸਾਕਾ ਪੰਜਾ ਸਾਹਿਬ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਭਾਰਤ ਅਤੇ ਪਾਕਿਸਤਾਨ ਵਿੱਚ 26 ਤੋਂ 30 ਅਕਤੂਬਰ ਤਕ ਮਨਾਉਣ ਦਾ ਵੀ ਫ਼ੈਸਲਾ ਲਿਆ ਗਿਆ ਹੈ। ਇਸ ਸਬੰਧੀ ਲਗਪਗ 200 ਮੈਂਬਰਾਂ ਦਾ ਜਥਾ ਪਾਕਿਸਤਾਨ ਜਾਵੇਗਾ।ਇਹ ਫ਼ੈਸਲੇ ਇਥੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਹਨ।

ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਿਸ਼ਵ ਵਿਆਪੀ ਸਿੱਖ ਮਸਲਿਆਂ ਦੀ ਬੇਹਤਰ ਪੈਰਵਾਈ ਲਈ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਸਥਾਪਤ ਕਰੇਗੀ। ਇਸ ਦੇ ਨਾਲ ਹੀ ਵਿਦੇਸ਼ਾਂ ਵਿੱਚ ਗੁਰਦੁਆਰੇ ਸਥਾਪਤ ਕਰਕੇ ਸੰਸਥਾ ਦੇ ਉੱਪ ਦਫ਼ਤਰ ਖੋਲ੍ਹੇ ਜਾਣਗੇ। ਇਸ ਸਬੰਧੀ ਅਮਰੀਕਾ ਸਥਿਤ ਯੂਬਾ ਸਿਟੀ 'ਵਿਚ ਪਹਿਲਾਂ ਹੀ ਕਾਰਵਾਈ ਆਰੰਭੀ ਹੋਈ ਹੈ। ਉਨ੍ਹਾਂ ਦੱਸਿਆ ਕਿ ਕੌਮੀ ਰਾਜਧਾਨੀ ਦਿੱਲੀ ਵਿੱਚ ਵੀ ਸ਼੍ਰੋਮਣੀ ਕਮੇਟੀ ਗੁਰਦੁਆਰਾ ਬਣਾ ਕੇ ਉਪ ਦਫ਼ਤਰ ਖੋਲ੍ਹੇਗੀ। (**ਬਾਕੀ ਸ.ਫਾ 30 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**

Designer: **Anil Kumar** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਗ਼ਦਰੀ ਬਾਬਿਆਂ ਦੀ ਯਾਦ ਵਿੱਚ ਮੋਢੀ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਵੱਲੋਂ ਦੋ ਦਿਨਾ ਕਾਨਫਰੰਸ ਯਾਦਗਾਰੀ ਹੋ ਨਿੱਬੜੀ



ਦੋ ਦਿਨਾ ਕਾਨ.ਫਰੰਸ ਮੌਕੇ ਬੁਲਾਰਿਆਂ ਅਤੇ ਸੰਗਤਾਂ ਦੀਆਂ ਤਸਵੀਰਾਂ ਅਤੇ ਸਨਮਾਨਤ ਕੀਤੇ ਜਾਣ ਦੇ ਦ੍ਰਿਸ਼।

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਗ਼ਦਰ ਲਹਿਰ ਦਾ ਬੂਟਾ ਲਾਉਣ ਵਾਲੀ ਮੋਢੀ ਸੰਸਥਾਪਕ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਵੱਲੋਂ 110ਵੇਂ ਸਥਾਪਨਾ ਦਿਹਾੜੇ ਮੌਕੇ ਦੋ ਦਿਨਾ ਕਾਨਫਰੰਸ ਕਰਵਾਈ। ਇਸ ਮੌਕੇ 'ਤੇ ਵੱਖ-ਵੱਖ ਵਿਸ਼ਿਆਂ 'ਤੇ ਲੈਕਚਰ ਕਰਵਾਏ ਗਏ ਅਤੇ ਸੰਗਤਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਮੌਕੇ ਤੇ ਬੁਲਾਰਿਆਂ ਨੇ ਗ਼ਦਰ ਲਹਿਰ ਦੇ ਇਤਿਹਾਸ ਨੂੰ ਵਿਗਾੜਨ ਵਾਲੇ ਬਿਰਤਾਂਤ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ।

ਬੀਸੀ ਤੋਂ ਪਹੁੰਚੇ ਸਿੱਖ ਵਿਦਵਾਨ ਡਾ. ਗੁਰਵਿੰਦਰ ਸਿੰਘ, ਚਿੰਤਕ ਸ. ਅਮਰੀਕ ਸਿੰਘ, ਪ੍ਰਿੰਸੀਪਲ ਸਵਰਨਜੀਤ ਸਿੰਘ ਤੋਂ ਇਲਾਵਾ ਅਮਰੀਕਾ ਦੇ ਜੰਮਪਲ ਡਾ. ਅੰਮ੍ਰਿਤ ਕੌਰ ਦਿਓਲ ਅਤੇ ਗ਼ਦਰ 'ਤੇ ਪੀਐਚ ਡੀ ਕਰ ਰਹੇ ਤੇਜਪਾਲ ਸਿੰਘ ਸਣੇ ਕਈ ਵਿਦਵਾਨਾਂ ਨੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਇਤਿਹਾਸਕ ਹਵਾਲਿਆਂ ਨਾਲ ਇਹ ਸਿੱਧ ਕੀਤਾ ਕਿ ਗ਼ਦਰ ਲਹਿਰ ਦੇ ਅਸਲ ਬਿਰਤਾਂਤ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਵਿਰਾਸਤ ਨਾਲੋਂ ਤੋੜ ਕੇ ਖੱਬੇਪੱਖੀ ਧਾਰਨਾਵਾਂ ਨਾਲ ਜਬਰੀ ਜੋੜਿਆ ਜਾਣਾ ਇੱਕ ਸਾਜ਼ਿਸ਼ ਹੈ। ਦੂਜੀ ਤੇ ਆਖ਼ਰੀ ਦਿਨ ਦੀ ਕਾਨ.ਫਰੰਸ ਮੌਕੇ ਡਾ. ਗੁਰਵਿੰਦਰ ਸਿੰਘ ਵੱਲੋਂ ਪੰਜ ਮਤੇ ਸੰਗਤਾਂ ਦੇ ਸਨਮੁੱਖ ਪੇਸ਼ ਕੀਤੇ ਗਏ, ਜੋ ਸਰਬਸੰਮਤੀ ਨਾਲ ਪਾਸ ਕੀਤੇ ਗਏ। ਮਤਿਆਂ ਵਿਚ ਸਿੰਘ ਸਭਾ ਲਹਿਰ ਦੇ 150ਵੇਂ ਸਥਾਪਨਾ ਦਿਵਸ ਮਨਾਉਣ, ਗਿਆਨੀ ਦਿੱਤ ਸਿੰਘ ਦੀ ਤਸਵੀਰ ਲੰਗਰ ਹਾਲ ਵਿਚ ਸਜਾਉਣ, ਉਨ੍ਹਾਂ ਦੀ ਲਿਖਤ 'ਸਾਧੂ ਦਯਾਨੰਦ ਨਾਲ ਮੇਰੇ ਸੰਵਾਦ' ਪ੍ਰਕਾਸ਼ਤ ਕਰਨ, ਖ਼ਾਲਸਾ ਦੀਵਾਨ ਸੰਸਥਾਵਾਂ ਦੇ ਸੰਵਿਧਾਨ ਦੇ ਰਚੇਤਾ 'ਪ੍ਰੋ.ਫ਼ੈਸਰ ਤੇਜਾ ਸਿੰਘ ਦਿਹਾੜਾ' ਘੋਸ਼ਿਤ ਕਰਵਾਉਣ, ਬੱਬਰ ਅਕਾਲੀ ਲਹਿਰ ਦੇ ਯੋਧਿਆਂ ਦੀ ਸ਼ਤਾਬਦੀ ਮਨਾਉਣ ਅਤੇ ਵਿਸ਼ੇਸ਼ ਕਰਕੇ, ਗ਼ਦਰੀ ਬਾਬਿਆਂ ਵੱਲੋਂ ਸ਼ੁਰੂ ਕੀਤੇ ਗਏ ਗੁਰੂ ਗੋਬਿੰਦ ਸਿੰਘ ਸਾਹਿਬ ਸਕਾਲਰਸ਼ਿਪ ਮੁੜ ਆਰੰਭ ਕਰਨ ਦੇ ਲਈ, ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ ਗਈ। ਇਸ ਦੌਰਾਨ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਦੇ ਸੰਬੰਧ 'ਚ ਮਰਹੂਮ ਸ. ਪਾਲ ਸਿੰਘ ਪੁਰੇਵਾਲ ਦੀ ਪੁਸਤਕ ਲੋਕ ਅਰਪਣ ਕੀਤੀ ਗਈ। ਸੰਗਤਾਂ ਅਤੇ ਪ੍ਰਬੰਧਕਾਂ ਵੱਲੋਂ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਯਾਦਗਾਰੀ ਹੋ ਨਿਬੜਿਆ।

# ਤਿੰਨ ਅਮਰੀਕੀ ਵਿਗਿਆਨੀਆਂ ਨੂੰ ਮਿਲਿਆ ਅਰਥ ਸ਼ਾਸਤਰ ਦਾ ਨੋਬੇਲ ਪੁਰਸਕਾਰ



ਸਟਾਕਹੋਮ/ਏ.ਟੀ.ਨਿਊਜ਼ :- ਅਰਥਸ਼ਾਸਤਰ ਵਿਚ ਇਸ ਸਾਲ ਦਾ ਨੋਬੇਲ ਪੁਰਸਕਾਰ ਤਿੰਨ ਅਮਰੀਕੀ ਵਿਗਿਆਨੀਆਂ ਦੇ ਹਿੱਸੇ ਆਇਆ ਹੈ। ਇਨ੍ਹਾਂ ਅਰਥਸ਼ਾਸਤਰੀਆਂ ਵਿਚ ਅਮਰੀਕੀ ਫੈਡਰਲ ਰਿਜ਼ਰਵ ਦੇ ਸਾਬਕਾ ਮੁਖੀ ਬੈੱਨ ਐੱਸ. ਬਰਨਾਨਕੇ, ਡਗਲਸ ਡਬਲਿਊ. ਡਾਇਮੰਡ ਤੇ ਫਿਲਿਪ ਐਚ. ਡਾਇਬਵਿਗ ਸ਼ਾਮਲ ਹਨ। ਇਨ੍ਹਾਂ ਨੂੰ ਇਹ ਸਨਮਾਨ ਬੈਂਕਾਂ ਤੇ ਵਿੱਤੀ ਸੰਕਟਾਂ 'ਤੇ ਕੀਤੇ ਖੋਜ ਕਾਰਜਾਂ ਲਈ ਦਿੱਤਾ ਗਿਆ ਹੈ। ਪੁਰਸਕਾਰ ਜੇਤੂਆਂ ਬਾਰੇ ਐਲਾਨ ਰਾਇਲ ਸਵੀਡਿਸ਼ ਅਕੈਡਮੀ ਆਫ ਸਾਇੰਸਿਜ਼ ਨੇ ਸਟਾਕਹੋਮ ਵਿਚ ਕੀਤਾ।

# ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ 23 ਨੂੰ ਹੋਵੇਗਾ



ਫਰਿਜ਼ਨੋ, ਕੈਲੀਫੋਰਨੀਆਂ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :- ਯਮਲਾ ਜੱਟ ਫਾਉਡੇਸ਼ਨ ਦੇ ਮੁੱਖ ਮੈਂਬਰਾਂ ਦੀ ਬੀਤੇ ਦਿਨੀਂ ਇੱਕ ਮੀਟਿੰਗ ਹੋਈ। ਇਸ ਮਟਿੰਗ ਵਿੱਚ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ ਮੇਲੇ ਦੇ ਸਬੰਧ ਵਿਚ ਰੂਪ ਰੇਖਾ ਤਿਆਰ ਕੀਤੀ ਗਈ। ਇਸ ਸਾਲ ਮੇਲਾ 23 ਅਕਤੂਬਰ 2022 ਦਿਨ ਐਤਵਾਰ ਬਾਅਦ ਦੁਪਹਿਰ 1 ਵਜੇ ਤੋ ਲੈ ਕੇ ਸ਼ਾਮ 6 ਵਜੇ ਤੱਕ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਪਿਛਲੇ ਸਾਲ ਦੀ ਤਰ੍ਹਾਂ ਮਨਾਇਆ ਜਾਵੇਗਾ। ਇਸ ਮੇਲੇ ਵਿੱਚ ਬਹੁਤ ਸਾਰੇ ਨਾਮਵਰ ਗਇਕ ਵੀ ਪਹੁੰਚ ਰਹੇ ਹਨ। ਜਿਨ੍ਹਾਂ ਵਿੱਚ ਵਿਸ਼ੇਸ਼ ਲੋਕਾਂ ਦੀ ਪੁਰਜ਼ੋਰ ਮੰਗ 'ਤੇ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ, ਬੀਬੀ ਜੋਤ ਰਣਜੀਤ, ਐਚ. ਐਸ. ਭਜਨ, ਦਿਲਦਾਰ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ, ਉਅੰਕਾਰ ਗਿੱਲ, ਪੱਪੂ ਬਰਾੜ, ਅਕਾਸ਼ਦੀਪ ਅਕਾਸ਼, ਰਾਜੇਸ਼ ਰਾਜੂ, ਸੁਰਜੀਤ ਮਾਛੀਵਾੜਾ, ਗੌਗੀ ਸੰਧੂ, ਰਾਜ ਬਰਾੜ ਅਤੇ ਹਰਦੇਵ ਸਿੱਧੂ ਆਦਿਕ ਹਮੇਸ਼ਾ ਵਾਂਗ ਆਪਣੀ ਗਾਇਕੀ ਦਾ ਰੰਗ ਬੰਨਣਗੇ। ਇਸ ਮੇਲੇ ਵਿੱਚ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਦਾ ਰੰਗ ਪੇਸ਼ ਕਰਨ ਵਾਲੇ ਗਾਇਕਾ ਨੂੰ ਖਾਸ ਤੌਰ 'ਤੇ ਖੁੱਲੇ ਅਖਾੜੇ ਵਿੱਚ ਗਾਉਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਹਿੱਸਾ ਲੈਣ ਵਾਲੇ ਸਾਰੇ ਕਲਾਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੇਲੇ ਵਿੱਚ ਦਾਖਲਾ ਅਤੇ ਲੰਗਰਾਂ ਦਾ ਫਰੀ ਪ੍ਰਬੰਧ ਹੋਵੇਗਾ। ਇਸੇ ਤਰ੍ਹਾਂ ਬੱਚਿਆ ਅਤੇ ਬੀਬੀਆ ਦੇ ਬੈਠਣ ਲਈ ਵੀ ਉਚੇਚੇ ਪ੍ਰਬੰਧ ਕੀਤੇ ਜਾਣਗੇ। ਵਧੇਰੇ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਰਾਜਿੰਦਰ ਬਰਾੜ ਨਾਲ ਫੋਨ (559) 824-9028 'ਤੇ ਸੰਪਰਕ ਕੀਤਾ ਜਾ ਸਕਦਾ ਹੈ।



**ਦਰਪਣ ਝੂਠ ਨਹੀਂ ਬੋਲਦਾ**

# ਖ਼ਾਲਿਸਤਾਨ ਰੈਫਰੈਂਡਮ ਕਾਰਨ ਭਾਰਤ ਤੇ ਕੈਨੇਡਾ ਵਿਚਾਲੇ ਵਧਿਆ ਤਣਾਅ



ਖਾਲਿਸਤਾਨ ਕਾਰਨ ਭਾਰਤ ਅਤੇ ਕੈਨੇਡਾ ਵਿਚ ਬਣ ਰਹੇ ਦੋਸਤੀ ਦੇ ਆਸਾਰ ਇਕ ਵਾਰ ਫਿਰ ਤਿੜਕਦੇ ਜਾਪ ਰਹੇ ਹਨ। ਕੈਨੇਡਾ ਵਿਚ ਸਿੱਖਜ਼ ਫਾਰ ਜਸਟਿਸ ਵਲੋਂ ਖ਼ਾਲਿਸਤਾਨ ਦੇ ਹੱਕ ਵਿਚ ਸ਼ੁਰੂ ਕੀਤਾ ਗਿਆ ਰੈਫਰੈਂਡਮ (ਜਨਮਤ ਸੰਗ੍ਰਹਿ) ਭਾਰਤ ਅਤੇ ਕੈਨੇਡਾ ਵਿਚ ਤਣਾਅ ਦਾ ਕਾਰਨ ਬਣ ਰਿਹਾ ਹੈ।

19 ਸਤੰਬਰ, 2022 ਨੂੰ ਸਿੱਖਜ਼ ਫਾਰ ਜਸਟਿਸ ਨੇ ਕੈਨੇਡਾ ਦੇ ਸੂਬੇ ਓਂਟਾਰੀਓ ਦੇ ਦੂਜਾ ਪੰਜਾਬ ਸਮਝੇ ਜਾਂਦੇ ਸ਼ਹਿਰ ਬਰੈਂਪਟਨ ਵਿਚ ਜਦੋਂ ਖ਼ਾਲਿਸਤਾਨ ਪੱਖੀ ਰੈਫਰੈਂਡਮ ਕੀਤਾ ਤਾਂ ਉਸ ਬਾਰੇ ਐਮ.ਐਫ.ਜੇ. ਵਲੋਂ ਜਾਰੀ ਵੀਡੀਓ ਵਿਚ ਸਿਖ ਔਰਤਾਂ ਅਤੇ ਮਰਦਾਂ ਦੀਆਂ ਲੰਮੀਆਂ ਕਤਾਰਾਂ ਜਨਮੱਤ ਸੰਗ੍ਰਹਿ ਲਈ ਵੋਟਾਂ ਪਾਉਂਦੀਆਂ ਦਿਖਾਈਆਂ ਗਈਆਂ ਹਨ। ਇਸ ਜਨਮੱਤ ਸੰਗ੍ਰਹਿ ਵਿਚ 1 ਲੱਖ ਤੋਂ ਵਧੇਰੇ ਸਿੱਖਾਂ ਦੇ ਸ਼ਾਮਿਲ ਹੋਣ ਦੇ ਦਾਅਵੇ ਕੀਤੇ ਗਏ ਹਨ। ਭਾਵੇਂ ਭਾਰਤੀ ਪੱਖ ਇਨ੍ਹਾਂ ਨੂੰ ਵਧਾਅ-ਚੜ੍ਹਾਅ ਕੇ ਕੀਤੇ ਗਏ ਦਾਅਵੇ ਕਰਾਰ ਦਿੰਦਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਕ ਟਿੱਪਣੀ ਵਿਚ ਇਸ ਜਨਮੱਤ ਸੰਗ੍ਰਹਿ ਨੂੰ ਸਖ਼ਤ ਇਤਰਾਜ਼ਯੋਗ ਕਰਾਰ ਦਿੱਤਾ ਤੇ ਕਿਹਾ ਕਿ ਇਹ ਖਾਲਿਸਤਾਨੀ ਤੱਤਾਂ ਵਲੋਂ ਸਿਆਸੀ ਤੌਰ 'ਤੇ ਪ੍ਰੇਰਿਤ ਅਭਿਆਸ ਹੈ, ਜਿਸ ਨੂੰ ਕੈਨੇਡਾ ਵਰਗੇ 'ਦੋਸਤਾਨਾ ਦੇਸ਼' ਵਿਚ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਗਈ।

ਸਮਝਿਆ ਜਾਂਦਾ ਹੈ ਕਿ ਇਸੇ ਗੁੱਸੇ ਵਿਚ ਹੀ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਕ ਸਲਾਹ ਜਾਰੀ ਕਰ ਦਿੱਤੀ ਕਿ ਕੈਨੇਡਾ ਵਿਚ ਰਹਿੰਦੇ ਜਾਂ ਗਏ ਭਾਰਤੀ, ਕੈਨੇਡਾ ਵਿਚ ਵਧਦੇ ਨਫ਼ਰਤੀ ਅਪਰਾਧਾਂ (ਹੇਟ ਕ੍ਰਾਈਮਜ਼) ਨਸਲਵਾਦ ਅਤੇ ਵੱਖਵਾਦੀ ਸਰਗਰਮੀਆਂ ਤੋਂ ਚੌਕਸ ਰਹਿਣ। ਦੂਜੇ ਪਾਸੇ ਕੈਨੇਡਾ ਸਰਕਾਰ ਨੇ ਵੀ ਇਸ ਨੂੰ ਅਣਗੌਲਿਆਂ ਕਰਨ ਦੀ ਬਜਾਏ ਇਸ ਨੂੰ ਅਜੀਬ ਕਰਾਰ ਦਿੱਤਾ ਤੇ ਕਿਹਾ ਕਿ ਕੈਨੇਡਾ ਵਿਚ ਇਨ੍ਹਾਂ ਦਿਨਾਂ ਵਿਚ ਨਫ਼ਰਤੀ ਅਪਰਾਧਾਂ ਦੀ ਦਰ ਘਟੀ ਹੈ, ਵਧੀ ਨਹੀਂ। ਕੈਨੇਡਾ ਨੇ ਵੀ ਭਾਰਤ ਦੀ ਸਲਾਹ ਦੇ ਜਵਾਬ ਵਿਚ ਜਵਾਬੀ ਕਾਰਵਾਈ ਕਰਦਿਆਂ ਆਪਣੇ ਨਾਗਰਿਕਾਂ ਤੇ ਸੈਲਾਨੀਆਂ ਨੂੰ ਸਲਾਹ ਦੇ ਦਿੱਤੀ ਕਿ ਉਹ ਭਾਰਤੀ ਸਰਹੱਦ ਦੇ ਨਾਲ ਲਗਦੇ ਸੂਬਿਆਂ ਜਿਨ੍ਹਾਂ ਵਿਚ ਪੰਜਾਬ, ਰਾਜਸਥਾਨ ਤੇ ਗੁਜਰਾਤ ਵੀ ਸ਼ਾਮਿਲ ਹਨ, ਵਿਚ ਜਾਣ ਤੋਂ ਬਚਣ ਕਿਉਂਕਿ ਉਥੇ ਅਣਚੱਲੇ ਬੰਬਾਂ ਅਤੇ ਬਾਰੂਦੀ ਸੁਰੰਗਾਂ ਆਦਿ ਦਾ ਖ਼ਤਰਾ ਹੈ। ਜਦੋਂ ਕਿ ਅਸਲ ਵਿਚ ਇਨ੍ਹਾਂ ਤਿੰਨਾਂ ਪ੍ਰਦੇਸ਼ਾਂ ਵਿਚ ਅਜਿਹਾ ਕੋਈ ਵੱਡਾ ਖ਼ਤਰਾ ਦਰਪੇਸ਼ ਨਹੀਂ ਹੈ। ਭਾਰਤੀ ਸੂਤਰ ਕਹਿੰਦੇ ਹਨ ਕਿ ਇਸ ਜਨਮੱਤ ਦੇ ਅਭਿਆਸ ਨੂੰ ਵੱਡੇ ਪੱਧਰ 'ਤੇ ਪੈਸਾ ਦਿੱਤਾ ਜਾ ਰਿਹਾ ਹੈ। ਖਾਲਿਸਤਨੀਆਂ ਨੇ ਰੈਫਰੈਂਡਮ ਵਿਚ ਸ਼ਾਮਿਲ ਹੋਣ ਵਾਲੇ ਭਾਰਤੀਆਂ ਖ਼ਾਸ ਕਰ ਕੇ ਵਿਦਿਆਰਥੀਆਂ ਨੂੰ ਭਾਰਤੀ ਏਜੰਸੀਆਂ ਵਲੋਂ ਇਨ੍ਹਾਂ ਵਿਚ ਸ਼ਾਮਿਲ ਹੋਣ ਤੋਂ ਰੋਕਣ ਲਈ ਦਿੱਤੀਆਂ ਜਾਣ ਵਾਲੀਆਂ ਸੰਭਾਵਿਤ ਧਮਕੀਆਂ ਖਿਲਾਫ਼ ਕਾਨੂੰਨੀ ਸਹਾਇਤਾ ਦੇਣ ਦਾ ਵੀ ਵਾਅਦਾ ਕੀਤਾ ਹੈ।

ਬੇਸ਼ੱਕ ਕੈਨੇਡਾ ਨੇ ਨਿਯਮਤ ਰੂਪ ਵਿਚ ਕਿਹਾ ਹੈ ਕਿ ਉਹ ਵੱਖਰੇ ਸਿੱਖ ਰਾਸ਼ਟਰ ਨੂੰ ਸਮਰਥਨ ਦਿਵਾਉਣ ਵਾਲੇ ਇਸ ਜਨਮੱਤ ਸੰਗ੍ਰਹਿ ਨੂੰ ਮਾਨਤਾ ਨਹੀਂ ਦਿੰਦਾ। ਪਰ ਭਾਰਤ ਦਾ ਸਟੈਂਡ ਹੈ ਕਿ ਪੰਜਾਬ ਵਿਚ ਹਿੰਸਾ ਅਤੇ ਖ਼ੂਨ ਖ਼ਰਾਬੇ ਦਾ ਪਿਛਲਾ ਲੰਮਾ ਦੌਰ ਵੀ ਇਸੇ ਤਰ੍ਹਾਂ ਦੀਆਂ ਉਕਸਾਉਣ ਵਾਲੀਆਂ ਕਾਰਵਾਈਆਂ ਦਾ ਹੀ ਨਤੀਜਾ ਸੀ। ਇਸ ਲਈ ਕੈਨੇਡਾ ਸਰਕਾਰ ਨੂੰ ਅਜਿਹੇ ਜਨਮੱਤ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਇਸ ਦਰਮਿਆਨ ਖ਼ਾਲਿਸਤਾਨ ਪੱਖੀਆਂ ਦਾ ਕਹਿਣਾ ਹੈ ਕਿ ਇਹ ਜਨਮੱਤ ਸੰਗ੍ਰਹਿ ਪੂਰੀ ਤਰ੍ਹਾਂ ਇਕ ਸ਼ਾਂਤੀਪੂਰਨ ਪ੍ਰਕਿਰਿਆ ਹੈ ਤੇ ਉਹ ਵੱਖ-ਵੱਖ ਥਾਵਾਂ 'ਤੇ ਇਸ ਨੂੰ ਜਾਰੀ ਰੱਖਣਗੇ। ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਇਸ ਮਾਮਲੇ ਵਿਚ ਭਾਰਤ ਸਰਕਾਰ ਸਿੱਖਜ਼ ਆਫ਼ ਜਸਟਿਸ ਦੇ ਖਿਲਾਫ਼ ਕਾਰਵਾਈ ਕਰਵਾਉਣ ਲਈ ਕੈਨੇਡਾ ਸਰਕਾਰ 'ਤੇ ਦਬਾਅ ਜਾਰੀ ਰੱਖੇਗੀ। ਇਸ ਦਰਮਿਆਨ ਭਾਰਤ ਦੇ ਹਾਈ ਕਮਿਸ਼ਨ ਨੇ ਬਰੈਂਪਟਨ ਦੇ ਭਗਵਤ ਗੀਤਾ ਪਾਰਕ ਵਿਚ ਭੰਨ-ਤੋੜ ਦੇ ਕਥਿਤ ਇਲਜ਼ਾਮਾਂ ਨੂੰ ਵੀ ਨਫ਼ਰਤੀ ਕਾਰਵਾਈ ਦੱਸਦਿਆਂ ਇਸ ਦੀ ਜਾਂਚ ਕਰਕੇ ਦੋਸ਼ੀਆਂ ਖਿਲਾਫ਼ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ। ਪਰ ਸਥਾਨਕ ਪੀਲ ਪੁਲਿਸ ਨੇ ਕਿਹਾ ਹੈ ਕਿ ਇਸ ਪਾਰਕ ਦੇ ਢਾਂਚੇ ਵਿਚ ਭੰਨ-ਤੋੜ ਦੇ ਕੋਈ ਸਬੂਤ ਨਹੀਂ ਹਨ। ਇਹ ਤਾਂ ਠੇਕੇਦਾਰ ਵਲੋਂ ਛੱਡਿਆ ਅਧੂਰਾ ਕੰਮ ਹੈ। ਪਾਰਕ ਦਾ ਸਥਾਈ ਚਿੰਨ੍ਹ ਆਦਿ ਅਜੇ ਲਗਾਇਆ ਜਾਣਾ ਬਾਕੀ ਹੈ।ਇਨ੍ਹਾਂ ਹਾਲਤਾਂ ਵਿਚ ਭਾਰਤ ਅਤੇ ਕੈਨੇਡਾ ਵਿਚ ਆਉਣ ਵਾਲੇ ਦਿਨਾਂ ਵਿਚ ਤਣਾਅ ਵਧਣ ਦੇ ਅਸਾਰ ਜ਼ਿਆਦਾ ਦਿਖਾਈ ਦੇ ਰਹੇ ਹਨ ਕਿਉਂਕਿ ਜਦੋਂ ਤੱਕ ਸਿੱਖਜ਼ ਫਾਰ ਜਸਟਿਸ ਦੀ ਜਨਮੱਤ ਸੰਗ੍ਰਹਿ ਮੁਹਿੰਮ ਸ਼ਾਂਤੀਪੂਰਨ ਤੇ ਵਿਚਾਰ ਪ੍ਰਗਟਾਵੇ ਤੱਕ ਸੀਮਤ ਰਹੇਗੀ, ਉਦੋਂ ਤੱਕ ਕੈਨੇਡਾ ਸਰਕਾਰ ਵਲੋਂ ਉਸ 'ਤੇ ਕੋਈ ਪਾਬੰਦੀ ਲਗਾਏ ਜਾਣ ਦੇ ਅਸਾਰ ਨਹੀਂ ਹਨ।

ਅਸਲ ਵਿਚ ਕੈਨੇਡਾ ਵਿਚ ਜਨਮੱਤ ਸੰਗ੍ਰਹਿਆਂ (ਰੈਫਰੈਂਡਮ) ਦਾ ਲੰਮਾ ਇਤਿਹਾਸ ਹੈ, ਜਿਨ੍ਹਾਂ ਵਿਚ ਰੈਫਰੈਂਡਮ ਦੇਸ਼ ਵਿਚਲੀਆਂ ਨੀਤੀਆਂ ਨੂੰ ਬਦਲਣ ਜਾਂ ਲਾਗੂ ਰੱਖਣ ਲਈ ਕੌਮੀ ਪੱਧਰ 'ਤੇ ਵੀ ਹੁੰਦੇ ਰਹੇ ਹਨ ਅਤੇ ਕਈ ਵੱਖ-ਵੱਖ ਮਾਮਲਿਆਂ ਵਿਚ ਸੂਬਾ ਪੱਧਰ 'ਤੇ ਵੀ ਹੋਏ ਹਨ। ਇਥੋਂ ਤੱਕ ਕਿ ਸਭ ਤੋਂ ਵੱਧ ਚਰਚਿਤ ਰੈਫਰੈਂਡਮ ਕਿਊਬਿਕ ਸੂਬੇ ਦੇ ਹਨ ਜੋ ਉਸ ਨੇ ਆਪਣੀ ਪ੍ਰਭੂਸੱਤਾ ਬਾਰੇ ਕਰਵਾਏ ਸਨ। ਇਨ੍ਹਾਂ ਵਿਚੋਂ ਪਹਿਲਾ 1980 ਵਿਚ ਕਿਊਬਿਕ ਨੂੰ ਪ੍ਰਭੂਸੱਤਾ ਦੇਣ ਲਈ ਕਰਵਾਇਆ ਗਿਆ ਸੀ, ਜਿਸ ਵਿਚ ਕੋਈ ਵੀ ਧਿਰ ਜੇਤੂ ਨਹੀਂ ਰਹੀ ਸੀ ਤੇ ਦੂਸਰਾ ਅਕਤੂਬਰ 1995 ਵਿਚ 'ਬਦਲਵੀਂ ਸਾਂਝੇਦਾਰੀ ਦੇ ਨਾਲ ਪ੍ਰਭੂਸੱਤਾ' ਦੇ ਵਿਸ਼ੇ 'ਤੇ ਹੋਇਆ ਸੀ। ਪਰ ਫਿਰ ਵੀ ਕੋਈ ਧਿਰ ਜੇਤੂ ਨਹੀਂ ਸੀ ਰਹੀ। ਇਸ ਲਈ ਖਾਲਿਸਤਾਨ ਪੱਖੀ ਜਨਮੱਤ ਸੰਗ੍ਰਹਿ ਜਾਰੀ ਰਹਿਣ ਦੇ ਅਸਾਰ ਹਨ ਤੇ ਇਸ 'ਤੇ ਭਾਰਤ ਦਾ ਤਿੱਖਾ ਪ੍ਰਤੀਕਰਮ ਵੀ ਸੰਭਾਵਿਤ ਹੈ, ਜਿਸ ਨਾਲ ਭਾਰਤ ਕੈਨੇਡਾ ਦੇ ਸੰਬੰਧਾਂ ਵਿਚ ਦਰਾੜ ਚੌੜੀ ਹੋ ਸਕਦੀ ਹੈ।

# ਖ਼ਾਲਿਸਤਾਨੀਆਂ ਦਾ ਮੁੱਦਾ ਭਾਰਤ ਨੇ ਕੈਨੇਡਾ ਕੋਲ ਉਠਾਇਆ

## ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਕਿਹਾ ਕਿ ਲੋਕਤੰਤਰਿਕ ਅਜ਼ਾਦੀ ਦਾ ਨਜਾਇਜ਼ ਫਾਇਦਾ ਉਠਾ ਰਹੀਆਂ ਨੇ 'ਹਿੰਸਕ ਤੇ ਕੱਟੜਵਾਦੀ ਤਾਕਤਾਂ'



ਕੈਨਬਰਾ/ਏ.ਟੀ.ਨਿਊਜ਼ :- ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਦੱਸਿਆ ਕਿ ਕੈਨੇਡਾ ਵਿਚ ਸਰਗਰਮ ਖਾਲਿਸਤਾਨੀ ਤਾਕਤਾਂ ਦਾ ਮੁੱਦਾ ਭਾਰਤ ਨੇ ਉੱਥੋਂ ਦੀ ਸਰਕਾਰ ਕੋਲ ਉਠਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਇਹ ਯਕੀਨੀ ਬਣਾਉਣ ਦੀ ਲੋੜ ਉਤੇ ਜ਼ੋਰ ਦਿੱਤਾ ਹੈ ਕਿ ਲੋਕਤੰਤਰਿਕ ਸਮਾਜ ਵਿਚ ਮਿਲੀਆਂ ਆਜ਼ਾਦੀਆਂ ਦੀ ਉਨ੍ਹਾਂ ਤਾਕਤਾਂ ਨੂੰ ਦੁਰਵਰਤੋਂ ਨਾ ਕਰਨ ਦਿੱਤੀ ਜਾਵੇ ਜੋ ਅਸਲ ਵਿਚ 'ਹਿੰਸਾ' ਤੇ 'ਕੱਟੜਵਾਦ' ਦੀ ਹਾਮੀ ਭਰਦੀਆਂ ਹਨ।

ਪਿਛਲੇ ਕੁਝ ਹਫ਼ਤਿਆਂ ਦੌਰਾਨ ਕੈਨੇਡਾ ਵਿਚ ਭਾਰਤ ਵਿਰੋਧੀ ਗਤੀਵਿਧੀਆਂ ਵਧੀਆਂ ਹਨ। ਜੈਸ਼ੰਕਰ ਨੇ ਇਹ ਟਿੱਪਣੀਆਂ ਆਪਣੀ ਆਸਟਰੇਲਿਆਈ ਹਮਰੁਤਬਾ ਪੈਨੀ ਵੌਂਗ ਨਾਲ ਇੱਥੇ ਇਕ ਸਾਂਝੀ ਮੀਡੀਆ ਕਾਨਫਰੰਸ ਦੌਰਾਨ ਕੀਤੀਆਂ। ਜੈਸ਼ੰਕਰ ਨੇ ਕਿਹਾ, 'ਸਮੇਂ-ਸਮੇਂ ਅਸੀਂ ਕੈਨੇਡਾ ਦੀ ਸਰਕਾਰ ਨਾਲ ਰਾਬਤਾ ਕੀਤਾ ਹੈ। ਮੈਂ ਖ਼ੁਦ ਵੀ ਇਸ ਮੁੱਦੇ (ਖਾਲਿਸਤਾਨ) ਉਤੇ ਆਪਣੇ ਕੈਨੇਡੀਅਨ ਹਮਰੁਤਬਾ ਨਾਲ ਗੱਲ ਕੀਤੀ ਹੈ।' ਉਨ੍ਹਾਂ ਕਿਹਾ ਕਿ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ ਕਿ ਲੋਕਤੰਤਰ ਕਿਵੇਂ ਕੰਮ ਕਰਦਾ ਹੈ, ਬਾਹਰਲੇ ਲੋਕਤੰਤਰਾਂ ਦੀ ਦੂਜੇ ਲੋਕਤੰਤਰਿਕ ਮੁਲਕਾਂ ਪ੍ਰਤੀ ਜ਼ਿੰਮੇਵਾਰੀ ਵੀ ਬਣਦੀ ਹੈ। ਸਿਰਫ਼ ਆਪਣੇ ਘਰ ਵਿਚ ਹੀ ਨਹੀਂ ਬਲਕਿ ਦੂਜੇ ਦੇਸ਼ਾਂ ਦੀਆਂ ਲੋਕਤੰਤਰਿਕ ਕਦਰਾਂ-ਕੀਮਤਾਂ ਦਾ ਖਿਆਲ ਰੱਖਣ ਦੀ ਵੀ ਲੋੜ ਹੈ। ਦੱਸਣਯੋਗ ਹੈ ਕਿ 15 ਸਤੰਬਰ ਨੂੰ ਬੀਏਪੀਐੱਸ ਸਵਾਮੀਨਾਰਾਇਣ ਮੰਦਰ ਟੋਰਾਂਟੋ ਨੂੰ 'ਕੈਨੇਡੀਅਨ ਖਾਲਿਸਤਾਨੀ ਕੱਟੜਵਾਦੀਆਂ' ਵੱਲੋਂ ਨੁਕਸਾਨ ਪਹੁੰਚਾਇਆ ਗਿਆ ਸੀ ਤੇ ਇਸ ਉਤੇ ਭਾਰਤ-ਵਿਰੋਧੀ ਸ਼ਬਦ ਲਿਖ ਦਿੱਤੇ ਗਏ ਸਨ। 23ਸਤੰਬਰ ਨੂੰ ਭਾਰਤ ਨੇ ਕੈਨੇਡਾ ਵਿਚ ਹੋ ਰਹੀ 'ਖਾਲਿਸਤਾਨ ਰਾਇਸ਼ੁਮਾਰੀ' 'ਤੇ ਵੀ ਸਖ਼ਤ ਇਤਰਾਜ਼ ਜਤਾਇਆ ਸੀ।

ਭਾਰਤ ਨੇ ਕਿਹਾ ਸੀ ਕਿ ਕਿਸੇ ਮਿੱਤਰ ਮੁਲਕ ਵਿਚ ਇਸ ਤਰ੍ਹਾਂ ਦੀਆਂ 'ਸਿਆਸਤ ਤੋਂ ਪ੍ਰੇਰਿਤ' ਗਤੀਵਿਧੀਆਂ ਦਾ ਹੋਣਾ ਇਤਰਾਜ਼ਯੋਗ ਹੈ। ਕੈਨੇਡਾ ਦੀ ਯਾਤਰਾ ਬਾਰੇ ਭਾਰਤ ਵੱਲੋਂ ਜਾਰੀ ਚਿਤਾਵਨੀਆਂ ਦੇ ਮੁੱਦੇ 'ਤੇ ਜੈਸ਼ੰਕਰ ਨੇ ਕਿਹਾ, 'ਅਸੀਂ ਇਸ ਬਾਰੇ ਬਹੁਤ ਸਪੱਸ਼ਟ ਹਾਂ। ਜਦ ਅਸੀਂ ਯਾਤਰਾ ਬਾਰੇ ਹਦਾਇਤਾਂ ਜਾਰੀ ਕਰਦੇ ਹਾਂ ਤਾਂ ਇਹ ਸਾਡੇ ਨਾਗਰਿਕਾਂ ਦੀ ਸੁਰੱਖਿਆ ਨਾਲ ਜੁੜੀਆਂ ਹੁੰਦੀਆਂ ਹਨ। ਇਸ ਤੋਂ ਵੱਧ ਇਨ੍ਹਾਂ ਵਿਚ ਹੋਰ ਕੁੱਝ ਨਹੀਂ ਹੁੰਦਾ।'

ਜ਼ਿਕਰਯੋਗ ਹੈ ਕਿ ਭਾਰਤ ਵੱਲੋਂ ਜਾਰੀ ਚਿਤਾਵਨੀਆਂ ਤੋਂ ਬਾਅਦ ਕੈਨੇਡਾ ਨੇ ਵੀ ਉਸੇ ਤਰਜ਼ 'ਤੇ ਭਾਰਤ ਦੀ ਯਾਤਰਾ ਲਈ ਚਿਤਾਵਨੀਆਂ ਜਾਰੀ ਕਰ ਦਿੱਤੀਆਂ ਸਨ।।ਇਸ ਨਾਲ ਭਾਰਤ ਨੂੰ ਚਿੰਤਾ ਹੋ ਗਈ ਸੀ।ਉਸ ਤੋਂ ਬਾਅਦ ਭਾਰਤ ਨੇ ਕਿਹਾ ਸੀ ਕਿ ਕੈਨੇਡਾ ਵਿਚ ਵਾਪਰੀਆਂ ਨਫ਼ਰਤੀ ਅਪਰਾਧਾਂ ਦੀਆਂ ਘਟਨਾਵਾਂ ਖ਼ਿਲਾਫ਼ ਉੱਥੋਂ ਦੀ ਅਥਾਰਟੀ ਨੇ ਬਣਦੀ ਕਾਰਵਾਈ ਨਹੀਂ ਕੀਤੀ ਹੈ।

# ਰੂਸ ਦੇ ਮਿਜ਼ਾਈਲ ਹਮਲੇ ਨਾਲ ਦਹਿਲਿਆ ਕੀਵ, 8 ਦੀ ਮੌਤ, 24 ਜ਼ਖ਼ਮੀ



ਕੀਵ/ਏ.ਟੀ.ਨਿਊਜ਼ :- ਰੂਸ ਨੇ ਯੂਕਰੇਨ ਦੀ ਰਾਜਧਾਨੀ ਕੀਵ ਸਮੇਤ ਕਈ ਸ਼ਹਿਰਾਂ 'ਤੇ ਭਿਆਨਕ ਮਿਜ਼ਾਈਲ ਹਮਲੇ ਕੀਤੇ ਹਨ। ਕੀਵ 'ਤੇ ਘੱਟੋ-ਘੱਟ ਚਾਰ ਮਿਜ਼ਾਈਲਾਂ ਡਿੱਗੀਆਂ ਹਨ। ਇਸ ਤੋਂ ਇਲਾਵਾ ਯੂਕਰੇਨ ਦੇ ਹੋਰ ਸ਼ਹਿਰਾਂ 'ਤੇ ਵੀ ਰੂਸੀ ਮਿਜ਼ਾਈਲ ਹਮਲੇ ਹੋਏ ਹਨ। ਯੂਕਰੇਨ ਵਿੱਚ ਰੂਸ ਦੇ ਵੱਡੇ ਮਿਜ਼ਾਈਲ ਹਮਲੇ ਦੇ ਮੱਦੇਨਜ਼ਰ ਸੁਰੱਖਿਆ ਲਈ ਬੇਸਮੈਂਟ ਵਿੱਚ ਆਏ ਬੱਚੇ ਯੂਕਰੇਨ ਦਾ ਰਾਸ਼ਟਰੀ ਗੀਤ ਗਾ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੀਵ ਵਿਚ 8 ਨਾਗਰਿਕ ਮਾਰੇ ਗਏ ਅਤੇ 24 ਲੋਕ ਜ਼ਖਮੀ ਹੋ ਗਏ। ਹਮਲੇ ਤੋਂ ਬਾਅਦ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਕਿ ਦੇਸ਼ ਭਰ ਦੇ ਸ਼ਹਿਰਾਂ ਵਿਚ ਹੋਏ ਕਈ ਹਮਲਿਆਂ 'ਚ ਕਈ ਲੋਕਾਂ ਦੇ ਮਾਰੇ ਜਾਣ ਅਤੇ ਕਈ ਜ਼ਖਮੀ ਹੋਣ ਦੀ ਖਬਰ ਹੈ।ਯੂਕਰੇਨ ਦੇ ਕਮਾਂਡਰ-ਇਨ-ਚੀਫ਼ ਵੈਲੇਰੀ ਜ਼ਲੁਜ਼ਨੀ ਨੇ ਕਿਹਾ ਕਿ ਸਵੇਰ ਤੋਂ ਯੂਕਰੇਨ 'ਤੇ 75 ਰਾਕੇਟ ਦਾਗੇ ਗਏ ਹਨ। ਉਨ੍ਹਾਂ ਵਿੱਚੋਂ 41 ਨੂੰ ਸਾਡੀ ਹਵਾਈ ਰੱਖਿਆ ਪ੍ਰਣਾਲੀ ਨੇ ਮਾਰ ਦਿੱਤਾ ਹੈ। ਜਦੋਂ ਕਿ ਸੋਮਵਾਰ ਸਵੇਰੇ ਘੱਟੋ-ਘੱਟ ਚਾਰ ਮਿਜ਼ਾਈਲਾਂ ਯੂਕਰੇਨ ਦੀ ਰਾਜਧਾਨੀ ਕੀਵ 'ਤੇ ਡਿੱਗਣ ਦੀ ਖਬਰ ਹੈ। ਇਸ ਤੋਂ ਪਹਿਲਾਂ ਰੂਸ ਨੇ ਜ਼ਾਪੋਰਿਜ਼ਝਿਆ ਅਤੇ ਬੰਦਰਗਾਹ ਸ਼ਹਿਰ ਮਾਈਕੋਲਾਈਵ 'ਤੇ ਮਿਜ਼ਾਈਲਾਂ ਨਾਲ ਹਮਲਾ ਕੀਤਾ ਸੀ। ਦੱਸਿਆ ਜਾ ਰਿਹਾ ਹੈ ਕਿ ਯੂਕਰੇਨ ਵਿੱਚ ਹੋਏ ਹਮਲਿਆਂ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਜਦੋਂ ਕਿ ਰੂਸ ਨੇ ਯੂਕਰੇਨ ਦੇ ਪੱਛਮੀ ਖੇਤਰ ਲਵੀਵ ਵਿੱਚ ਊਰਜਾ ਸਹੂਲਤਾਂ ਸਮੇਤ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾ ਕੇ ਮਿਜ਼ਾਈਲ ਹਮਲੇ ਕੀਤੇ। ਯੂਕਰੇਨ ਦੇ ਸ਼ਹਿਰਾਂ 'ਤੇ ਰੂਸ ਦੇ ਮਿਜ਼ਾਈਲ ਹਮਲਿਆਂ ਨੂੰ ਵਲਾਦੀਮੀਰ ਪੁਤਿਨ ਦੁਆਰਾ ਕ੍ਰੀਮੀਅਨ ਪੁਲ 'ਤੇ ਬੰਬ ਧਮਾਕੇ ਦੀ ਪ੍ਰਤੀਕ੍ਰਿਆ ਵਜੋਂ ਵਿਆਪਕ ਤੌਰ 'ਤੇ ਦੇਖਿਆ ਜਾਂਦਾ ਹੈ। ਜੰਗ ਵਿੱਚ ਆਪਣੇ ਨੁਕਸਾਨ ਨੂੰ ਕਾਬੂ ਕਰਨ ਵਿੱਚ ਅਸਮਰੱਥ, ਪੁਤਿਨ ਨੇ ਹੁਣ ਆਮ ਯੂਕਰੇਨੀ ਜਨਤਾ ਨੂੰ ਡਰਾਉਣ ਅਤੇ ਮਾਰਨ ਦਾ ਰਾਹ ਚੁਣਿਆ ਹੈ। ਸੱਤ ਮਹੀਨੇ ਪੁਰਾਣੇ ਯੁੱਧ ਵਿੱਚ ਰੂਸ ਆਪਣੀ ਹਾਰ ਮੰਨਣ ਲਈ ਤਿਆਰ ਨਹੀਂ ਹੈ। ਮਾਸਕੋ ਨੇ ਕ੍ਰੀਮੀਆ ਨੂੰ ਰੂਸ ਨਾਲ ਜੋੜਨ ਵਾਲੇ ਪੁਲ 'ਤੇ ਹੋਏ ਘਾਤਕ ਧਮਾਕੇ ਲਈ ਯੂਕਰੇਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਕ ਦਿਨ ਬਾਅਦ, ਯੂਕਰੇਨ ਦੇ ਸ਼ਹਿਰਾਂ 'ਤੇ ਭਿਆਨਕ ਮਿਜ਼ਾਈਲ ਹਮਲੇ ਕੀਤੇ ਗਏ।

# ਸਾਕਾ ਨਕੋਦਰ ਗੋਲੀ ਕਾਂਡ ਦੇ ਇਨਸਾਫ਼ ਲਈ ਹਲਕਾ ਵਿਧਾਇਕਾ ਨੂੰ ਦਿੱਤਾ ਮੰਗ ਪੱਤਰ

## ਵਿਧਾਇਕਾ ਵਲੋਂ ਹਾਈ ਕੋਰਟ ਦੇ ਹੁਕਮਾਂ ਦੀ ਤਾਮੀਲ ਹਿੱਤ ਜਲਦ ਮੁੱਖ ਮੰਤਰੀ ਦੇ ਧਿਆਨ ਵਿਚ ਮਾਮਲਾ ਲਿਆਉਣ ਦਾ ਭਰੋਸਾ

ਨਕੋਦਰ/ਏ.ਟੀ.ਨਿਊਜ਼ :- ਬਹੁਚਰਚਿਤ ਸਾਕਾ ਨਕੋਦਰ ਦੇ ਸਬੰਧ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹਾਲੀਆ ਨਿਰਦੇਸ਼ਾਂ ਦੀ ਪਾਲਣਾ ਦੀ ਮੰਗ ਹਿੱਤ ਵਿਧਾਨ ਸਭਾ ਹਲਕਾ ਨਕੋਦਰ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਇੰਦਰਜੀਤ ਕੌਰ ਮਾਨ ਨੂੰ ਇਕ ਮੰਗ ਪੱਤਰ ਸੌਂਪਿਆ ਗਿਆ। ਸਾਕਾ ਨਕੋਦਰ ਦੇ ਸ਼ਹੀਦਾਂ ਚੋਂ ਇਕ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ ਵੱਲੋਂ ਨਕੋਦਰ ਵਿਧਾਇਕਾ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਹਾਈ ਕੋਰਟ ਦੇ ਤਾਜ਼ਾ ਹੁਕਮਾਂ ਬਾਰੇ ਜਾਣੂ ਕਰਵਾਉਂਦਿਆਂ ਦੱਸਿਆ ਗਿਆ ਕਿ ਸਾਕਾ ਨਕੋਦਰ ਦੀ ਜਾਂਚ ਲਈ ਗਠਿਤ ਕੀਤੇ ਗਏ ਜਸਟਿਸ (ਸੇਵਾਮੁਕਤ) ਗੁਰਨਾਮ ਸਿੰਘ ਦੀ ਅਗਵਾਈ ਵਾਲੇ ਕਮਿਸ਼ਨ ਦੀ ਰਿਪੋਰਟ 5 ਮਾਰਚ 2001 ਨੂੰ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਖਾਨਾ ਪੂਰਤੀ ਲਈ ਬਕਾਇਦਾ ਤੌਰ ਤੇ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕਰ ਦਿੱਤੀ ਗਈ ਸੀ। ਪਰ ਉਸ ਤੋਂ ਬਾਅਦ ਬੜੇ ਹੀ 'ਰਹੱਸਮਈ' ਤਰੀਕੇ ਨਾਲ ਰਿਪੋਰਟ ਦਾ ਦੂਜਾ ਅਤੇ ਅਹਿਮ ਭਾਗ ਗੁੰਮ ਹੋ ਗਿਆ ਹੈ। ਇਸ ਸੰਬੰਧ ਵਿਚ ਐਡਵੋਕੇਟ ਹਰੀ ਚੰਦ ਅਰੋੜਾ ਰਾਹੀਂ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ। ਦੱਸਣਯੋਗ ਹੈ ਕਿ ਰਿਪੋਰਟ ਦੇ ਗੁੰਮ ਹੋਏ ਦੂਜੇ ਹਿੱਸੇ ਵਿਚ ਗਵਾਹਾਂ ਦੇ ਹਲਫਨਾਮੇ, ਬਿਆਨ ਅਤੇ ਕਈ ਹੋਰ ਅਹਿਮ ਤੱਥ ਸ਼ਾਮਲ ਹਨ, ਜੋ ਕਿ ਨਕੋਦਰ ਗੋਲੀ ਕਾਂਡ ਲਈ ਜ਼ਿੰਮੇਵਾਰ ਤਤਕਾਲੀ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਦੇ ਖਿਲਾਫ਼ ਕਾਰਵਾਈ ਕਰਨ ਲਈ ਅਸਰਦਾਰ ਸਾਬਿਤ ਹੋ ਸਕਦੇ ਹਨ। ਹਲਕਾ ਵਿਧਾਇਕਾ ਨੇ ਬਾਪੂ ਬਲਦੇਵ ਸਿੰਘ ਜੀ ਨੂੰ ਬਹੁਤ ਹੀ ਗੰਭੀਰਤਾ ਨਾਲ ਸੁਣਨ ਉਪਰੰਤ ਇਹ ਮਾਮਲਾ ਜਲਦ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਚੁੱਕਣ ਦਾ ਭਰੋਸਾ ਦਿੱਤਾ ਹੈ। ਇਸ ਸੰਬੰਧ ਵਿਚ ਹਾਈਕੋਰਟ ਦੁਆਰਾ ਵਿਸ਼ੇਸ਼ ਜਾਂਚ ਟੀਮ (ਸਿੱਟ) ਗਠਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਵਿਧਾਇਕਾ ਵੱਲੋਂ ਵਿਸ਼ੇਸ਼ ਜਾਂਚ ਟੀਮ ਦੇ ਗਠਨ ਦਾ ਵੀ ਭਰੋਸਾ ਦਿੱਤਾ ਗਿਆ ਹੈ।

### ਇਨਸਾਫ਼ ਲਈ ਆਪਣੇ ਆਖ਼ਰੀ ਸਾਹ ਤਕ ਲੜਾਂਗਾ : ਬਾਪੂ ਬਲਦੇਵ ਸਿੰਘ ਲਿੱਤਰਾਂ



ਜ਼ਿਕਰਯੋਗ ਹੈ ਕਿ ਨਕੋਦਰ ਦੇ ਗੁਰਦੁਆਰਾ ਗੁਰੂ ਅਰਜਨ ਸਾਹਿਬ ਵਿੱਚ 2 ਫ਼ਰਵਰੀ 1986 ਨੂੰ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਅਗਨ ਭੇਟ ਕਰ ਦਿੱਤੇ ਗਏ ਸਨ। ਜਾਣਕਾਰੀ ਅਨੁਸਾਰ ਉਸ ਵੇਲੇ ਪੁਲਿਸ ਨੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾ ਰਹੇ ਲੋਕਾਂ 'ਤੇ ਅੰਨੇਵਾਹ ਗੋਲੀਆਂ ਚਲਾਈਆਂ ਸਨ, ਜਿਸ ਕਾਰਨ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ , ਭਾਈ ਝਿਲਮਣ ਸਿੰਘ ਗੋਰਸੀਆਂ ਤੇ ਭਾਈ ਹਰਮਿੰਦਰ ਸਿੰਘ ਚਲੂਪੁਰ ਸ਼ਹੀਦ ਹੋ ਗਏ ਸਨ। ਇਨ੍ਹਾਂ ਨੌਜਵਾਨਾਂ ਦੀਆਂ ਲਾਸ਼ਾਂ ਵੀ ਵਾਰਸਾਂ ਹਵਾਲੇ ਨਹੀਂ ਸੀ ਕੀਤੀਆਂ ਗਈਆਂ।

ਇਸ ਗੋਲੀ ਕਾਂਡ ਦੀ ਜਾਂਚ ਉਸ ਵੇਲੇ ਅਕਾਲੀ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਦੇ ਕਮਿਸ਼ਨ ਤੋਂ ਕਰਵਾਈ ਸੀ। ਅਦਾਲਤੀ ਜਾਂਚ ਰਿਪੋਰਟ ਦੇ ਦੋ ਭਾਗ ਸਨ, ਪਰ ਹੁਣ ਤੱਕ ਇਸ ਦਾ ਸਿਰਫ਼ ਇੱਕ ਭਾਗ ਹੀ ਪੇਸ਼ ਕੀਤਾ ਗਿਆ ਹੈ ਤੇ ਉਹ ਵੀ ਬਿਨਾਂ ਕਿਸੇ ਬਹਿਸ ਤੇ ਐਕਸ਼ਨ ਟੇਕਨ ਰਿਪੋਰਟ ਦੇ। ਦੂਜੇ ਭਾਗ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ 31 ਅਕਤੂਬਰ 1986 ਨੂੰ ਸਰਕਾਰ ਨੂੰ ਪੇਸ਼ ਕੀਤੀ ਗਈ ਸੀ, ਕਾਨੂੰਨ ਮੁਤਾਬਿਕ ਸਰਕਾਰ ਨੇ ਅਦਾਲਤੀ ਜਾਂਚ ਰਿਪੋਰਟ ਨੂੰ 6 ਮਹੀਨਿਆਂ ਦੇ ਵਿੱਚ ਵਿਧਾਨ ਸਭਾ ਦੀ ਸਲੀਬ ਤੇ ਰੱਖਕੇ ਬਹਿਸ ਕਰਵਾਉਣੀ ਹੁੰਦੀ ਹੈ ਤੇ ਨਾਲ ਐਕਸ਼ਨ ਟੇਕਨ ਰਿਪੋਰਟ ਜਾਰੀ ਕਰਨੀ ਹੁੰਦੀ ਹੈ। 13 ਫ਼ਰਵਰੀ 2019 ਦੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਸਪੀਕਰ ਰਾਣਾ ਕੇ ਪੀ ਸਿੰਘ ਨੇ ਦੱਸਿਆ ਸੀ ਕਿ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਜਾਂਚ ਰਿਪੋਰਟ 5 ਮਾਰਚ 2001 ਨੂੰ ਵਿਧਾਨ ਸਭਾ ਵਿੱਚ ਬਿਨਾ ਕਿਸੇ ਐਕਸ਼ਨ ਟੇਕਨ ਰਿਪੋਰਟ ਦੇ ਪੇਸ਼ ਹੋਈ ਸੀ ਅਤੇ ਇਹ ਵਿਧਾਨ ਸਭਾ ਦੀ ਲਾਇਬ੍ਰੇਰੀ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। 16 ਫ਼ਰਵਰੀ 2019 ਨੂੰ ਤੇਤੀ ਸਾਲਾਂ ਬਾਅਦ ਰਿਪੋਰਟ ਦਾ ਪਹਿਲਾ ਭਾਗ ਮਿਲਿਆ ਸੀ। ਰਿਪੋਰਟ ਮਿਲਣ ਤੋਂ ਬਾਅਦ 8 ਮਾਰਚ 2019 ਨੂੰ ਜਦੋਂ ਹਾਈ ਕੋਰਟ ਵਿੱਚ ਕੇਸ ਕੀਤਾ ਤਾਂ ਓਥੇ ਪਤਾ ਲੱਗਾ ਕਿ ਰਿਪੋਰਟ ਦਾ ਦੂਜਾ ਭਾਗ (ਸਬੂਤ, ਮਹੱਤਵਪੂਰਨ ਦਸਤਾਵੇਜ਼ ਤੇ ਪੁਲਿਸ, ਪ੍ਰਸ਼ਾਸਨ ਦੀਆਂ ਗਵਾਹੀਆਂ ਵਾਲੀ ਫ਼ਾਈਲ) ਗੁੰਮ ਹੈ। ਇਸ ਤੋਂ ਬਾਅਦ ਬਾਪੂ ਬਲਦੇਵ ਸਿੰਘ ਵਲੋਂ ਅਦਾਲਤੀ ਜਾਂਚ ਰਿਪੋਰਟ ਦੇ ਦੂਸਰੇ ਭਾਗ ਦੇ ਗੁੰਮ ਹੋਣ ਸੰਬੰਧੀ ਕੀਤੀ ਪਟੀਸ਼ਨ ਤੇ ਕਾਰਵਾਈ ਕਰਦਿਆਂ ਹਾਈਕੋਰਟ ਵਲੋਂ ਹਾਲ ਹੀ ਵਿੱਚ ਪੰਜਾਬ ਸਰਕਾਰ ਨੂੰ ਸਾਕਾ ਨਕੋਦਰ ਦੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਦੇ 'ਗੁਆਚੇ' ਭਾਗ -2 ਸਬੰਧੀ 'ਸਿਟ' ਬਣਾਉਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ।

# ਅੰਮ੍ਰਿਤਪਾਲ ਸਿੰਘ ਦਾ ਟਵਿੱਟਰ ਅਕਾਊਂਟ ਬੰਦ, ਕੇਂਦਰ ਸਰਕਾਰ ਦੀ ਵੱਡੀ ਕਾਰਵਾਈ

## ਰਾਜਾ ਵੜਿੰਗ ਨੇ ਵੀ ਕੀਤੀ ਸੀ ਕਾਰਵਾਈ ਦੀ ਮੰਗ




ਚੰਡੀਗੜ੍ਹ/ਏ.ਟੀ.ਨਿਊਜ਼ :- ਕੇਂਦਰ ਸਰਕਾਰ ਨੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਵੱਡੀ ਕਾਰਵਾਈ ਕਰਦੇ ਹੋਏ ਉਨ੍ਹਾਂ ਦਾ ਟਵਿੱਟਰ ਅਕਾਊਂਟ ਬੰਦ ਕਰ ਦਿੱਤਾ ਹੈ। ਟਵਿੱਟਰ 'ਤੇ ਅੰਮ੍ਰਿਤਪਾਲ ਸਿੰਘ ਦੇ ਲਗਭਗ 11 ਹਜ਼ਾਰ ਫਾਲੋਅਰਸ ਸਨ। ਦਰਅਸਲ, ਕਾਨੂੰਨੀ ਮੰਗ ਦੇ ਜਵਾਬ ਵਿਚ ਭਾਰਤ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਦੇ ਟਵਿੱਟਰ ਅਕਾਊਂਟ 'ਤੇ ਇਹ ਕਾਰਵਾਈ ਕੀਤੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵਲੋਂ ਵੀ ਅੰਮ੍ਰਿਤਪਾਲ ਸਿੰਘ ਦੀ ਬਿਆਨਬਾਜ਼ੀ ਖ਼ਿਲਾਫ਼ ਇਤਰਾਜ਼ ਜਤਾਉਂਦਿਆਂ ਕਾਰਵਾਈ ਦੀ ਮੰਗ ਕੀਤੀ ਗਈ ਹੈ।ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੱਤਰ ਲਿਖ ਕੇ ਅੰਮ੍ਰਿਤਪਾਲ ਸਿੰਘ ਦੀਆਂ ਗਤੀਵਿਧੀਆਂ ਦਾ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਫਿਰ ਤੋਂ ਪੰਜਾਬ ਨੂੰ ਵੱਖਵਾਦ ਅਤੇ ਮੌਤਾਂ ਦੇ ਦੌਰ ਵਿਚ ਨਹੀਂ ਧੱਕ ਸਕਦੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਜਾਨ ਅਤੇ ਖ਼ੂਨ ਬਹੁਤ ਪਵਿੱਤਰ ਹਨ, ਜੋ ਡੋਲੇ ਨਹੀਂ ਜਾ ਸਕਦੇ ਅਤੇ ਨਾ ਹੀ ਕਾਲਪਨਿਕ ਸ਼ਿਕਾਇਤਾਂ ਕਾਰਨ ਬਰਬਾਦ ਕੀਤੇ ਜਾ ਸਕਦੇ ਹਨ। ਪੱਤਰ ਵਿਚ ਰਾਜਾ ਵੜਿੰਗ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੇ 29 ਸਤੰਬਰ ਨੂੰ ਮੋਗਾ ਦੇ ਪਿੰਡ ਰੋਡੇ 'ਚ ਹੋਏ ਸਮਾਗਮ ਤੋਂ ਲੋਕਾਂ ਵਿਚ ਕਈ ਖ਼ਦਸ਼ੇ ਪੈਦਾ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਸ ਧਾਰਮਿਕ ਸਮਾਗਮ 'ਚ ਜਿਸ ਤਰ੍ਹਾਂ ਦੇ ਭਾਸ਼ਣ ਦਿੱਤੇ ਗਏ ਹਨ, ਉਸ ਕਾਰਨ ਲੋਕਾਂ ਵਿਚ ਡਰ ਦਾ ਮਾਹੌਲ ਹੈ। ਉਨ੍ਹਾਂ ਲਿਖਿਆ ਕਿ ਇਸ ਸਮਾਗਮ ਵਿਚ ਅੰਮ੍ਰਿਤ ਪਾਲ ਨੇ ਬਹੁਤ ਹੀ ਭੜਕਾਊ ਦਲੀਲਾਂ ਦਿੱਤੀਆਂ ਹਨ। ਇਹ ਮਾਹੌਲ ਖ਼ਰਾਬ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਅੰਮ੍ਰਿਤਪਾਲ ਨੇ ਅਜਿਹਾ ਭਾਸ਼ਣ ਕਿਉਂ ਦਿੱਤਾ ਹੈ, ਜੋ ਨੌਜਵਾਨਾਂ ਨੂੰ ਗੁੰਮਰਾਹ ਕਰ ਸਕਦਾ ਹੈ।

# ਇੰਜੀ. ਗੁਰਮੀਤ ਸਿੰਘ ਨੂੰ ਬੇਅੰਤ ਸਿੰਘ ਕਤਲ ਕੇਸ 'ਚ ਪੈਰੋਲ ਮਿਲੀ



ਪਟਿਆਲਾ/ਏ.ਟੀ.ਨਿਊਜ਼ : ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਮਾਮਲੇ ਵਿੱਚ 1995 ਤੋਂ ਉਮਰ ਕੈਦੀ ਵਜੋਂ ਬੁੜੈਲ ਜੇਲ੍ਹ ਚੰਡੀਗੜ੍ਹ ਵਿੱਚ ਬੰਦ ਪਟਿਆਲਾ ਵਾਸੀ ਇੰਜੀਨੀਅਰ ਗੁਰਮੀਤ ਸਿੰਘ ਪੈਰੋਲ 'ਤੇ ਆਪਣੇ ਪਟਿਆਲਾ ਸਥਿਤ ਘਰ ਪੁੱਜੇ ਹਨ। ਪੈਰੋਲ ਦੀ ਇਹ ਪ੍ਰਕਿਰਿਆ ਕੁਝ ਸਾਲ ਪਹਿਲਾਂ ਭਾਈ ਬਖਸ਼ੀਸ਼ ਸਿੰਘ ਵੱਲੋਂ ਰੱਖੇ ਗਏ ਮਰਨ ਵਰਤ ਤੋਂ ਸ਼ੁਰੂ ਹੋਈ ਸੀ, ਜਿਸ ਤੋਂ ਬਾਅਦ ਗੁਰਮੀਤ ਸਿੰਘ ਸਮੇਤ ਇਸੇ ਮਾਮਲੇ ਵਿਚ ਦੋ ਹੋਰ ਕੈਦੀ ਲਖਵਿੰਦਰ ਸਿੰਘ ਪਟਿਆਲਾ ਅਤੇ ਸ਼ਮਸ਼ੇਰ ਸਿੰਘ ਉਕਸੀ ਰਾਜਪੁਰਾ ਪੈਰੋਲ 'ਤੇ ਆ ਰਹੇ ਹਨ।

# ਡਰੱਗ ਦੀ ਚਾਹਤ ਕਾਰਨ ਆਪਣੀ ਇੱਜ਼ਤ ਲੁਟਾ ਰਹੀਆਂ ਹਨ ਮੁਟਿਆਰਾਂ

- ਨਸ਼ਿਆਂ ਕਾਰਨ ਪੰਜਾਬ ਦੇ ਹਾਲਾਤ ਹੋਏ ਖ਼ਤਰਨਾਕ
- ਨਸ਼ੇ ਵਿਚ ਧੁੱਤ ਹੋਈ ਗਰਭਵਤੀ ਦੀ ਵੀਡੀਓ ਵਾਇਰਲ



ਕਪੂਰਥਲਾ ਦੇ ਮੁਹੱਲਾ ਮਹਿਤਾਬਗੜ੍ਹ ਵਿਚ ਬੀਤੇ ਦਿਨੀਂ ਸਵੇਰੇ ਨਸ਼ੇ ਦੀ ਭਿਆਨਕ ਤਸਵੀਰ ਦੇਖਣ ਨੂੰ ਮਿਲੀ। ਇੱਥੇ ਇੱਕ ਮੁਟਿਆਰ ਨਸ਼ੇ ਦੀ ਹਾਲਤ ਵਿੱਚ ਇਧਰ-ਉਧਰ ਝੂਲਦੀ ਮਿਲੀ।ਨਸ਼ੇ ਦੀ ਆਦੀ ਇੱਕ ਨੌਜਵਾਨ ਔਰਤ ਦੀ ਵਾਇਰਲ ਹੋਈ ਵੀਡੀਓ ਨੇ ਉਸ ਦੀ ਆਪਣੀ ਨਿੱਜੀ ਦੁਰਦਸ਼ਾ ਤੋਂ ਇਲਾਵਾ ਨਸ਼ੇ ਦੀ ਸਮਗਲਿੰਗ ਤੇ ਸ਼ਰੇਆਮ ਵਿਕਣ ਦਾ ਪਰਦਾਫਾਸ਼ ਕੀਤਾ ਹੈ। 'ਨਸ਼ੇ ਦਾ ਕੀ ਏ ਜਿਥੋਂ ਮਰਜੀ ਲੈ ਲਓ, ਇਹ ਅਸਾਨੀ ਨਾਲ ਮਿਲ ਜਾਂਦਾ ਹੈ।' ਉਸ ਨੂੰ ਵੀਡੀਓ ਵਿੱਚ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ, ਜਦੋਂ ਕਿ ਉਹ ਪਿਛਲੇ ਤਿੰਨ ਸਾਲਾਂ ਤੋਂ ਨਸ਼ਿਆਂ ਦੀ ਲਪੇਟ ਵਿੱਚ ਸੀ। ਕੁਝ ਔਰਤਾਂ ਨੇ ਉਸ ਨੂੰ ਫੜ ਕੇ ਬੈਂਚ 'ਤੇ ਬਿਠਾਇਆ ਤਾਂ ਉਹ ਬੈਠਣ ਦੀ ਸਥਿਤੀ ਵਿਚ ਨਹੀਂ ਸੀ। ਇਸ ਲਈ ਉਹ ਆਪਣੇ ਆਪ ਹੀ ਲੇਟ ਗਈ। ਲੜਕੀ ਨੇ ਦੱਸਿਆ ਕਿ ਉਸ ਨੂੰ 3 ਸਾਲ ਪਹਿਲਾਂ ਕੁਝ ਦੋਸਤਾਂ ਨਾਲ ਚਿੱਟੇ ਦੀ ਆਦਤ ਪੈ ਗਈ ਸੀ। ਉਹ ਵਿਆਹੀ ਹੋਈ ਹੈ। ਉਸ ਦਾ ਪਤੀ ਨਸ਼ਾ ਤਸਕਰੀ ਵਿੱਚ ਫੜਿਆ ਗਿਆ ਸੀ, ਹੁਣ ਉਹ ਜੇਲ੍ਹ ਵਿੱਚ ਹੈ।

ਲੜਕੀ ਨੇ ਦੱਸਿਆ ਕਿ ਉਹ ਰਾਹਗੀਰਾਂ ਤੋਂ ਪੈਸੇ ਮੰਗਦੀ ਹੈ ਅਤੇ ਮੁਹੱਲਾ ਮਹਿਤਾਬਗੜ੍ਹ ਦੇ ਚੌਕ 'ਚ ਖੜ੍ਹੇ ਨਸ਼ੇ ਦੇ ਸੌਦਾਗਰਾਂ ਤੋਂ ਚਿੱਟਾ ਖਰੀਦਦੀ ਹੈ। ਨਸ਼ੇ ਦੀ ਹਾਲਤ ਵਿਗੜਦੀ ਦੇਖ ਕੇ ਘਰ ਦਾ ਪਤਾ ਪੁੱਛਿਆ ਤੇ ਕਿਹਾ ਕਿ ਮਾਪੇ ਮਰ ਚੁੱਕੇ ਹਨ। ਪਤੀ ਵੀ ਨਸ਼ਾ ਤਸਕਰੀ ਦੇ ਦੋਸ਼ ਵਿੱਚ ਜੇਲ੍ਹ ਵਿੱਚ ਹੈ।ਮੌਕੇ 'ਤੇ ਮੌਜੂਦ ਔਰਤਾਂ ਨੇ ਲੜਕੀ ਦੀ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਆਪਸੀ ਸਹਿਯੋਗ ਨਾਲ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ। ਪਰ ਲੜਕੀ ਬਿਨਾਂ ਹਸਪਤਾਲ ਦੇ ਸਟਾਫ਼ ਨੂੰ ਦੱਸੇ ਹਸਪਤਾਲ ਤੋਂ ਚਲੀ ਗਈ ਜਿਸ ਨੂੰ ਪੁਲਿਸ ਨੇ ਫੜ ਕੇ ਹਸਪਤਾਲ ਲਿਆਂਦਾ। ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਉਸ ਨੂੰ ਲੱਭ ਲਿਆ ਅਤੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾਇਆ। ਡਾਕਟਰਾਂ ਨੇ ਪਾਇਆ ਹੈ ਕਿ ਉਹ ਗਰਭਵਤੀ ਸੀ ਅਤੇ ਗੰਭੀਰ ਖ਼ੂਨ ਦੀ ਕਮੀ ਸੀ। ਪਤਾ ਲੱਗਾ ਹੈ ਕਿ ਬੁੱਧਵਾਰ ਨੂੰ ਉਸ ਦੀ ਵੀਡੀਓ ਰਿਕਾਰਡ ਕੀਤੀ ਗਈ ਸੀ ਜਦੋਂ ਉਹ ਸਿਵਲ ਹਸਪਤਾਲ ਦੇ ਕੰਪਾਊਂਡ ਵਿੱਚ ਬੈਂਚ 'ਤੇ ਲੇਟੀ ਹੋਈ ਸੀ। ਉਸ ਨੇ ਆਪਣਾ ਨਾਂ ਕਰਨਜੋਤ ਕੌਰ ਦੱਸਿਆ ਅਤੇ ਇਹ ਨਹੀਂ ਦੱਸਿਆ ਕਿ ਉਹ ਕਿੱਥੋਂ ਦੀ ਹੈ। ਉਸ ਨੇ ਕਿਹਾ ਕਿ ਉਸ ਦਾ ਪਤੀ ਜੇਲ੍ਹ ਵਿੱਚ ਹੈ ਅਤੇ ਉਹ ਨਸ਼ਾ ਲੈਣ ਲਈ ਪੈਸੇ ਮੰਗੇਗਾ।

ਕਪੂਰਥਲਾ ਸਿਵਲ ਹਸਪਤਾਲ ਦੇ ਡਿਪਟੀ ਮੈਡੀਕਲ ਕਮਿਸ਼ਨਰ ਅਤੇ ਨਸ਼ਾ ਛੁਡਾਊ ਕੇਂਦਰ ਦੇ ਇੰਚਾਰਜ ਡਾਕਟਰ ਸੰਦੀਪ ਭੋਲਾ ਨੇ ਦੱਸਿਆ ਕਿ ਉਸ ਨੇ ਉਸ ਦਾ ਇਲਾਜ ਚੱਲ ਰਿਹਾ ਸੀ ਅਤੇ ਫਿਰ ਛੱਡ ਦਿੱਤਾ ਗਿਆ ਸੀ। ਉਸ ਨੂੰ ਬੀਤੇ ਹਫਤੇ ਹਸਪਤਾਲ ਲਿਆਂਦਾ ਗਿਆ ਸੀ ਅਤੇ ਇਹ ਪਤਾ ਲੱਗਣ ਤੋਂ ਬਾਅਦ ਕਿ ਉਹ ਗਰਭਵਤੀ ਸੀ ਅਤੇ ਗੰਭੀਰ ਖ਼ੂਨ ਦੀ ਕਮੀ ਸੀ, ਉਸ ਨੂੰ ਜਨਰਲ ਵਾਰਡ ਵਿੱਚ ਦਾਖਲ ਕਰਵਾਇਆ ਗਿਆ ਸੀ। ਉਸ ਨੂੰ ਖ਼ੂਨ ਚੜ੍ਹਾਉਣ ਦੀ ਲੋੜ ਸੀ । ਉਸ ਦੇ ਕੁਝ ਦਿਨਾਂ ਦੇ ਆਮ ਇਲਾਜ ਤੋਂ ਬਾਅਦ ਅਸੀਂ ਉਸ ਨੂੰ ਔਰਤਾਂ ਦੇ ਵਿਸ਼ੇਸ਼ ਨਸ਼ਾ ਛੁਡਾਊ ਕੇਂਦਰ ਵਿਚ ਲੈ ਕੇ ਜਾਣਾ ਸੀ ਪਰ ਉਹ ਉਥੋਂ ਚਲੀ ਗਈ। ਡਾਕਟਰ ਭੋਲਾ ਨੇ ਕਿਹਾ ਕਿ ਉਸ ਨੂੰ ਅਗਲੀ ਸਵੇਰੇ ਦੁਬਾਰਾ ਸਾਡੇ ਕੋਲ ਲਿਆਂਦਾ ਗਿਆ ਸੀ। ਸੁਆਲ ਇਹ ਹੈ ਕਿ ਆਪ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਦਸ ਦਿਨਾਂ ਵਿਚ ਨਸ਼ਾ ਪੰਜਾਬ ਵਿਚੋਂ ਖਤਮ ਕਰ ਦਿੱਤਾ ਜਾਵੇਗਾ। ਨਸ਼ਾ ਖਤਮ ਕੀ ਹੋਣਾ ਸੀ ਕਿ ਪੰਜਾਬ ਦੀਆਂ ਮੁਟਿਆਰ ਡਰੱਗ ਲੈ ਰਹੀਆਂ ਹਨ ਤੇ ਡਰੱਗ ਲਈ ਆਪਣੀ ਇੱਜ਼ਤ ਵੇਚ ਰਹੀਆਂ ਹਨ। ਇਹ ਪੰਜਾਬ ਦਾ ਵੱਡਾ ਦੁਖਾਂਤ ਹੈ।

ਸੱਚੋ ਸੱਚ ਦੱਸ ਵੇ ਜੋਗੀਆ

# ਕਾਂਸ਼ੀ ਰਾਮ ਸੰਤ ਭਿੰਡਰਾਂਵਾਲੇ ਨਾਲ ਗਠਜੋੜ ਕਿਉਂ ਕਰਨਾ ਚਾਹੁੰਦੇ ਸਨ



ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਵਿਚ ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਖੁਆਸਪੁਰਾ ਪਿੰਡ ਵਿਚ ਹੋਇਆ। ਬਸਪਾ ਦੇ ਬਾਨੀ ਕਾਂਸ਼ੀ ਰਾਮ ਨੇ ਆਪਣੀ ਰਾਜਨੀਤੀ ਦੀ ਸ਼ੁਰੂਆਤ ਮਹਾਰਾਸ਼ਟਰ ਤੋਂ ਕੀਤੀ ਸੀ, ਪਰ ਮਹਾਰਾਸ਼ਟਰ ਵਿੱਚ ਅੰਬੇਡਕਰਵਾਦੀ ਅੰਦੋਲਨ ਨੇ ਕਾਂਸ਼ੀ ਰਾਮ ਤੋਂ ਦੂਰੀ ਬਣਾ ਕੇ ਰੱਖੀ ਹੋਈ ਸੀ। ਕਾਂਸ਼ੀ ਰਾਮ ਮੋਚੀ ਜਾਤ ਨਾਲ ਸਬੰਧਤ ਸਨ। ਮਹਾਰਾਸ਼ਟਰ ਵਿੱਚ ਸਭ ਤੋਂ ਵੱਡਾ ਅੰਬੇਡਕਰਵਾਦੀ ਸਮੂਹ ਬੋਧੀ ਸਨ, ਪਹਿਲਾਂ ਮਹਾਰ ਸਨ। ਇਹ ਭਾਈਚਾਰਾ ਕਿਸੇ ਹੋਰ ਸਮੂਹ ਦੀ ਅਗਵਾਈ ਨੂੰ ਸਵੀਕਾਰ ਨਹੀਂ ਕਰਦਾ ਇਸ ਲਈ, ਕਾਂਸ਼ੀ ਰਾਮ ਲਈ ਇੱਥੇ ਆਪਣੇ ਆਪ ਨੂੰ ਇੱਕ ਨੇਤਾ ਵਜੋਂ ਸਥਾਪਤ ਕਰਨਾ ਸੰਭਵ ਨਹੀਂ ਸੀ।

1957 ਵਿੱਚ ਕਾਂਸ਼ੀ ਰਾਮ ਪੁਣੇ ਵਿੱਚ ਰੱਖਿਆ ਵਿਭਾਗ ਦੀ ਅਸਲਾ ਫੈਕਟਰੀ ਵਿੱਚ ਖੋਜ ਸਹਾਇਕ ਵਜੋਂ ਕੰਮ ਕਰਨ ਲੱਗੇ।ਉਨ੍ਹਾਂ ਨੇ ਉੱਥੇ ਪੰਜ ਸਾਲ ਕੰਮ ਕੀਤਾ, ਪਰ ਉਦੋਂ ਇੱਕ ਘਟਨਾ ਹੋਈ ਜਿਸ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਲਕੁਲ ਵੱਖਰੇ ਰਸਤੇ ’ਤੇ ਲਿਆਂਦਾ। ਇਸ ਤੋਂ ਪਹਿਲਾਂ, ਫੈਕਟਰੀ ਵਿੱਚ ਹੋਰ ਪ੍ਰਚੱਲਿਤ ਮੌਕਿਆਂ ਦੇ ਨਾਲ-ਨਾਲ ਬੁੱਧ ਅਤੇ ਡਾ. ਅੰਬੇਡਕਰ ਦੇ ਜਨਮ ਦਿਨ ’ਤੇ ਛੁੱਟੀ ਹੁੰਦੀ ਸੀ। ਪਰ, ਫਿਰ ਪ੍ਰਸ਼ਾਸਨ ਨੇ ਇਹ ਦੋਵੇਂ ਛੁੱਟੀਆਂ ਰੱਦ ਕਰ ਦਿੱਤੀਆਂ। ਕਾਂਸ਼ੀ ਰਾਮ ਨੇ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਇਸ ਫੈਸਲੇ ਵਿਰੁੱਧ ਸੰਘਰਸ਼ ਵਿੱਢਦਿਆਂ ਮੰਗ ਕੀਤੀ ਕਿ ਇਹ ਛੁੱਟੀਆਂ ਬਹਾਲ ਕੀਤੀਆਂ ਜਾਣ। ਤਤਕਾਲੀ ਰੱਖਿਆ ਮੰਤਰੀ ਯਸ਼ਵੰਤਰਾਓ ਚਵਾਨ ਨੇ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਅਤੇ ਛੁੱਟੀਆਂ ਰੱਦ ਕਰਨ ਦੇ ਫੈਸਲੇ ਨੂੰ ਰੱਦ ਕਰ ਦਿੱਤਾ। ਇਸੇ ਸਮੇਂ ਦੌਰਾਨ ਕਾਂਸ਼ੀ ਰਾਮ ਨੇ ਮਹਾਤਮਾ ਜੋਤੀਰਾਓ ਫੂਲੇ ਅਤੇ ਡਾ. ਅੰਬੇਡਕਰ ਦਾ ਸਾਹਿਤ ਪੜ੍ਹਨਾ ਸ਼ੁਰੂ ਕਰ ਦਿੱਤਾ।ਕਾਂਸ਼ੀ ਰਾਮ ਨੇ ਅਚਾਨਕ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਰਾਜਨੀਤੀ ਵਿੱਚ ਆ ਗਏ।

1978 ਵਿੱਚ, ਉਨ੍ਹਾਂ ਨੇ ਪੁਣੇ ਵਿੱਚ ਆਲ ਇੰਡੀਆ ਬੈਕਵਰਡ ਐਂਡ ਮਾਇਨੌਰਟੀ ਕਮਿਊਨਿਟੀਜ਼ ਐਂਪਲਾਈਜ਼ ਫੈਡਰੇਸ਼ਨ ਦਾ ਗਠਨ ਕੀਤਾ

1981 ਵਿੱਚ, ਉਨ੍ਹਾਂ ਨੇ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਨਾਂ ਦੀ ਇੱਕ ਹੋਰ ਸੰਸਥਾ ਬਣਾਈ। 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਗਠਨ ਕੀਤਾ ਸੀ। ਕਾਂਸ਼ੀ ਰਾਮ ਨੇ ‘ਜਿਤਨੀ ਜਿਸਕੀ ਸੰਖਿਆ ਭਾਰੀ, ਉਤਨੀ ਉਸਕੀ ਭਾਗੀਦਾਰੀ’ (ਤੁਹਾਡੀ ਗਿਣਤੀ ਤੁਹਾਡਾ ਹਿੱਸਾ ਤੈਅ ਕਰੇਗੀ) ਅਤੇ ‘ਜੋ ਬਹੁਜਨ ਬਾਤ ਕਰੇਗਾ, ਵੋ ਦਿੱਲੀ ਪੇ ਰਾਜ ਕਰੇਗਾ’ (ਬਹੁਜਨਾਂ ਲਈ ਬੋਲਣ ਵਾਲੇ ਦਿੱਲੀ ’ਤੇ ਰਾਜ ਕਰਨਗੇ) ਵਰਗੇ ਨਾਅਰੇ ਦਿੱਤੇ।1984 ਦੀਆਂ ਲੋਕ ਸਭਾ ਚੋਣਾਂ ਨੇੜੇ ਸਨ। ਬਸਪਾ ਨੇ ਨੌਂ ਸੂਬਿਆਂ ਅਤੇ ਤਿੰਨ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਉਮੀਦਵਾਰ ਖੜ੍ਹੇ ਕੀਤੇ।ਬਸਪਾ ਨੇ ਇਨ੍ਹਾਂ ਚੋਣਾਂ ਵਿੱਚ ਲਗਭਗ 10 ਲੱਖ ਵੋਟਾਂ ਹਾਸਲ ਕੀਤੀਆਂ ਅਤੇ ਪਾਰਟੀ ਨੂੰ ਛੇ ਲੱਖ ਵੋਟਾਂ ਇਕੱਲੀਆਂ ਉੱਤਰ ਪ੍ਰਦੇਸ਼ ਤੋਂ ਆਈਆਂ ਸਨ।ਇਹ ਉਹ ਸਮਾਂ ਸੀ ਜਦੋਂ ਰਾਮ ਮੰਦਰ ਅੰਦੋਲਨ ਜ਼ੋਰ ਫੜ ਰਿਹਾ ਸੀ ਅਤੇ ਮੰਡਲ ਕਮਿਸ਼ਨ ਦੀ ਰਿਪੋਰਟ ਨੇ ਬਹਿਸ ਛੇੜ ਦਿੱਤੀ ਸੀ।ਕਾਂਸ਼ੀ ਰਾਮ ਨੂੰ ਆਪਣੇ ਸੂਬੇ ਪੰਜਾਬ ਦੀ ਸਿਆਸਤ ਵਿਚ ਕੋਈ ਖਾਸ ਸਫ਼ਲਤਾ ਨਹੀਂ ਮਿਲੀ।ਕਾਂਸ਼ੀ ਰਾਮ ਨੇ ਖੁਦ ਦੱਸਿਆ ਸੀ ਕਿ ਉਨ੍ਹਾਂ ਨੇ ਉੱਤਰ ਪ੍ਰਦੇਸ਼ ਨੂੰ ਕਿਉਂ ਚੁਣਿਆ। ਉਹ ਕਹਿੰਦੇ ਸਨ ਕਿ ਉੱਤਰ ਪ੍ਰਦੇਸ਼ ਵਿੱਚ ਦਲਿਤਾਂ ਨੂੰ ਪੰਜਾਬ ਦੇ ਦਲਿਤਾਂ ਨਾਲੋਂ ਕਿਤੇ ਵੱਧ ਜ਼ੁਲਮ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪੰਜਾਬ ਵਿੱਚ ਦਲਿਤਾਂ ’ਤੇ ਇੰਨੇ ਅੱਤਿਆਚਾਰ ਕਦੇ ਨਹੀਂ ਦੇਖੇ, ਜਿੰਨੇ ਉੱਤਰ ਪ੍ਰਦੇਸ਼ ਵਿੱਚ ਵੇਖੇ ਹਨ। ਨਾਲ ਹੀ, ਇਹ ਮੰਦਿਰ ਅੰਦੋਲਨ ਦਾ ਦੌਰ ਸੀ।ਉੱਤਰ ਪ੍ਰਦੇਸ਼ ਉਨ੍ਹਾਂ ਦੀ ਕਰਮ ਭੂਮੀ ਬਣੀ ਅਤੇ ਬਹੁਜਨ ਸਮਾਜ ਪਾਰਟੀ ਨੇ ਆਪਣੀ ਸਰਕਾਰ ਬਣਾਈ। ਉਨ੍ਹਾਂ ਨੇ ਮਾਇਆਵਤੀ ਵਰਗੀ ਦਲਿਤ ਔਰਤ ਨੂੰ ਚਾਰ ਵਾਰ ਸੂਬੇ ਦੀ ਮੁੱਖ ਮੰਤਰੀ ਬਣਾਇਆ। ਇਹ ਰਾਜ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਹੈ, ਜਿਸ ਵਿੱਚ ਕਮਲਾਪਤੀ

(**ਬਾਕੀ ਸਫ਼ਾ 30 ’ਤੇ**)

## ਬਸਪਾ ਦੀਆਂ ਵੋਟਾਂ ’ਤੇ ਕਾਂਗਰਸ ਦੀ ਨਜ਼ਰ

ਉੱਤਰ ਪ੍ਰਦੇਸ਼ ਵਿਚ ਕਾਂਗਰਸ ਦੀਆਂ ਨਜ਼ਰਾਂ ਬਹੁਜਨ ਸਮਾਜ ਪਾਰਟੀ ਦੇ ਵੋਟ ਬੈਂਕ ’ਤੇ ਹਨ। ਅਸਲ ਵਿਚ ਰਵਾਇਤੀ ਤੌਰ ’ਤੇ ਉਹ ਕਾਂਗਰਸ ਦੀਆਂ ਹੀ ਵੋਟਾਂ ਹਨ, ਜੋ ਬਸਪਾ ਦੇ ਕੋਲ ਚਲੀਆਂ ਗਈਆਂ ਸਨ ਅਤੇ ਹੁਣ ਬਸਪਾ ਤੋਂ ਵੀ ਵੱਖ ਹੋ ਕੇ ਇੱਧਰ-ਉੱਧਰ ਵੰਡੀਆਂ ਜਾ ਰਹੀਆਂ ਹਨ, ਕਿਉਂਕਿ ਬਸਪਾ ਮੁਖੀ ਮਾਇਆਵਤੀ ਰਾਜਨੀਤੀ ਵਿਚ ਬਹੁਤੀ ਸਰਗਰਮ ਨਹੀਂ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਤਾਂ ਕਿਤੇ ਲੱਗਿਆ ਹੀ ਨਹੀਂ ਕਿ ਪਾਰਟੀ ਚੋਣਾਂ ਲੜ ਰਹੀ ਹੈ। ਫਿਲਹਾਲ, ਬਸਪਾ ਨੂੰ ਜਿਸ ਵੋਟ ਨੇ ਸੱਤਾ ਦਿਵਾਈ ਸੀ ਉਹ ਦਲਿਤ, ਬ੍ਰਾਹਮਣ ਅਤੇ ਮੁਸਲਿਮ ਵੋਟਾਂ ਸਨ। ਰਵਾਇਤੀ ਤੌਰ ’ਤੇ ਇਹ ਕਾਂਗਰਸ ਦੀਆਂ ਵੋਟਾਂ ਰਹੀਆਂ ਹਨ, ਪਰ ਬਸਪਾ ਦੇ ਕਮਜ਼ੋਰ ਹੋਣ ਨਾਲ ਦਲਿਤ ਵੋਟਾਂ ਦਾ ਕੁਝ ਹਿੱਸਾ ਭਾਜਪਾ ਵੱਲ ਹੋ ਗਿਆ ਹੈ ਤਾਂ ਮੁਸਲਿਮ ਲਗਭਗ ਪੂਰੀ ਤਰ੍ਹਾਂ ਨਾਲ ਸਮਾਜਵਾਦੀ ਪਾਰਟੀ ਦੇ ਨਾਲ ਅਤੇ ਬ੍ਰਾਹਮਣ ਪੂਰੀ ਤਰ੍ਹਾਂ ਨਾਲ ਭਾਜਪਾ ਦੇ ਨਾਲ ਚਲੇ ਗਏ ਹਨ। ਕਾਂਗਰਸ ਨੇ ਇਨ੍ਹਾਂ ਤਿੰਨਾਂ ਦੀਆਂ ਵੋਟਾਂ ਵਾਪਸ ਹਾਸਿਲ ਕਰਨੀਆਂ ਹਨ। ਪਾਰਟੀ ਨੇ ਨਵੇਂ ਪ੍ਰਦੇਸ਼ ਪ੍ਰਧਾਨ ਅਤੇ ਛੇ ਸੂਬਾਈ ਪ੍ਰਧਾਨਾਂ ਰਾਹੀਂ ਅਜਿਹਾ ਸਮੀਕਰਨ ਬਣਾਇਆ ਹੈ, ਜਿਸ ਨਾਲ ਇਨ੍ਹਾਂ ਵੋਟਾਂ ਨੂੰ ਹਾਸਲ ਕਰਨ ਵਿਚ ਮਦਦ ਮਿਲੇ। ਕਾਂਗਰਸ ਨੇ ਬਸਪਾ ਵਿਚ ਰਹੇ ਹਮਲਾਵਰ ਦਲਿਤ ਨੇਤਾ ਬ੍ਰਿਜਲਾਲ ਖਾਬਰੀ ਨੂੰ ਪਾਰਟੀ ਦਾ ਪ੍ਰਦੇਸ਼ ਪ੍ਰਧਾਨ ਬਣਾਇਆ ਗਿਆ ਹੈ। ਉਨ੍ਹਾਂ ਦੇ ਨਾਲ ਬਸਪਾ ’ਚ ਰਹੇ ਮੁਸਲਿਮ ਨੇਤਾ ਨਸੀਮੁਦੀਨ ਸਦੀਕੀ ਨੂੰ ਪੱਛਮੀ ਜ਼ੋਨ ਦਾ ਸੂਬਾਈ ਪ੍ਰਧਾਨ ਬਣਾਇਆ ਹੈ। ਬਸਪਾ ਦੇ ਬ੍ਰਾਹਮਣ ਚਿਹਰੇ ਵਿਚੋਂ ਇਕ ਸਾਬਕਾ ਮੰਤਰੀ ਨਕੁਲ ਦੂਬੇ ਨੂੰ ਅਵਧ ਜ਼ੋਨ ਦਾ ਪ੍ਰਧਾਨ ਬਣਾਇਆ ਹੈ। ਇਨ੍ਹਾਂ ਰਾਹੀਂ ਕਾਂਗਰਸ ਜਾਤੀ ਸਮੀਕਰਨ ਸਾਧਨ ਦੀ ਕੋਸ਼ਿਸ਼ ਕਰ ਰਹੀ ਹੈ। ਕਾਂਗਰਸ ਨੇ ਤਿੰਨ ਹੋਰ ਪ੍ਰਾਂਤਿਕ ਪ੍ਰਧਾਨ ਬਣਾਏ ਹਨ, ਜੋ ਬ੍ਰਾਹਮਣ, ਭੂਮਿਹਾਰ ਅਤੇ ਕੁਰਮੀ ਜਾਤੀ ਤੋਂ ਆਉਂਦੇ ਹਨ।

# ਸੁਖਬੀਰ ਤੇ ਸਰਨਾ ਦੀ ਹੋਈ ਏਕਤਾ, ਸਰਨਾ ਨੂੰ ਸੌਂਪੀ ਪਾਰਟੀ ਦਿੱਲੀ ਪ੍ਰਦੇਸ਼ ਦੀ ਜ਼ਿੰਮੇਵਾਰੀ

## ਸੁਖਬੀਰ ਬਾਦਲ ਨੇ ਇਸ ਮੇਲ ਨੂੰ ਭਾਜਪਾ ਅਤੇ ਆਰਐੱਸਐੱਸ ਦਾ ਸਾਹਮਣਾ ਕਰਨ ਦੀ ਰਣਨੀਤੀ ਲਈ ਬੇਹੱਦ ਮਹੱਤਵਪੂਰਨ ਕਰਾਰ ਦਿੱਤਾ

### ਅਕਾਲੀ ਦਲ ਕਦੀ ਨਹੀਂ ਛੱਡਿਆ: ਸਰਨਾ



ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲੀ ਦਲ ਦਿੱਲੀ ਦਾ ਰਲੇਵਾਂ ਹੋ ਗਿਆ ਹੈ। ਇਸ ਨੂੰ ਪੰਥਕ ਮੇਲ ਦਾ ਨਾਮ ਦਿੱਤਾ ਗਿਆ ਹੈ। ਇਸ ਨਾਲ ਲਗਭਗ 23 ਸਾਲ ਪਹਿਲਾਂ (1999 ਵਿਚ) ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਪਰਮਜੀਤ ਸਿੰਘ ਸਰਨਾ ਅਤੇ ਹਰਵਿੰਦਰ ਸਿੰਘ ਸਰਨਾ ਭਰਾਵਾਂ ਨੂੰ ਦਿੱਲੀ ਦੀ ਕਮਾਨ ਸੌਂਪੀ ਗਈ ਹੈ। ਪਿਛਲੇ ਦਿਨੀਂ ਅਕਾਲੀ ਦਲ ਦੇ ਚੋਣ ਨਿਸ਼ਾਨ ਉੱਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਜੇਤੂ ਰਹੇ ਧੜੇ ਨੇ ਭਾਜਪਾ ਦੀ ਸਰਪ੍ਰਸਤੀ ਨਾਲ ਅਕਾਲੀ ਦਲ ਤੋਂ ਤੋੜ-ਵਿਛੋੜਾ ਕਰ ਲਿਆ ਸੀ। ਕਮੇਟੀ ਦੇ ਤਤਕਾਲੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਇਸ ਕਾਰਨ ਅਕਾਲੀ ਦਲ ਦੇ ਦਿੱਲੀ ਵਿਚ ਆਧਾਰ ਨੂੰ ਵੱਡਾ ਖ਼ੋਰਾ ਲੱਗਾ ਸੀ। ਸਰਨਾ ਭਰਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਜ਼ਦੀਕੀ ਰਹੇ ਹਨ, ਉਹਨਾਂ ਅਨੁਸਾਰ ਅਕਾਲੀ ਦਲ ਦਿੱਲੀ ਜਥੇਦਾਰ ਟੌਹੜਾ ਦੀ ਸਲਾਹ ਨਾਲ ਹੀ ਬਣਾਇਆ ਗਿਆ ਸੀ। ਦਿੱਲੀ ਦੀ ਸਿਆਸਤ ਵਿਚ ਸਰਨਾ ਭਰਾਵਾਂ ਨੂੰ ਕਾਂਗਰਸ ਦੇ ਨੇੜੇ ਸਮਝਿਆ ਜਾਂਦਾ ਰਿਹਾ ਹੈ।

ਸੁਖਬੀਰ ਬਾਦਲ ਨੇ ਇਸ ਮੇਲ ਨੂੰ ਭਾਜਪਾ ਅਤੇ ਆਰਐੱਸਐੱਸ ਦਾ ਸਾਹਮਣਾ ਕਰਨ ਦੀ ਰਣਨੀਤੀ ਲਈ ਬੇਹੱਦ ਮਹੱਤਵਪੂਰਨ ਕਰਾਰ ਦਿੱਤਾ ਹੈ। ਪਿਛਲੇ ਤਕਰੀਬਨ ਢਾਈ ਦਹਾਕਿਆਂ ਤੋਂ ਸਿੱਖ ਸਿਆਸਤ ਦੀਆਂ 2 ਧੁਰ ਵਿਰੋਧੀ ਧਿਰਾਂ ਬਾਦਲ ਧੜਾ ਤੇ ਸਰਨਾ ਧੜਾ ਵਲੋਂ ਕੌਮ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਦਾ ਸਾਂਝੇ ਤੌਰ ’ਤੇ ਟਾਕਰਾ ਕਰਨ ਦਾ ਐਲਾਨ ਕੀਤਾ ਗਿਆ । ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਹਰਵਿੰਦਰ ਸਿੰਘ ਸਰਨਾ ਦੀ ਰਿਹਾਇਸ਼ ਪੰਜਾਬੀ ਬਾਗ ਵਿਖੇ ‘ਪੰਥਕ-ਮੇਲ’ ਦੇ ਨਾਂ ’ਤੇ ਕਰਵਾਈ ਗਈ ਵੱਡੀ ਪੰਥਕ ਇਕੱਤਰਤਾ ਵਿਚ ਹਾਜ਼ਰੀ ਭਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥਕ ਹਾਲਾਤ ਦੇ ਮੱਦੇਨਜ਼ਰ ਇਕਜੁਟ ਹੋਣ ਲਈ ਜਿਥੇ ਸਰਨਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ, ਉਥੇ ਹੀ ਆਪਣੀ ਪਾਰਟੀ ਦੀ ਦਿੱਲੀ ਪ੍ਰਦੇਸ਼ ਦੀ ਜ਼ਿੰਮੇਵਾਰੀ ਵੀ ਪਰਮਜੀਤ ਸਿੰਘ ਸਰਨਾ ਨੂੰ ਸੌਂਪਣ ਦਾ ਐਲਾਨ ਕੀਤਾ । ਪੰਥਕ ਇਕੱਤਰਤਾ ‘ਵਿਚ ਸੁਖਬੀਰ ਸਿੰਘ ਬਾਦਲ ਨੇ ਆਪਣੀ ਤਕਰੀਰ ਦੌਰਾਨ ਅਕਾਲੀ ਦਲ ਦਾ ਇਤਿਹਾਸ ਤੇ ਕੁਰਬਾਨੀਆਂ ਜ਼ਿਕਰ ਕਰਨ ਦੇ ਨਾਲ ਹੀ ਹਕੂਮਤਾਂ ਦੀ ਸ਼ਹਿ ’ਤੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਵਾਲਿਆਂ ਨੂੰ ਪੰਥਕ ਗੱਦਾਰ ਐਲਾਨਿਆ ਅਤੇ ਕਿਹਾ ਕਿ ਇਹ ਇਕੱਤਰਤਾ ਪੰਥਕ ਮੁੜ ਸੁਰਜੀਤੀ ਦਾ ਸੰਕੇਤ ਦਿੰਦੀ ਹੈ । ਉਨ੍ਹਾਂ ਕਿਹਾ ਕਿ ਹਕੂਮਤਾਂ ਹਰਿਆਣੇ ਲਈ ਵੱਖਰੀ ਗੁਰਦੁਆਰਾ ਕਮੇਟੀ ਨੂੰ ਮਾਨਤਾ ਦੇ ਕੇ ਸ਼੍ਰੋਮਣੀ ਕਮੇਟੀ ਨੂੰ ਤੋੜ ਕੇ ਪੰਥ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ। ਇਸ ਲਈ ਬਾਹਰੀ ਹਮਲੇ ਅਤੇ ਅੰਦਰੂਨੀ ਤੋੜ-ਫੋੜ ਨਾਲ ਲੜਨ ਲਈ ਪੰਥਕ ਏਕਤਾ ਸਮੇਂ ਦੀ ਇਤਿਹਾਸਕ ਲੋੜ ਹੈ। ਸੁਖਬੀਰ ਨੇ ਪਾਰਟੀ ਦਿੱਲੀ ਪ੍ਰਦੇਸ਼ ਦੀ ਜ਼ਿੰਮੇਵਾਰੀ ਪਰਮਜੀਤ ਸਿੰਘ ਸਰਨਾ ਨੂੰ ਸੌਂਪਣ ਤੇ ਭਵਿੱਖ ਵਿਚ ਰਲ ਕੇ ਕੌਮ ਦੀ ਬਿਹਤਰੀ ਵਾਸਤੇ ਕੰਮ ਕਰਨ ਦਾ ਐਲਾਨ ਕੀਤਾ।

ਪਰਮਜੀਤ ਸਿੰਘ ਸਰਨਾ ਨੇ ਆਪਣੀ ਤਕਰੀਰ ਦੌਰਾਨ ਕਿਹਾ ਕਿ ਉਨ੍ਹਾਂ ਕਦੀ ਅਕਾਲੀ ਦਲ ਨੂੰ ਨਹੀਂ ਛੱਡਿਆ, ਜੇਕਰ ਕਈ ਕਾਰਨਾਂ ਕਰਕੇ ਦਿੱਲੀ ਵਿਚ ਵੱਖਰੀ ਪਾਰਟੀ ਬਣਾਈ ਤਾਂ ਫਿਰ ਵੀ ਅਕਾਲੀ ਦਲ ਦੇ ਸਿਧਾਂਤਾਂ ਦਾ ਪੱਲਾ ਫੜੀ ਰੱਖਿਆ। ਸਰਨਾ ਨੇ ਇਹ ਵੀ ਕਿਹਾ ਕਿ ਤਕਰੀਬਨ 25 ਸਾਲ ਪਹਿਲਾਂ ਉਨ੍ਹਾਂ ਨੂੰ ਅਕਾਲੀ ਦਲ ਨਾਲ ਹੀ ਸੰਬੰਧਿਤ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ ਇਸ਼ਾਰੇ ’ਤੇ ਪਾਰਟੀ ਵਿਚੋਂ ਕੱਢਿਆ ਗਿਆ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦਿੱਲੀ ਦਾ ਗਠਨ ਕਰਕੇ ਪੰਥ ਦੀ ਬਿਹਤਰੀ ਲਈ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਆ ਰਹੇ ਹਾਂ।

ਪੰਥਕ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਬੀਬੀ ਰਣਜੀਤ ਕੌਰ, ਬਲਦੇਵ ਸਿੰਘ ਮਾਨ ਸਮੇਤ ਸਾਰੇ ਬੁਲਾਰਿਆਂ ਨੇ ਇਕੋ ਪਲੇਟਫਾਰਮ ਤੋਂ ਜੱਦੋ-ਜਹਿਦ ਕਰਨ ਦੇ ਪੰਥਕ ਏਕਤਾ ਦੇ ਫ਼ੈਸਲੇ ਨੂੰ ਸਲਾਹਿਆ ।

ਪੰਥਕ ਇਕੱਤਰਤਾ ਸੁਖਬੀਰ ਵਲੋਂ ਪਰਮਜੀਤ ਸਿੰਘ ਸਰਨਾ ਨੂੰ ਦਿੱਲੀ ਪ੍ਰਦੇਸ਼ ਦੀ ਜ਼ਿੰਮੇਵਾਰੀ ਸੌਂਪਣ ਦਾ ਐਲਾਨ ਤਾਂ ਕਰ ਦਿੱਤਾ ਗਿਆ, ਪ੍ਰੰਤੂ ਕੀ ਇਸ ਦੇ ਲਈ ਸਰਨਾ ਦੁਆਰਾ ਆਪਣੀ ਪਾਰਟੀ ਨੂੰ ਭੰਗ ਕੀਤਾ ਜਾਵੇਗਾ ਜਾਂ ਸਰਨਾ ਪਾਰਟੀ ਦਾ ਬਾਦਲ ਪਾਰਟੀ ਵਿਚ ਰਲੇਵਾਂ ਹੋ ਗਿਆ ਹੈ? ਇਸ ਬਾਰੇ ਸੁਖਬੀਰ ਤੇ ਸਰਨਾ ਸਮੇਤ ਕਿਸੇ ਵੀ ਬੁਲਾਰੇ ਨੇ ਆਪਣੀ ਤਕਰੀਰ ਵਿਚ ਕੋਈ ਜ਼ਿਕਰ ਤੱਕ ਨਹੀਂ ਕੀਤਾ। ਹਾਲਾਂਕਿ ਬਾਦਲ ਦਲ ਵਲੋਂ ਇਸ ਪ੍ਰੋਗਰਾਮ ਬਾਰੇ ਜਿਹੜਾ ਪ੍ਰੈੱਸ ਨੋਟ ਜਾਰੀ ਕੀਤਾ ਗਿਆ, ਉਸ ਵਿਚ ਸਰਨਾ ਧੜੇ ਦੇ ਰਲੇਵੇਂ ਦਾ ਜ਼ਿਕਰ ਕੀਤਾ ਗਿਆ ਸੀ। ਜਦੋਂ ਸਰਨਾ ਧੜੇ ਦੇ ਮੁਖੀ ਅਹੁਦੇਦਾਰਾਂ ਨਾਲ ਫੋਨ ਰਾਹੀਂ ਇਸ ਬਾਬਤ ਗੱਲ ਕੀਤੀ ਗਈ ਤਾਂ ਉਨ੍ਹਾਂ ਪਾਰਟੀ ਦੇ ਰਲੇਵੇਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਪੰਥ ਦੀ ਬਿਹਤਰੀ ਤੇ ਇਕਜੁੱਟਤਾ ਵਾਸਤੇ ਇਹ ਪ੍ਰੋਗਰਾਮ ਸਿਰਫ ਪੰਥਕ-ਮੇਲ ਸੀ । ਇੰਜ ਜਾਪਦਾ ਹੈ ਕਿ ਸਰਨਾ ਹੁਣ 2 ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਅਤੇ ਬਾਦਲ ਦਲ ਦਿੱਲੀ ਪ੍ਰਦੇਸ਼ ਦੀ ਜ਼ਿੰਮੇਵਾਰੀ ਸੰਭਾਲਣਗੇ।

ਅਕਾਲੀ ਦਲ ਦਾ ਮੰਨਣਾ ਹੈ ਕਿ ਕਾਂਗਰਸ ਪਹਿਲਾਂ ਹੀ ਸਿੱਖ ਪੰਥ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ ਅਤੇ ਹੁਣ ਭਾਜਪਾ ਵੀ ਉਸ ਦੇ ਰਾਹ ਉੱਤੇ ਚੱਲ ਰਹੀ ਹੈ। ਸਰਨਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਉੱਤੇ ਚੋਣ ਲੜ ਕੇ ਜਿੱਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਨੂੰ ਵਾਪਸ ਆਉਣ ਦੀ ਅਪੀਲ ਕੀਤੀ ਹੈ।

ਇਸ ਰਲੇਵੇਂ ਦਾ ਬਾਦਲ ਦਲ ਨੂੰ ਲਾਭ ਕੀ ਹੋਵੇਗਾ, ਇਹ ਆਉਣ ਵਾਲਾ ਸਮਾਂ ਦਸੇਗਾ।ਪਰ ਸਰਨਾ ਭਰਾਵਾਂ ਦੇ ਰੂਪ ਵਿਚ ਬਾਦਲ ਅਕਾਲੀ ਦਲ ਨੂੰ ਦਿੱਲੀ ਵਿਚ ਆਪਣੀ ਆਵਾਜ਼ ਬੁਲੰਦ ਕਰਨ ਵਾਲੇ ਬੁਲਾਰੇ ਜ਼ਰੂਰ ਮਿਲ ਗਏ ਹਨ।

ਮਾਮਲਾ ਝੂਠੇ ਪੁਲਿਸ ਮੁਕਾਬਲੇ ਵਿਚ ਭਰਾਵਾਂ ਦੀ ਹੱਤਿਆ ਦਾ

# 2 ਪੁਲਿਸ ਮੁਲਾਜ਼ਮਾਂ ਤੇ ਅਕਾਲੀ ਆਗੂ ਨੂੰ ਉਮਰ ਕੈਦ

## ਦੋ ਪੁਲਿਸ ਵਾਲੇ ਅਜੇ ਵੀ ਫਰਾਰ, ਪਰਿਵਾਰ ਹਾਈ ਕੋਰਟ ਜਾਵੇਗਾ





ਲੁਧਿਆਣਾ/ਏ.ਟੀ.ਨਿਊਜ਼ :- ਸਥਾਨਕ ਜਮਾਲਪੁਰ ਦੀ ਆਹਲੂਵਾਲੀਆ ਕਾਲੋਨੀ ਵਿਚ 8 ਸਾਲ ਪਹਿਲਾਂ ਪੁਲਿਸ ਵਲੋਂ ਫ਼ਰਜ਼ੀ ਮੁਕਾਬਲਾ ਕਰਕੇ 2 ਭਰਾਵਾਂ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਅਦਾਲਤ ਨੇ ਇਕ ਅਕਾਲੀ ਆਗੂ, ਪੁਲਿਸ ਕਾਂਸਟੇਬਲ ਤੇ ਹੋਮਗਾਰਡ ਦੇ ਜਵਾਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਜੱਜ ਰਾਜ ਕੁਮਾਰ ਗਰਗ ਨੇ ਦੋਸ਼ੀਆਂ ਨੂੰ 1 ਲੱਖ 7 ਹਜ਼ਾਰ ਰੁਪਏ ਜੁਰਮਾਨਾ ਅਦਾ ਕਰਨ ਦੇ ਵੀ ਹੁਕਮ ਦਿੱਤੇ, ਜਿਸ ਵਿਚੋਂ ਪੀੜਤ ਪਰਿਵਾਰ ਨੂੰ 1 ਲੱਖ ਰੁਪਏ ਦੇਣ ਬਾਰੇ ਵੀ ਅਦਾਲਤ ਵਲੋਂ ਹੁਕਮ ਜਾਰੀ ਕੀਤੇ ਗਏ ਹਨ, ਜਦਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਵੀ ਅਦਾਲਤ ਨੇ ਪੀੜਤ ਪਰਿਵਾਰ ਨੂੰ ਢੁਕਵਾਂ ਮੁਆਵਜ਼ਾ ਦੇਣ ਲਈ ਕਿਹਾ ਹੈ। ਜਾਣਕਾਰੀ ਅਨੁਸਾਰ ਘਟਨਾ ਵਾਲੇ ਦਿਨ ਆਹਲੂਵਾਲੀਆ ਕਾਲੋਨੀ ਵਿਚ ਦੋਵੇਂ ਨੌਜਵਾਨ ਇਕ ਕਿਰਾਏ ਦੇ ਕਮਰੇ 'ਚ ਰਹਿ ਰਹੇ ਸਨ ਕਿ ਥਾਣਾ ਮਾਛੀਵਾੜਾ ਦੇ ਐਸ. ਐਚ. ਓ. ਮਨਜਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਨੇ ਘਰ 'ਤੇ ਧਾਵਾ ਬੋਲ ਦਿੱਤਾ ਤੇ ਪੁਲਿਸ ਵਲੋਂ ਚਲਾਈਆਂ ਗੋਲੀਆਂ ਨਾਲ ਦੋ ਦਲਿਤ ਭਰਾਵਾਂ ਹਰਿੰਦਰ ਸਿੰਘ ਲਾਲੀ ਤੇ ਜਤਿੰਦਰ ਸਿੰਘ ਉਰਫ਼ ਗੋਲਡੀ ਦੀ ਮੌਤ ਹੋ ਗਈ। ਇਹ ਦੋਵੇਂ ਸਮਰਾਲਾ ਨੇੜਲੇ ਖੇਤਰ ਦੇ ਰਹਿਣ ਵਾਲੇ ਸਨ, ਜਿਨ੍ਹਾਂ ਵਿਅਕਤੀਆਂ ਨੂੰ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿਚ ਸਿਪਾਹੀ ਯਾਦਵਿੰਦਰ ਸਿੰਘ, ਪੰਜਾਬ ਹੋਮਗਾਰਡ ਦਾ ਜਵਾਨ ਅਜੀਤ ਸਿੰਘ ਤੇ ਅਕਾਲੀ ਆਗੂ ਗੁਰਜੀਤ ਸਿੰਘ ਸੈਮ ਸ਼ਾਮਿਲ ਹਨ।ਸਾਬਕਾ ਪੁਲਿਸ ਮੁਲਾਜ਼ਮਾਂ ਯਾਦਵਿੰਦਰ ਸਿੰਘ ਅਤੇ ਅਜੀਤ ਸਿੰਘ ਨੂੰ 37-37 ਹਜ਼ਾਰ ਅਤੇ ਸਾਬਕਾ ਸਰਪੰਚ ਗੁਰਜੀਤ ਸਿੰਘ ਸੈਮ ਨੂੰ 35 ਹਜ਼ਾਰ ਰੁਪਏ ਜੁਰਮਾਨਾ ਵੀ ਲਗਾਇਆ ਗਿਆ ਹੈ। ਮਾਮਲੇ ਵਿਚ ਪੁਲਿਸ ਵਲੋਂ ਨਾਮਜ਼ਦ ਕੀਤੇ ਗਏ ਉਸ ਵੇਲੇ ਦੇ ਐਸ. ਐਚ. ਓ. ਮਨਜਿੰਦਰ ਸਿੰਘ ਤੇ ਗੰਡਰ ਸੁਖਬੀਰ ਸਿੰਘ ਖ਼ਿਲਾਫ਼ ਭਗੌੜੇ ਦੀ ਕਾਰਵਾਈ ਚੱਲ ਰਹੀ ਹੈ। ਅਦਾਲਤ ਵਲੋਂ ਹੋਮਗਾਰਡ ਦੇ ਇਕ ਹੋਰ ਜਵਾਨ ਬਲਦੇਵ ਸਿੰਘ ਨੂੰ ਸਬੂਤਾਂ ਦੀ ਘਾਟ ਦੱਸ ਕੇ ਬਰੀ ਕੀਤਾ ਗਿਆ ਹੈ।

ਜਿਸ ਬਾਰੇ ਪੀੜਤਾਂ ਦੇ ਪਰਿਵਾਰ ਦਾ ਕਹਿਣਾ ਹੈ ਉਹ ਇਸ ਸਬੰਧੀ ਹਾਈਕੋਰਟ ਵਿੱਚ ਅਪੀਲ ਵੀ ਕਰਨਗੇ। ਇਸ ਮਾਮਲੇ ਵਿੱਚ ਦੋ ਮੁਲਜ਼ਮ ਭਗੌੜੇ ਵੀ ਹਨ। ਸਾਬਕਾ ਪੁਲਿਸ ਇੰਸਪੈਕਟਰ ਮਨਜਿੰਦਰ ਸਿੰਘ ਅਤੇ ਉਨ੍ਹਾਂ ਦਾ ਹੀ ਇੱਕ ਹੋਰ ਸਾਥੀ ਪੁਲਿਸ ਮੁਲਾਜ਼ਮ, ਜਿਸ ਦੀ ਪੁਲਿਸ ਨੂੰ ਤਲਾਸ਼ ਹੈ।ਪੀੜਤ ਪਰਿਵਾਰ ਨੇ ਇਸ ਮਾਮਲੇ ਵਿੱਚ ਫਰਾਰ ਮੁਲਜ਼ਮਾਂ ਐੱਸਐੱਚਓ ਮਨਜਿੰਦਰ ਸਿੰਘ ਤੇ ਸੁਖਬੀਰ ਸਿੰਘ ਨੂੰ ਛੇਤੀ ਗ੍ਰਿਫ਼ਤਾਰ ਕਰਨ ਦੀ ਅਦਾਲਤ ਵਿੱਚ ਅਪੀਲ ਕੀਤੀ ਗਈ ਹੈ।

## ਐਨਕਾਊਂਟਰ 'ਚ ਮਾਰੇ ਗਏ ਮੁੰਡੇ ਕੌਣ ਸਨ



ਮ੍ਰਿਤਕ ਭਰਾਵਾਂ ਦੀਆਂ ਪੁਰਾਣੀਆਂ ਤਸਵੀਰਾਂ।

ਮਾਛੀਵਾੜਾ ਦੇ ਬੋਹਾਪੁਰ ਪਿੰਡ ਦੇ ਰਹਿਣ ਵਾਲੇ ਦੋਵੇਂ ਸਕੇ ਭਰਾਵਾਂ ਵਿੱਚੋਂ ਜਤਿੰਦਰ ਸਿੰਘ 2014 ਵਿੱਚ ਆਪਣੀ ਪੜ੍ਹਾਈ ਪੂਰੀ ਕਰ ਕੇ ਪੀਸੀਐੱਸ ਦੀ ਤਿਆਰੀ ਕਰ ਰਿਹਾ ਸੀ ਤੇ ਉਸ ਦਾ ਛੋਟਾ ਭਰਾ ਉਸ ਵੇਲੇ ਆਪਣੀ ਡਿਗਰੀ ਪੂਰੀ ਕਰਨ ਦੇ ਨਾਲ ਨਾਲ ਨੌਕਰੀ ਕਰ ਰਿਹਾ ਸੀ। ਇਸ ਦੌਰਾਨ ਸਰਪੰਚ ਗੁਰਜੀਤ ਸਿੰਘ ਸੈਮ ਨੇ ਇਨ੍ਹਾਂ ਦੋਵਾਂ ਖਿਲਾਫ਼ ਮਾਛੀਵਾੜਾ ਥਾਣੇ ਵਿੱਚ ਕਿਸੇ ਲੜਾਈ ਝਗੜੇ ਦੇ ਮਾਮਲੇ ਵਿੱਚ ਇਰਾਦਾ ਕਤਲ ਦਾ ਪਰਚਾ ਦਰਜ ਕਰਵਾਇਆ ਸੀ ਜਿਸ ਦੀ ਪਰਿਵਾਰ ਵਲੋਂ ਵੱਡੇ ਅਫਸਰਾਂ ਅੱਗੇ ਪੇਸ਼ ਹੋ ਕੇ ਜਾਂਚ ਕਰਵਾਈ ਗਈ ਸੀ।

ਦੋਵੇਂ ਭਰਾ ਲੁਧਿਆਣਾ ਦੀ ਆਹਲੂਵਾਲੀਆ ਕਲੋਨੀ ਦੇ ਪੀਜੀ ਵਿੱਚ ਰਹਿ ਰਹੇ ਸਨ ਕਿ ਅਚਾਨਕ ਮਾਛੀਵਾੜਾ ਪੁਲਿਸ ਤੇ ਸਰਪੰਚ ਨੇ ਆ ਕੇ ਉਥੇ ਧਾਵਾ ਬੋਲ ਦਿੱਤਾ। ਇਸ ਦੌਰਾਨ ਪੁਲਿਸ ਮੁਲਾਜ਼ਮਾਂ ਨੇ ਦੋਵਾਂ ਭਰਾਵਾਂ ਦਾ ਗੋਲੀਆਂ ਮਾਰ ਕੇ ਕਤਲ ਕਰਨ ਤੋਂ ਬਾਅਦ ਇਸ ਨੂੰ ਐਨਕਾਊਂਟਰ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਜਿਸ ਤੋਂ ਬਾਅਦ ਉਸ ਵੇਲੇ ਦੇ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਪ੍ਰਮੋਦ ਬਾਨ ਨੇ ਮੌਕੇ ਉੱਤੇ ਜਾ ਕੇ ਇਲਾਕੇ ਦੇ ਲੋਕਾਂ ਦੇ ਬਿਆਨ ਲਏ ਤੇ ਮਾਮਲਾ ਦਰਜ ਕੀਤਾ।

ਦੋਵਾਂ ਦੀ ਮ੍ਰਿਤਕ ਦੇਹ ਪੋਸਟਮਾਰਟਮ ਕਰਵਾਇਆ ਤਾਂ ਡਾਕਟਰਾਂ ਨੇ ਸਾਫ ਕਰ ਦਿੱਤਾ ਕਿ ਗੋਲੀਆਂ ਦੋਹਾਂ ਨੂੰ ਕੋਲ ਬਿਠਾ ਕੇ ਨੇੜਿਓਂ ਮਾਰੀਆਂ ਗਈਆਂ ਹਨ। ਜਿਸ ਤੋਂ ਬਾਅਦ ਲੁਧਿਆਣਾ ਪੁਲਿਸ ਨੇ ਇਸ ਮਾਮਲੇ ਵਿੱਚ ਸਰਪੰਚ ਤੇ ਪੁਲਿਸ ਮੁਲਾਜ਼ਮਾਂ ਤੋਂ ਪੁੱਛਗਿੱਛ ਕੀਤੀ ਕੇ ਕਤਲ ਦੇ ਭੇਦ ਤੋਂ ਪਰਦਾ ਹਟਾਇਆ।

## ਦਿੱਲੀ ਵਿਚ ਮਨੁੱਖੀ ਬਲੀ ਵਜੋਂ 6 ਸਾਲਾ ਬੱਚੇ ਦਾ ਕਤਲ ਹੱਤਿਆ

ਨਵੀਂ ਦਿੱਲੀ/ਏ.ਟੀ.ਨਿਊਜ਼ :- ਦੱਖਣੀ ਦਿੱਲੀ ਦੀ ਲੋਧੀ ਕਾਲੋਨੀ ਵਿਚ ਇਕ 6 ਸਾਲਾ ਬੱਚੇ ਦੀ ਬਲੀ ਦੇਣ ਦਾ ਮਾਮਲਾ ਸਾਹਮਣਾ ਆਇਆ ਹੈ ।ਮਾਮਲੇ ਵਿਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ । ਪੁਲਿਸ ਨੇ ਦੱਸਿਆ ਕਿ ਦੋਸ਼ੀਆਂ ਦੀ ਪਹਿਚਾਣ ਵਿਜੇ ਕੁਮਾਰ ਅਤੇ ਅਮਰ ਕੁਮਾਰ ਵਜੋਂ ਹੋਈ ਹੈ ਜੋ ਕਿ ਬਿਹਾਰ ਦੇ ਰਹਿਣ ਵਾਲੇ ਹਨ। ਜਦੋਂ ਉਕਤ ਦੋਸ਼ੀਆਂ ਨੇ 6 ਸਾਲਾ ਲੜਕੇ ਦੀ ਬਲੀ ਦਿੱਤੀ ਤਾਂ ਉਹ ਨਸ਼ੇ ਵਿਚ ਸਨ। ਜਾਣਕਾਰੀ ਅਨੁਸਾਰ ਦੋਸ਼ੀ ਅਤੇ ਪੀੜਤ ਬੱਚੇ ਦੇ ਮਾਪੇ ਮਜ਼ਦੂਰੀ ਕਰਦੇ ਹਨ ਅਤੇ ਦੋਸ਼ੀਆਂ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਤਾਂਤਰਿਕ ਦੇ ਕਹਿਣ ਤੇ 'ਸੁਖ' ਪ੍ਰਾਪਤ ਕਰਨ ਲਈ ਬੱਚੇ ਨੂੰ ਮਾਰ ਦਿੱਤਾ।

# ਗੈਂਗਸਟਰ ਦੀਪਕ ਟੀਨੂੰ ਦੇ ਦੇਸ਼ ਛੱਡਣ ਦੀ ਸੰਭਾਵਨਾ

## ਟੀਨੂੰ ਦੀ ਪ੍ਰੇਮਿਕਾ ਨੇ ਪੁਲਿਸ ਕੋਲ ਕੀਤਾ ਖ਼ੁਲਾਸਾ
## ਵੱਡੇ ਅਫ਼ਸਰਾਂ ਦੀ ਆ ਸਕਦੀ ਹੈ ਸ਼ਾਮਤ



ਮਾਨਸਾ/ਏ.ਟੀ.ਨਿਊਜ਼ :- ਮਰਹੂਮ ਗਾਇਕ ਸਿੱਧੂ ਮੂਸੇਵਾਲਾ ਹੱਤਿਆ ਕਾਂਡ ਦੇ ਮੁਲਜ਼ਮ ਤੇ ਫ਼ਰਾਰ ਹੋਏ ਖ਼ਤਰਨਾਕ ਅਪਰਾਧੀ ਦੀਪਕ ਟੀਨੂੰ ਵਿਦੇਸ਼ ਭੱਜਣ ਵਿਚ ਸਫਲ ਹੋ ਗਿਆ ਹੈ। ਭਾਵੇਂ ਇਸ ਸੰਬੰਧੀ ਪੁਖ਼ਤਾ ਸਬੂਤ ਨਹੀਂ ਮਿਲੇ ਪਰ ਸੂਤਰਾਂ ਦੀ ਮੰਨੀ ਜਾਵੇ ਤਾਂ ਉਹ ਕਈ ਦਿਨ ਪਹਿਲਾਂ ਹੀ ਮਾਲਦੀਵ ਰਾਹੀਂ ਅਰਬ ਦੇ ਕਿਸੇ ਦੇਸ਼ ਵਿਚ ਪਹੁੰਚ ਚੁੱਕਾ ਹੈ। ਇਹ ਵੀ ਪਤਾ ਲੱਗਾ ਹੈ ਕਿ ਜਿਸ ਦੇਸ਼ ਵਿਚ ਟੀਨੂੰ ਪਹੁੰਚਿਆ ਹੈ, ਉੱਥੇ ਪਹਿਲਾਂ ਤੋਂ ਹੀ ਉਸ ਦਾ ਵੱਡਾ ਕਾਰੋਬਾਰ ਦੱਸਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਟੀਨੂੰ ਨੂੰ ਭਜਾਉਣ ਸਮੇਂ ਜਿਹੜੀ ਲੜਕੀ ਜਤਿੰਦਰ ਕੌਰ ਜੋਤੀ ਨੂੰ ਬੀਤੇ ਦਿਨੀਂ ਏ. ਜੀ. ਟੀ. ਐਫ. ਦੀ ਟੀਮ ਵਲੋਂ ਮੁੰਬਈ ਦੇ ਹਵਾਈ ਅੱਡੇ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ ਸੀ, ਨੇ ਇਹ ਮੰਨਿਆ ਹੈ ਕਿ ਉਹ ਵੀ ਮਾਲਦੀਵ ਜਾਣ ਦੀ ਤਿਆਰੀ ਵਿਚ ਸੀ। ਉਸ ਦੀ ਟਿਕਟ ਆਦਿ ਦਾ ਪ੍ਰਬੰਧ ਵੀ ਟੀਨੂੰ ਵਲੋਂ ਕੀਤੇ ਜਾਣ ਦੀ ਕੰਨਸੋਅ ਮਿਲ ਰਹੀ ਹੈ। ਜਾਣਕਾਰੀ ਅਨੁਸਾਰ ਲੁਧਿਆਣਾ ਵਾਸੀ ਉਕਤ ਲੜਕੀ ਜੋ ਜ਼ੀਰਕਪੁਰ ਵਿਖੇ ਰੈਣ ਬਸੇਰਾ ਰੱਖ ਰਹੀ ਹੈ, ਨੇ ਪੁਲਿਸ ਕੋਲ ਖ਼ੁਲਾਸਾ ਕੀਤਾ ਹੈ ਕਿ ਕੁਝ ਦਿਨ ਪਹਿਲਾਂ ਟੀਨੂੰ ਵਿਦੇਸ਼ ਚਲਾ ਗਿਆ ਹੈ। ਸਵਾਲ ਇਹ ਉੱਠਦਾ ਹੈ ਕਿ ਗੈਂਗਸਟਰ ਦੇ ਹਿਰਾਸਤ 'ਚੋਂ ਭੱਜਣ ਉਪਰੰਤ ਲੁੱਕ ਆਊਟ ਨੋਟਿਸ ਜਾਰੀ ਕਰ ਦਿੱਤਾ ਗਿਆ ਸੀ ਪਰ ਫਿਰ ਵੀ ਉਹ ਜਾਅਲੀ ਪਾਸਪੋਰਟ ਜਰੀਏ ਵਿਦੇਸ਼ ਕਿਵੇਂ ਪਹੁੰਚ ਗਿਆ ? ਇਸ ਤਰ੍ਹਾਂ ਦੇ ਸੰਗੀਨ ਅਪਰਾਧੀ ਸਹਿਜ ਨਾਲ ਵਿਦੇਸ਼ ਕਿਵੇਂ ਭੱਜ ਜਾਂਦੇ ਹਨ ? ਇਹ ਵੀ ਆਪਣੇ ਆਪ ਵਿਚ ਵੱਡਾ ਸਵਾਲ ਹੈ । ਉੱਧਰ ਪੰਜਾਬ ਪੁਲਿਸ ਦੇ ਆਈ.ਜੀ. ਸੁਖਚੈਨ ਸਿੰਘ ਗਿੱਲ ਨੇ ਸਪੱਸ਼ਟ ਕੀਤਾ ਹੈ ਕਿ ਮੀਡੀਆ ਦੇ ਇੱਕ ਹਿੱਸੇ ਵਿਚ ਗ੍ਰਿਫ਼ਤਾਰ ਕੀਤੀ ਲੜਕੀ ਨੂੰ ਪੰਜਾਬ ਪੁਲਿਸ ਦੀ ਕਾਂਸਟੇਬਲ ਦੱਸਿਆ ਜਾ ਰਿਹਾ ਹੈ, ਉਹ ਗ਼ਲਤ ਹੈ ਕਿਉਂਕਿ ਇਹ ਕੁੜੀ ਪੇਸ਼ੇ ਵਜੋਂ ਮੇਕਅੱਪ ਆਰਟਿਸਟ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਫ਼ਰਾਰ ਅਪਰਾਧੀ ਦੇ ਟਿਕਾਣੇ ਬਾਰੇ ਹਾਲੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਕਿ ਉਹ ਭਾਰਤ ਵਿਚ ਹੈ ਜਾਂ ਵਿਦੇਸ਼ ਭੱਜ ਗਿਆ। ਉਨ੍ਹਾਂ ਆਸ ਜਤਾਈ ਕਿ

(ਬਾਕੀ ਸਫ਼ਾ 30 'ਤੇ)

ਜਲੰਧਰ ਦੀ ਤਾਜਪੁਰ ਚਰਚ ਫਿਰ ਵਿਵਾਦ ਵਿਚ

# ਇਲਾਜ ਲਈ ਆਇਆ ਯੂ.ਪੀ. ਦਾ ਵਿਅਕਤੀ ਬਾਥਰੂਮ ਵਿਚੋਂ ਗਾਇਬ




ਲਾਂਬੜਾ/ਏ.ਟੀ.ਨਿਊਜ਼ :- ਜਲੰਧਰ ਦੇ ਥਾਣਾ ਲਾਂਬੜਾ ਅਧੀਨ ਆਉਂਦੀ ਤਾਜਪੁਰ ਸਥਿਤ ਚਰਚ ਇਕ ਵਾਰ ਫਿਰ ਤੋਂ ਚਰਚਾ ਵਿਚ ਹੈ। ਇਥੇ ਦੱਸ ਦਈਏ ਕਿ ਇਸ ਵਾਰ ਪ੍ਰਾਥਨਾ ਦੌਰਾਨ ਇਲਾਜ ਕਰਵਾਉਣ ਆਏ ਕਿਸੇ ਵਿਅਕਤੀ ਦੇ ਮਰਨ ਕਾਰਨ ਨਹੀਂ ਸਗੋਂ ਇਸ ਵਾਰ ਕਿਸੇ ਵਿਅਕਤੀ ਦੇ ਗਾਇਬ ਹੋਣ ਕਾਰਨ ਚਰਚ ਵਿਵਾਦਾਂ ਵਿਚ ਆਈ ਹੈ। ਦਰਅਸਲ ਉੱਤਰ ਪ੍ਰਦੇਸ਼ ਦੇ ਹਾਥਰਸ ਤੋਂ ਆਪਣਾ ਇਲਾਜ ਕਰਵਾਉਣ ਆਇਆ ਇਕ 50 ਸਾਲਾ ਵਿਅਕਤੀ ਚਰਚ ਵਿਚੋਂ ਗਾਇਬ ਹੋ ਗਿਆ ਹੈ।

ਇੱਥੇ ਤਾਜਪੁਰ ਚਰਚ ਵਿਚ ਦੋ ਦਿਨ ਸ਼ਨੀਵਾਰ ਅਤੇ ਐਤਵਾਰ ਨੂੰ ਰੋਗੀਆਂ ਦੇ ਦੁੱਖ ਦੂਰ ਕਰਨ ਲਈ ਵਿਸ਼ੇਸ਼ ਪ੍ਰਾਥਨਾ ਕੀਤੀ ਜਾਂਦੀ ਹੈ। ਸੋਸ਼ਲ ਮੀਡੀਆ 'ਤੇ ਇਸ਼ਤਿਹਾਰ ਵੇਖ ਕੇ ਦੂਰ-ਦੂਰ ਤੋਂ ਲੋਕ ਇਥੇ ਪ੍ਰਾਥਨਾ ਨਾਲ ਆਪਣਾ ਇਲਾਜ ਕਰਵਾਉਣ ਆਉਂਦੇ ਹਨ। ਇੰਝ ਹੀ ਉੱਤਰ ਪ੍ਰਦੇਸ਼ ਦੇ ਹਾਥਰਸ ਤੋਂ ਕਰੀਬ 50 ਸਾਲਾ ਮੁੰਨਾ ਲਾਲ ਆਪਣੇ ਜਵਾਈ ਆਸ਼ੀਸ਼ ਦੇ ਨਾਲ ਚਰਚ ਵਿਚ ਇਲਾਜ ਕਰਵਾਉਣ ਲਈ ਆਇਆ ਸੀ।

ਉਨ੍ਹਾਂ ਦੇ ਜਵਾਈ ਆਸ਼ੀਸ਼ ਮੁਤਾਬਕ ਉਸ ਦਾ ਸਹੁਰਾ ਐਤਵਾਰ ਦੇ ਦਿਨ ਚਰਚ ਵਿੱਚ ਪ੍ਰਾਰਥਨਾ ਦੌਰਾਨ ਬਾਥਰੂਮ ਗਿਆ ਪਰ ਵਾਪਸ ਨਹੀਂ ਪਰਤਿਆ। ਉਨ੍ਹਾਂ ਦਾ ਕਹਿਣਾ ਹੈ ਕਿ ਉਸ ਨੇ ਆਪਣੇ ਸਹੁਰੇ ਦੀ ਆਸੇ ਪਾਸੇ ਭਾਲ ਕੀਤੀ ਪਰ ਨਹੀਂ ਮਿਲਿਆ। ਉਸ ਨੇ ਦੋਸ਼ ਲਾਇਆ ਕਿ ਜਦੋਂ ਉਸ ਨੇ ਇਸ ਬਾਰੇ ਚਰਚ ਪ੍ਰਬੰਧਕਾਂ ਨਾਲ ਇਸ ਦੀ ਗੱਲ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਧੱਕਾਮੁੱਕੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਮੋਬਾਇਲ ਫੋਨ ਫੜ ਲਿਆ ਗਿਆ।

ਆਸ਼ੀਸ਼ ਨੇ ਦੱਸਿਆ ਕਿ ਪੁਲਿਸ ਨੇ ਉਸ ਦੀ ਇਕ ਨਾ ਸੁਣੀ ਅਤੇ ਪੁਲਿਸ ਵੀ ਇਨ੍ਹਾਂ ਦਾ ਸਾਥ ਦੇ ਰਹੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਦਿਨ ਪਹਿਲਾਂ 4 ਸਾਲ ਦੀ ਬੱਚੀ ਦੀ ਚਰਚ ਅੰਦਰ ਮੌਤ ਹੋ ਗਈ ਸੀ ਜੋ ਕਿ ਬਹੁਤ ਹੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਇਸ ਸੰਬੰਧੀ ਥਾਣਾ ਲਾਂਬੜਾ ਦੇ ਐੱਸ. ਐੱਚ. ਓ. ਅਮਨ ਸੈਣੀ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨਾਲ ਫੋਨ 'ਤੇ ਗੱਲ ਨਹੀਂ ਹੋ ਸਕੀ।

# ਸਵਿਸ ਬੈਂਕ ਖਾਤਿਆਂ ਦੇ ਵੇਰਵਿਆਂ ਦੀ ਭਾਰਤ ਨੂੰ ਪ੍ਰਾਪਤ ਹੋਈ ਚੌਥੀ ਸੂਚੀ

## ਟੈਕਸ ਚੋਰੀ, ਹਵਾਲਾ ਰਾਸ਼ੀ ਅਤੇ ਅੱਤਵਾਦ ਫੰਡਿੰਗ ਸਮੇਤ ਹੋਰਨਾਂ ਮਾਮਲਿਆਂ ਵਿਚ ਜਾਂਚ ਲਈ ਵਰਤੇ ਜਾਣਗੇ ਅੰਕੜੇ

ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤ ਨੂੰ ਆਪਣੇ ਨਾਗਰਿਕਾਂ ਅਤੇ ਸੰਗਠਨਾਂ ਦੇ ਸਵਿਸ ਬੈਂਕ ਖਾਤਿਆਂ ਦੇ ਵੇਰਵਿਆਂ ਦੀ ਚੌਥੀ ਸੂਚੀ ਪ੍ਰਾਪਤ ਹੋ ਗਈ ਹੈ। ਭਾਰਤ ਨੂੰ ਇਹ ਜਾਣਕਾਰੀ ਸਾਲਾਨਾ ਆਟੋਮੈਟਿਕ ਸੂਚਨਾ ਵਟਾਂਦਰੇ ਦੇ ਤਹਿਤ ਮਿਲੀ ਹੈ। ਸਵਿਟਜ਼ਰਲੈਂਡ ਨੇ ਇਸ ਤਹਿਤ 101 ਦੇਸ਼ਾਂ ਦੇ ਲਗਭਗ 34 ਲੱਖ ਵਿੱਤੀ ਖਾਤਿਆਂ ਦੀ ਜਾਣਕਾਰੀ ਸਾਂਝੀ ਕੀਤੀ ਹੈ। ਭਾਰਤ ਨਾਲ ਸਾਂਝੇ ਕੀਤੇ ਗਏ ਨਵੇਂ ਵੇਰਵੇ ਸੈਂਕੜੇ ਵਿੱਤੀ ਖਾਤਿਆਂ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚ ਵਿਅਕਤੀਆਂ, ਕਾਰਪੋਰੇਟਾਂ ਤੇ ਟਰੱਸਟਾਂ ਨਾਲ ਜੁੜੇ ਖਾਤਿਆਂ ਦੇ ਮਾਮਲੇ ਸ਼ਾਮਿਲ ਹਨ। ਇਨ੍ਹਾਂ ਅੰਕੜਿਆਂ ਦੀ ਵਰਤੋਂ ਟੈਕਸ ਚੋਰੀ, ਹਵਾਲਾ ਰਾਸ਼ੀ ਅਤੇ ਅੱਤਵਾਦ ਫੰਡਿੰਗ ਸਮੇਤ ਹੋਰਨਾਂ ਗਲਤ ਕੰਮਾਂ ਦੀ ਜਾਂਚ ਵਿਚ ਵੱਡੇ ਪੈਮਾਨੇ 'ਤੇ ਕੀਤੀ ਜਾਵੇਗੀ। ਹਾਲਾਂਕਿ ਅਧਿਕਾਰੀਆਂ ਨੇ ਸੂਚਨਾਵਾਂ ਦੇ ਆਦਾਨ-ਪ੍ਰਦਾਨ ਦੀ ਭੇਦ ਰੱਖਣ ਦੀ ਸ਼ਰਤ ਅਤੇ ਅੱਗੇ ਦੀ ਜਾਂਚ 'ਤੇ ਪੈਣ ਵਾਲੇ ਪ੍ਰਭਾਵ ਦਾ ਹਵਾਲਾ ਦਿੰਦਿਆਂ ਹੋਇਆਂ ਵਧੇਰੇ ਜਾਣਕਾਰੀ ਦਾ ਖੁਲਾਸਾ ਨਹੀਂ ਕੀਤਾ। ਸੰਘੀ ਕਰ ਪ੍ਰਸ਼ਾਸਨ (ਐਫ. ਟੀ. ਏ.) ਨੇ ਆਪਣੇ ਬਿਆਨ ਵਿਚ ਕਿਹਾ ਕਿ ਇਸ ਸਾਲ ਸੂਚਨਾਵਾਂ ਦੇ ਆਦਾਨ-ਪ੍ਰਦਾਨ ਨਾਲ ਸੰਬੰਧਿਤ ਸੂਚੀ 'ਚ ਪੰਜ ਨਵੇਂ ਦੇਸ਼ ਜੋੜੇ ਗਏ ਹਨ। ਇਨ੍ਹਾਂ ਦੇਸ਼ਾਂ 'ਚ ਅਲਬਾਨੀਆ, ਬਰੁਨੇਈ ਦਾਰੁਸਲਾਮ, ਨਾਈਜੀਰੀਆ, ਪੇਰੂ ਤੇ ਤੁਰਕੀ ਸ਼ਾਮਿਲ ਹਨ। ਸਾਂਝੇ ਕੀਤੇ ਗਏ ਵਿੱਤੀ ਖਾਤਿਆਂ ਦੀ ਗਿਣਤੀ ਵਿਚ ਲਗਭਗ ਇਕ ਲੱਖ ਦਾ ਵਾਧਾ ਹੋਇਆ ਹੈ। ਨਾਂਅ ਨਾ

# ਸੁਪਰੀਮ ਕੋਰਟ ਵੱਲੋਂ ਗਾਂ ਨੂੰ ਕੌਮੀ ਪਸ਼ੂ ਐਲਾਨੇ ਜਾਣ ਦੀ ਮੰਗ ਸਬੰਧੀ ਪਟੀਸ਼ਨ ਖਾਰਜ

ਦਿੱਲੀ/ਏ.ਟੀ.ਨਿਊਜ਼:- ਸੁਪਰੀਮ ਕੋਰਟ ਨੇ ਗਾਂ ਨੂੰ ਕੌਮੀ ਪਸ਼ੂ ਐਲਾਨੇ ਜਾਣ ਦਾ ਨਿਰਦੇਸ਼ ਦੇਣ ਦੀ ਮੰਗ ਕਰਦੀ ਪਟੀਸ਼ਨ ਉਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਹੈ। ਜਸਟਿਸ ਐਸ.ਕੇ. ਕੌਲ ਤੇ ਜਸਟਿਸ ਅਭੈ ਐਸ ਓਕਾ ਨੇ ਪਟੀਸ਼ਨਰਾਂ ਨੂੰ ਪੁੱਛਿਆ ਕਿ ਇਸ ਨਾਲ ਕਿਹੜਾ ਬੁਨਿਆਦੀ ਅਧਿਕਾਰ ਪ੍ਰਭਾਵਿਤ ਹੋ ਰਿਹਾ ਹੈ।

ਬੈਂਚ ਨੇ ਕਿਹਾ, 'ਕੀ ਇਹ ਅਦਾਲਤ ਦਾ ਕੰਮ ਹੈ? ਤੁਸੀਂ ਅਜਿਹੀਆਂ ਪਟੀਸ਼ਨਾਂ ਦਾਇਰ ਹੀ ਕਿਉਂ ਕਰਦੇ ਹੋ ਕਿ ਸਾਨੂੰ ਉਸ ਉਤੇ ਜੁਰਮਾਨਾ ਲਾਉਣਾ ਪਵੇ? ਕਿਹੜੇ ਬੁਨਿਆਦੀ ਅਧਿਕਾਰ ਦੀ ਉਲੰਘਣਾ ਹੋਈ ਹੈ? ਕਿਉਂਕਿ ਤੁਸੀਂ ਅਦਾਲਤ ਆਏ ਹੋ ਤਾਂ ਕੀ ਅਸੀਂ ਨਕਾਰਾਤਮਕ ਨਤੀਜੇ ਦੀ ਪ੍ਰਵਾਹ ਕੀਤੇ ਬਿਨਾਂ ਇਹ ਕਰੀਏ?' ਬੈਂਚ ਨੇ ਪਟੀਸ਼ਨਰ ਦੇ ਵਕੀਲ ਨੂੰ ਸੁਚੇਤ ਕੀਤਾ ਕਿ ਅਦਾਲਤ ਜੁਰਮਾਨਾ ਲਾਏਗੀ। ਇਸ ਮਗਰੋਂ ਉਨ੍ਹਾਂ ਪਟੀਸ਼ਨ ਵਾਪਸ ਲੈ ਲਈ ਅਤੇ ਮਾਮਲਾ ਖਾਰਜ ਕਰ ਦਿੱਤਾ ਗਿਆ।

# ਭਾਰਤ ਵਿੱਚ ਬਣਨ ਵਾਲੀਆਂ 4 ਖੰਘ-ਜ਼ੁਕਾਮ ਦੀਆਂ ਦਵਾਈਆਂ 'ਤੇ ਰੋਕ, ਡਬਲਿਊਐੱਚਓ ਨੇ ਦਿੱਤੀ ਚੇਤਾਵਨੀ

ਦਿੱਲੀ/ਏ.ਟੀ.ਨਿਊਜ਼ :- ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਨੇ ਭਾਰਤ ਦੀ ਮੇਡਨ ਫਾਰਮਾਸਿਊਟੀਕਲ ਕੰਪਨੀ ਨੂੰ ਉਨ੍ਹਾਂ ਦੇ ਚਾਰ ਕਫ ਅਤੇ ਕੋਲਡ ਸਿਰਪ (ਖਾਂਸੀ-ਜ਼ੁਕਾਮ ਦੀ ਦਵਾਈ) ਲਈ ਚੇਤਾਵਨੀ ਜਾਰੀ ਕੀਤੀ ਹੈ।ਬੀਤੇ ਦਿਨੀਂ ਵਿਸ਼ਵ ਸਿਹਤ 'ਤੇ ਮੀਡੀਆ ਬ੍ਰੀਫਿੰਗ ਦੌਰਾਨ ਡਬਲਿਊਐੱਚਓ ਦੀ ਇਹ ਚੇਤਾਵਨੀ ਪੱਛਮੀ ਅਫਰੀਕਾ ਦੇ ਦੇਸ਼ ਗਾਂਬੀਆ ਵਿੱਚ 66 ਬੱਚਿਆਂ ਦੀ ਮੌਤ ਨੂੰ ਲੈ ਕੇ ਦਿੱਤੀ ਗਈ ਹੈ।




ਸੰਗਠਨ ਨੇ ਕਿਹਾ, 'ਡਬਲਿਊਐੱਚਓ ਨੇ ਗਾਂਬੀਆ ਵਿੱਚ ਮਿਲੀਆਂ ਚਾਰ ਦਵਾਈਆਂ ਨੂੰ ਲੈ ਕੇ ਇੱਕ ਮੈਡੀਕਲ ਪ੍ਰੋਡਕਟ ਚੇਤਾਵਨੀ ਜਾਰੀ ਕੀਤੀ ਹੈ ਜਿਸ ਦੇ ਐਕਿਊਟ ਕਿਡਨੀ ਇੰਜਰੀ ਅਤੇ 66 ਬੱਚਿਆਂ ਦੀ ਮੌਤ ਨਾਲ ਜੁੜੇ ਹੋਣ ਦੀ ਸੰਭਾਵਨਾ ਹੈ। ਡਬਲਿਊਐੱਚਓ, ਭਾਰਤ ਵਿੱਚ ਰੈਗੂਲੇਟਰੀ ਅਥਾਰਟੀਆਂ ਨਾਲ ਅੱਗੇ ਦੀ ਜਾਂਚ ਕਰ ਰਹੀ ਹੈ। ਇਹ ਦੂਸ਼ਿਤ ਉਤਪਾਦ ਹੁਣ ਤੱਕ ਸਿਰਫ਼ ਗਾਂਬੀਆ ਵਿੱਚ ਹੀ ਪਾਏ ਗਏ ਹਨ ਪਰ ਇਹ ਦੂਜੇ ਦੇਸ਼ਾਂ ਵਿੱਚ ਵੀ ਵੰਡੇ ਗਏ ਹੋਣਗੇ।'

ਡਬਲਿਊਐੱਚਓ ਨੇ ਮਰੀਜ਼ਾਂ ਨੂੰ ਨੁਕਸਾਨ ਪਹੁੰਚਣ ਤੋਂ ਰੋਕਣ ਲਈ ਸਾਰੇ ਦੇਸ਼ਾਂ ਨੂੰ ਇਨ੍ਹਾਂ ਉਤਪਾਦਾਂ ਦੀ ਜਾਂਚ ਕਰਨ ਦੀ ਸਲਾਹ ਦਿੱਤੀ ਹੈ। ਡਬਲਿਊਐੱਚਓ ਮੁਤਾਬਕ ਚਾਰ ਉਤਪਾਦਾਂ ਵਿੱਚੋਂ ਹਰੇਕ ਦੇ ਨਮੂਨਿਆਂ ਦਾ ਪ੍ਰਯੋਗਸ਼ਾਲਾ ਵਿਸ਼ਲੇਸ਼ਣ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਨ੍ਹਾਂ ਵਿੱਚ ਡਾਇਥਾਈਲੀਨ ਗਲਾਈਕੋਲ ਅਤੇ ਐਥੀਲੀਨ ਗਲਾਈਕੋਲ ਦੀ ਅਪ੍ਰਵਾਨਿਤ ਮਾਤਰਾ ਦੂਸ਼ਿਤ ਪਦਾਰਥਾਂ ਵਜੋਂ ਹੁੰਦੀ ਹੈ।

### ਜੋਖ਼ਮ ਕੀ ਹੈ

ਇਨ੍ਹਾਂ ਦਵਾਈਆਂ ਦੀ ਜਾਂਚ ਤੋਂ ਡਬਲਿਊਐੱਚਓ ਨੇ ਦੱਸਿਆ ਹੈ ਕਿ ਇਨ੍ਹਾਂ ਵਿੱਚ ਡਾਇਥਾਈਲੀਨ ਗਲਾਈਕੋਲ ਅਤੇ ਐਥਲੀਨ ਗਲਾਈਕੋਲ ਦੀ ਅਣਉਚਿਤ ਮਾਤਰਾ ਪਾਈ ਗਈ ਹੈ। ਇਹ ਸੇਵਨ ਕਰਨ 'ਤੇ ਮਨੁੱਖਾਂ ਲਈ ਜ਼ਹਿਰੀਲੇ ਹੁੰਦੇ ਅਤੇ ਘਾਤਕ ਸਾਬਤ ਹੋ ਸਕਦੇ ਹਨ। ਜ਼ਹਿਰੀਲੇ ਅਸਰ ਦੌਰਾਨ ਪੇਟ ਵਿੱਚ ਦਰਦ, ਉਲਟੀਆਂ, ਦਸਤ, ਪਿਸ਼ਾਬ ਕਰਨ ਵਿੱਚ ਅਸਮਰੱਥਾ, ਸਿਰ ਦਰਦ, ਬਦਲੀ ਹੋਈ ਮਾਨਸਿਕ ਸਥਿਤੀ ਅਤੇ ਗੁਰਦੇ ਨੂੰ ਨੁਕਸਾਨ ਪਹੁੰਚ ਸਕਦਾ ਹੈ ਜਿਸ ਕਾਰਨ ਮੌਤ ਹੋ ਸਕਦੀ ਹੈ। ਇਨ੍ਹਾਂ ਉਤਪਾਦਾਂ ਦੇ ਸਾਰੇ ਬੈਚਾਂ ਨੂੰ ਉਦੋਂ ਤੱਕ ਅਸੁਰੱਖਿਅਤ ਮੰਨਿਆ ਜਾਣਾ ਚਾਹੀਦਾ ਹੈ ਜਦੋਂ ਤੱਕ ਉਨ੍ਹਾਂ ਦਾ ਸੰਬੰਧਿਤ ਰਾਸ਼ਟਰੀ ਰੈਗੂਲੇਟਰੀ ਅਥਾਰਟੀਆਂ ਵੱਲੋਂ ਵਿਸ਼ਲੇਸ਼ਣ ਨਹੀਂ ਕੀਤਾ ਜਾਂਦਾ।

ਡਬਲਿਊਐੱਚਓ ਨੇ ਕਿਹਾ ਹੈ ਕਿ ਇਸ ਚੇਤਾਵਨੀ ਵਿੱਚ ਸੰਕੇਤਕ ਘਟੀਆ ਉਤਪਾਦ ਅਸੁਰੱਖਿਅਤ ਹਨ ਅਤੇ ਉਨ੍ਹਾਂ ਦੀ ਵਰਤੋਂ ਕਾਰਨ, ਖ਼ਾਸ ਕਰਕੇ ਬੱਚਿਆਂ ਨੂੰ ਗੰਭੀਰ ਨੁਕਸਾਨ ਹੋ ਸਕਦੇ ਹਨ ਜਾਂ ਮੌਤ ਹੋ ਸਕਦੀ ਹੈ।ਦਿੱਲੀ ਸਥਿਤ ਕੇਂਦਰੀ ਡਰੱਗ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਇਹ ਖੰਘ ਦੇ ਸਿਰਪ ਹਰਿਆਣਾ ਦੀ ਇੱਕ ਕੰਪਨੀ ਵਿੱਚ ਬਣਦੇ ਹਨ।ਸੂਚਨਾ ਮੁਤਾਬਕ ਦਿੱਲੀ, ਸੋਨੀਪਤ ਅਤੇ ਚੰਡੀਗੜ੍ਹ ਦੀਆਂ ਟੀਮਾਂ ਨੇ ਕੁੰਡਲੀ ਸਥਿਤ ਇਸ ਦਵਾ ਫੈਕਟਰੀ ਵਿੱਚ ਛਾਪਾ ਮਾਰਿਆ ਹੈ। ਇਸ ਦੌਰਾਨ ਦਿੱਲੀ ਦੇ ਨਾਲ ਹਰਿਆਣਾ ਡਰੱਗ ਕੰਟ੍ਰੋਲ ਮਨਮੋਹਨ ਤਨੇਜਾ ਦੀ ਅਗਵਾਈ ਵਿੱਚ ਟੀਮਾਂ ਨੇ ਸੈਂਪਲ ਲਏ ਹਨ।

ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਅਧਿਕਾਰੀ ਵੀ ਇਸ ਦੀ ਪੂਰੀ ਜਾਣਕਾਰੀ ਲੈ ਰਹੇ ਹਨ।'

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205



# ਗੁਜਰਾਤ 'ਚ ਕਿਸ ਦੀ ਜਿੱਤ ਹੋਵੇਗੀ ?



## ਸਿਆਸੀ ਮੰਚ

**ਅਭੈ ਕੁਮਾਰ**

ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਕਿਆਸ ਅਰਾਈਆਂ ਦਾ ਦੌਰ ਚੱਲ ਰਿਹਾ ਹੈ। ਜਦੋਂ ਤੱਕ ਚੋਣ ਕਮਿਸ਼ਨ ਇਨ੍ਹਾਂ ਦੀਆਂ ਤਰੀਕਾਂ ਦਾ ਐਲਾਨ ਕਰੇਗਾ, ਉਦੋਂ ਤੱਕ ਤਾਂ ਇਨ੍ਹਾਂ ਉਤੇ ਪਤਾ ਨਹੀਂ ਕਿੰਨੀ ਕੁ ਚਰਚਾ ਹੋ ਚੁੱਕੀ ਹੋਵੇਗੀ। ਦੋਵਾਂ ਸੂਬਿਆਂ 'ਚ ਵੋਟਰਾਂ ਦੀ ਪਸੰਦ ਜਾਣਨ ਲਈ ਪਹਿਲਾ ਸਰਵੇਖਣ ਹੋ ਚੁੱਕਾ ਹੈ। ਖ਼ਾਸਕਰ ਗੁਜਰਾਤ ਦੇ ਮਾਮਲੇ ਵਿਚ ਇਸ ਸਰਵੇਖਣ ਦੇ ਅੰਕੜਿਆਂ ਨਾਲ ਨਾ ਸਿਰਫ਼ ਸੂਬਿਆਂ ਦੇ ਸੰਬੰਧ ਵਿਚ ਸਗੋਂ ਸਮੁੱਚੀ ਕੌਮੀ ਰਾਜਨੀਤੀ ਬਾਰੇ ਵੀ ਵਿਚਾਰਨਯੋਗ ਸਵਾਲ ਉੱਭਰਦੇ ਹਨ। ਏ.ਬੀ.ਪੀ. ਨਿਊਜ਼ ਚੈਨਲ ਲਈ 'ਸੀ-ਵੋਟਰਸ' ਨਾਂ ਦੀ ਸੰਸਥਾ ਵਲੋਂ ਕੀਤੇ ਗਏ ਇਸ ਸਰਵੇਖਣ ਦਾ ਸਿੱਟਾ ਇਹ ਹੈ ਕਿ ਜੇਕਰ ਅਕਤੂਬਰ ਦੇ ਪਹਿਲੇ ਹਫ਼ਤੇ ਵਿਚ ਵੋਟਾਂ ਪੈਣ ਤਾਂ ਭਾਰਤੀ ਜਨਤਾ ਪਾਰਟੀ ਗੁਜਰਾਤ 'ਚ ਬਹੁਤ ਵੱਡੇ ਬਹੁਮਤ ਨਾਲ ਜਿੱਤੇਗੀ। ਇਹ ਬਹੁਮਤ ਐਨਾ ਵੱਡਾ ਹੋ ਸਕਦਾ ਹੈ ਕਿ ਇਕ ਜ਼ਮਾਨੇ ਵਿਚ ਮਾਧਵ ਸਿੰਘ ਸੋਲੰਕੀ ਦੀ ਅਗਵਾਈ 'ਚ ਕਾਂਗਰਸ ਵਲੋਂ ਹਾਸਲ ਕੀਤੇ ਗਏ ਪ੍ਰਚੰਡ ਬਹੁਮਤ ਦਾ ਰਿਕਾਰਡ ਵੀ ਟੁੱਟ ਜਾਵੇਗਾ। ਜ਼ਾਹਿਰ ਹੈ ਕਿ ਇਹ ਸਿੱਟਾ ਤਾਂ ਉਸ ਮਿਆਦ ਨਾਲ ਬੱਝਾ ਹੋਇਆ ਹੈ, ਜਿਸ ਵਿਚ ਸਰਵੇਖਣ ਕੀਤਾ ਗਿਆ ਸੀ। ਇਸ ਲਈ ਇਸ ਨੂੰ ਇਕ ਪਾਸੇ ਰੱਖ ਕੇ ਸਰਵੇਖਣ ਦੇ ਹੋਰ ਅੰਕੜਿਆਂ ਨੂੰ ਘੋਖਣ ਨਾਲ ਵੋਟਰਾਂ ਦੇ ਮਨਾਂ ਅੰਦਰ ਝਾਤੀ ਮਾਰੀ ਜਾ ਸਕਦੀ ਹੈ।

ਮੇਰੀ ਨਜ਼ਰ 'ਚ ਸਰਵੇਖਣ ਦਾ ਸਭ ਤੋਂ ਦਿਲਚਸਪ ਅੰਕੜਾ ਉਸ ਸਮੇਂ ਸਾਹਮਣੇ ਆਉਂਦਾ ਹੈ, ਜਦੋਂ ਗੁਜਰਾਤ ਦੀ ਮੌਜੂਦਾ ਭਾਜਪਾ ਸਰਕਾਰ ਦੇ ਕੰਮਕਾਜ ਬਾਰੇ ਲੋਕਾਂ ਤੋਂ ਸਵਾਲ ਪੁੱਛੇ ਜਾਂਦੇ ਹਨ। ਜਵਾਬ ਵਿਚ ਪਤਾ ਲਗਦਾ ਹੈ ਕਿ ਸੂਬੇ ਦੇ 35 ਫ਼ੀਸਦੀ ਲੋਕ ਸਰਕਾਰ ਦੇ ਕੰਮ ਤੋਂ ਐਨੇ ਨਾਰਾਜ਼ ਹਨ ਕਿ ਉਸ ਨੂੰ ਬਦਲ ਦੇਣਾ ਚਾਹੁੰਦੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਬਾਕੀ 65 ਫ਼ੀਸਦੀ ਲੋਕ ਇਸ ਸਰਕਾਰ ਤੋਂ ਨਾਰਾਜ਼ ਨਹੀਂ ਹਨ। ਦਰਅਸਲ, ਸਰਵੇਖਣ ਦੱਸਦਾ ਹੈ ਕਿ ਬਾਕੀ ਵੋਟਰਾਂ 'ਚੋਂ 35 ਫ਼ੀਸਦੀ ਹਿੱਸਾ ਅਜਿਹਾ ਹੈ, ਜੋ ਸਰਕਾਰ ਤਾਂ ਨਹੀਂ ਬਦਲਣਾ ਚਾਹੁੰਦਾ, ਪਰ ਭਾਜਪਾ ਸਰਕਾਰ ਦੇ ਕੰਮਕਾਜ ਤੋਂ ਨਾਰਾਜ਼ ਉਹ ਵੀ ਹਨ। ਭਾਵ 70 ਫ਼ੀਸਦੀ ਲੋਕ ਸਾਫ਼ ਤੌਰ 'ਤੇ ਇਸ ਸਰਕਾਰ ਨੂੰ ਇਕ ਚੰਗੀ ਸਰਕਾਰ ਨਹੀਂ ਮੰਨਦੇ। ਤਾਂ ਕੀ ਬਚੇ ਹੋਏ 30 ਫ਼ੀਸਦੀ ਇਸ ਤੋਂ ਪੂਰੀ ਤਰ੍ਹਾਂ ਖ਼ੁਸ਼ ਹਨ। ਜਵਾਬ ਹੈ ਨਹੀਂ। ਇਨ੍ਹਾਂ 'ਚੋਂ ਵੀ ਸਿਰਫ਼ 22 ਫ਼ੀਸਦੀ ਲੋਕ ਹੀ ਸਰਕਾਰ ਤੋਂ ਖ਼ੁਸ਼ ਨਿਕਲੇ, ਬਾਕੀਆਂ ਨੇ ਕਿਹਾ ਕਿ ਉਹ ਇਸ ਸਵਾਲ ਦਾ ਜਵਾਬ ਨਹੀਂ ਦੇ ਸਕਦੇ।

ਇਹੀ ਸਵਾਲ ਪੈਦਾ ਹੁੰਦਾ ਹੈ ਕਿ ਗੁਜਰਾਤ ਦੇ ਲੋਕ ਭਾਜਪਾ ਤੋਂ ਏਨੇ ਨਾਰਾਜ਼ ਕਿਉਂ ਹਨ ? ਆਖ਼ਰਕਾਰ ਭਾਜਪਾ ਨੇ ਹੀ ਤਾਂ ਨਰਿੰਦਰ ਮੋਦੀ ਦੀ ਅਗਵਾਈ ਵਿਚ ਸ਼ਾਸਨ-ਪ੍ਰਸ਼ਾਸਨ ਦਾ ਗੁਜਰਾਤ ਮਾਡਲ ਤਿਆਰ ਕੀਤਾ ਸੀ। ਇਸ ਦਾ ਪ੍ਰਚਾਰ ਸਾਰੇ ਦੇਸ਼ 'ਚ ਕੀਤਾ ਗਿਆ ਅਤੇ 2014 ਦੀਆਂ ਲੋਕ ਸਭਾ ਚੋਣਾਂ 'ਚ ਮੋਦੀ ਦੀ ਦਾਅਵੇਦਾਰੀ ਨੂੰ ਇਸ ਤੋਂ ਜ਼ਬਰਦਸਤ ਹੁੰਗਾਰਾ ਮਿਲਿਆ।

ਅੱਜ ਸਥਿਤੀ ਇਹ ਹੈ ਕਿ ਇਹ ਮਾਡਲ ਗਲ-ਸੜ ਰਿਹਾ ਹੈ। ਗੁਜਰਾਤੀਆਂ 'ਚ ਇਸ ਪ੍ਰਤੀ ਦਿਲਚਸਪੀ ਨਹੀਂ ਬਚੀ ਹੈ। ਭਾਜਪਾ ਵੀ ਇਸ ਹਕੀਕਤ ਨੂੰ ਸਮਝਦੀ ਹੈ। ਉਸ ਨੂੰ ਅਹਿਸਾਸ ਹੈ ਕਿ ਲੋਕ ਭਾਵਨਾਵਾਂ ਸੂਬਾ ਸਰਕਾਰ ਦੇ ਕਾਫ਼ੀ ਖ਼ਿਲਾਫ਼ ਹਨ। ਜੇਕਰ ਭਾਜਪਾ ਨੂੰ ਇਸ ਦਾ ਅਹਿਸਾਸ ਨਾ ਹੁੰਦਾ ਤਾਂ ਉਹ ਵਿਜੇ ਰੂਪਾਨੀ ਦੀ ਸਰਕਾਰ ਨੂੰ ਬਹੁਤ ਹੀ ਅਪਮਾਨਜਨਕ ਢੰਗ ਨਾਲ ਕਿਉਂ ਬਦਲਦੀ। ਭਾਜਪਾ ਹਾਈਕਮਾਨ ਨੇ ਨਾ ਸਿਰਫ਼ ਰੂਪਾਨੀ ਨੂੰ ਹਟਾਇਆ, ਸਗੋਂ ਪੂਰੀ ਦੀ ਪੂਰੀ ਸਰਕਾਰ ਨੂੰ ਹੀ ਬਦਲ ਦਿੱਤਾ। ਨਿਤਿਨ ਪਟੇਲ, ਜੋ ਉਪ ਮੁੱਖ ਮੰਤਰੀ ਸਨ ਅਤੇ ਮੁੱਖ ਮੰਤਰੀ ਬਣਨ ਦਾ ਸੁਪਨਾ ਦੇਖ ਰਹੇ ਸਨ, ਅਚਾਨਕ ਮੰਤਰੀ ਵੀ ਨਹੀਂ ਰਹਿ ਸਕੇ। ਅੱਜ ਗੁਜਰਾਤ ਦੀ ਸਰਕਾਰ 'ਚ ਮੁੱਖ ਮੰਤਰੀ ਸਮੇਤ ਸਮੁੱਚੀ ਸਰਕਾਰ ਕਿਸੇ ਵੀ ਪ੍ਰਸ਼ਾਸਨਿਕ ਅਨੁਭਵ ਤੋਂ ਕੋਰੇ ਮੰਤਰੀਆਂ ਵਾਲੀ ਸਰਕਾਰ ਹੈ। ਉਸ ਦੀ ਵਾਗਡੋਰ ਪ੍ਰਧਾਨ ਮੰਤਰੀ ਦਫ਼ਤਰ ਦੇ ਹੱਥਾਂ 'ਚ ਹੈ। ਦਰਅਸਲ, ਗੁਜਰਾਤ ਦੇ ਅਸਲ ਵਿਚ ਅਣਐਲਾਨੇ ਮੁੱਖ ਮੰਤਰੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਹੀ ਹਨ।

ਅੰਕੜੇ ਦੱਸਦੇ ਹਨ ਕਿ ਪਟੇਲਾਂ ਅਤੇ ਦਵਿਜ ਜਾਤੀਆਂ ਵਿਚ ਭਾਜਪਾ ਨੂੰ ਜ਼ਬਰਦਸਤ ਸਮਰਥਨ ਮਿਲਣ ਦੀ ਸੰਭਾਵਨਾ ਹੈ, ਪਰ ਇਨ੍ਹਾਂ ਦੀ ਗਿਣਤੀ ਕਿੰਨੀ ਹੈ ? ਇਹ ਤਾਂ ਗੁਜਰਾਤ ਦੇ ਵੋਟਰ, ਮੰਡਲ ਦਾ ਇਕ ਚੌਥਾਈ ਹਿੱਸਾ ਹੀ ਬਣਾਉਂਦੇ ਹਨ। ਪਟੇਲ ਕੋਈ 14-15 ਫ਼ੀਸਦੀ ਹੋਣਗੇ। ਰਾਜਪੂਤ ਛੇ, ਬ੍ਰਾਹਮਣ ਦੋ, ਵੈਸ਼ ਦੋ ਅਤੇ ਜੈਨ ਇਕ ਫ਼ੀਸਦੀ ਹਨ। ਭਾਵ ਕੁੱਲ 25 ਫ਼ੀਸਦੀ। ਇਸ ਭਾਜਪਾ ਵਿਰੋਧੀ ਗੋਲਬੰਦੀ ਦਾ ਕੇਂਦਰ ਓ.ਬੀ.ਸੀ. ਜਾਤੀਆਂ, ਦਲਿਤਾਂ, ਆਦਿਵਾਸੀਆਂ ਅਤੇ ਮੁਸਲਮਾਨਾਂ 'ਚ ਬਣ ਜਾਂਦਾ ਹੈ। ਇਨ੍ਹਾਂ ਭਾਈਚਾਰਿਆਂ ਦੇ ਅੰਕੜੇ ਭਾਜਪਾ ਲਈ ਕੋਈ ਬਹੁਤ ਖ਼ੁਸ਼ਨੁਮਾ ਨਹੀਂ ਹਨ। ਇਹ ਪਟੇਲ ਅਤੇ ਦਵਿਜ ਜਾਤੀਆਂ ਉਹੀ ਹਨ, ਜੋ ਅੱਸੀ ਦੇ ਦਹਾਕੇ ਵਿਚ ਕਾਂਗਰਸ ਦਾ ਪੱਲਾ ਛੱਡ ਕੇ ਭਾਜਪਾ ਦੇ ਨਾਲ ਆਈਆਂ ਸਨ। ਇਸ ਦਾ ਇਤਿਹਾਸ ਦਿਲਚਸਪ ਹੈ। 80 ਦੇ ਦਹਾਕੇ 'ਚ ਕਾਂਗਰਸ ਦੇ ਨੇਤਾ ਮਾਧਵ ਸਿੰਘ ਸੋਲੰਕੀ ਅਤੇ ਜੀਨਾਭਾਈ ਦਾਰਜੀ ਨੇ ਮਿਲ ਕੇ ਚੋਣਾਂ ਦੀ ਇਕ ਰਣਨੀਤੀ ਬਣਾਈ ਸੀ, ਜਿਸ ਨੂੰ 'ਖ਼ਾਮ' (ਕੇ.ਐਚ.ਏ.ਐਮ. ਦੇ) ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਾ ਮਤਲਬ ਇਹ ਹੋਇਆ ਖੱਤਰੀ (ਗੁਜਰਾਤ ਲਈ ਓ.ਬੀ.ਸੀ., ਰਾਜਪੂਤਾਂ ਨੂੰ ਇਸ ਪ੍ਰਦੇਸ਼ 'ਚ ਰਾਜਘਰਾਣੇ ਵਾਲਾ ਕਿਹਾ ਜਾਂਦਾ ਹੈ), ਹਰੀਜਨ, ਆਦਿਵਾਸੀ ਅਤੇ ਮੁਸਲਮਾਨਾਂ ਦਾ ਗੱਠਜੋੜ। ਸੋਲੰਕੀ ਖ਼ੁਦ ਕੋਲੀ ਜਾਤੀ ਦੇ ਸਨ, ਜੋ ਗੁਜਰਾਤ 'ਚ ਸਭ ਤੋਂ ਵੱਡੀ ਓ.ਬੀ.ਸੀ. ਜਾਤੀ ਹੈ। ਕੁੱਲ ਮਿਲਾ ਕੇ ਕਮਜ਼ੋਰ ਭਾਈਚਾਰਿਆਂ ਅਤੇ ਮੁਸਲਮਾਨਾਂ ਦੀ ਏਕਤਾ ਦੇ ਦਮ 'ਤੇ 1985 'ਚ ਕਾਂਗਰਸ ਨੇ 149 ਸੀਟਾਂ ਹਾਸਲ ਕੀਤੀਆਂ ਸਨ।

ਇਹ ਇਕ ਰਿਕਾਰਡ ਹੈ, ਜਿਸ ਨੂੰ ਭਾਜਪਾ ਦਾ ਪਿਛਲੇ ਤੀਹ ਸਾਲ ਦਾ ਪ੍ਰਭਾਵ ਵੀ ਨਹੀਂ ਤੋੜ ਸਕਿਆ, ਪਰ ਇਸ ਏਕਤਾ ਦੀ ਪ੍ਰਤੀਕਿਰਿਆ ਵਿਚ ਪਟੇਲਾਂ ਦੀ ਸ਼ਕਤੀਸ਼ਾਲੀ ਬਰਾਦਰੀ ਅਤੇ ਦਵਿਜ ਜਾਤੀਆਂ ਨਾਰਾਜ਼ ਹੋ ਗਈਆਂ। ਸੋਲੰਕੀ ਨੇ 1980 'ਚ ਮੁੱਖ ਮੰਤਰੀ ਵਜੋਂ ਬਖ਼ਸ਼ੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜੀਆਂ ਜਾਤੀਆਂ ਨੂੰ ਰਾਖਵਾਂਕਰਨ ਦਿੱਤਾ ਸੀ। ਇਸ ਦੇ ਖ਼ਿਲਾਫ਼ 1981 ਅਤੇ 1985 'ਚ ਪਟੇਲਾਂ ਅਤੇ ਦਵਿਜ ਜਾਤੀਆਂ ਵਲੋਂ ਦੋ ਵੱਡੇ ਰਾਖਵਾਂਕਰਨ ਵਿਰੋਧੀ ਅੰਦੋਲਨ ਚਲਾਏ ਗਏ। ਮੁਸਲਮਾਨਾਂ ਨੂੰ ਛੱਡ ਕੇ 'ਖ਼ਾਮ' ਗੱਠਜੋੜ 'ਚ ਬਾਕੀ ਸਾਰੇ ਭਾਈਚਾਰੇ ਰਾਖਵਾਂਕਰਨ ਤੋਂ ਲਾਭ ਪ੍ਰਾਪਤ ਕਰਨ ਵਾਲੇ ਸਨ। 1989 'ਚ ਭਾਜਪਾ ਨੂੰ ਇਸ ਦਾ ਚੋਣਾਂ ਵਿਚ ਲਾਭ ਹੋਇਆ। ਇਕ ਤਰ੍ਹਾਂ ਨਾਲ ਪਟੇਲ ਅਤੇ ਦਵਿਜ ਉਸ ਦੇ ਪੱਕੇ ਵੋਟਰ ਬਣ ਗਏ। ਮੁਸਲਮਾਨ ਵਿਰੋਧੀ ਹਿੰਦੂ ਰਾਸ਼ਟਰਵਾਦ ਨੇ ਇਸ ਜਨ ਆਧਾਰ 'ਚ ਹੋਰ ਵੋਟਰ ਜੋੜੇ। 1989 ਤੋਂ ਜਿੰਨੀਆਂ ਵੀ ਲੋਕ ਸਭਾ ਚੋਣਾਂ ਹੋਈਆਂ, ਭਾਜਪਾ ਉਨ੍ਹਾਂ ਵਿਚ ਲਗਾਤਾਰ ਕਾਂਗਰਸ ਤੋਂ ਅੱਗੇ ਬਣੀ ਰਹੀ। ਵਿਧਾਨ ਸਭਾ ਉਤੇ ਵੀ ਉਸ ਦਾ ਪਿਛਲੇ ਤੀਹ ਸਾਲ ਤੋਂ ਕਬਜ਼ਾ ਬਣਿਆ ਹੋਇਆ ਹੈ। ਭਾਵ ਕਾਂਗਰਸ ਦੀ ਉਸ ਜਿੱਤ ਦੇ ਗਰਭ 'ਚ ਉਸ ਦੀਆਂ ਅਣਗਿਣਤ ਹਾਰਾਂ ਛਿਪੀਆਂ ਹੋਈਆਂ ਸਨ।

ਫਿਰ ਸਵਾਲ ਪੈਦਾ ਹੁੰਦਾ ਹੈ ਕਿ 70 ਫ਼ੀਸਦੀ ਸੱਤਾ ਵਿਰੋਧੀ ਲਹਿਰ ਹੁੰਦਿਆਂ ਹੋਇਆਂ ਭਾਜਪਾ ਏਨੀ ਜ਼ਿਆਦਾ ਜਿੱਤਦੀ ਹੋਈ ਕਿਵੇਂ ਦਿਖਾਈ ਦੇ ਰਹੀ ਹੈ ? ਇਸ ਦਾ ਪਹਿਲਾ ਕਾਰਨ ਤਾਂ ਉਨ੍ਹਾਂ 35 ਫ਼ੀਸਦੀ ਵੋਟਰਾਂ 'ਚ ਦੇਖਿਆ ਜਾ ਸਕਦਾ ਹੈ, ਜੋ ਨਾਰਾਜ਼ ਹੋਣ ਦੇ ਬਾਵਜੂਦ ਸਰਕਾਰ ਨਹੀਂ ਬਦਲਣਾ ਚਾਹੁੰਦੇ। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਬਦਲ ਜਾਂ ਤਾਂ ਨਜ਼ਰ ਨਹੀਂ ਆ ਰਿਹਾ ਹੈ ਜਾਂ ਨਜ਼ਰ ਆ ਰਿਹਾ ਹੈ ਪਰ ਪਸੰਦ ਨਹੀਂ ਆ ਰਿਹਾ ਹੈ। ਸਰਕਾਰ ਵਿਰੋਧੀ ਵੋਟ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਾਲੇ ਵੰਡੇ ਜਾਣ ਦੇ ਕਾਰਨ ਭਾਜਪਾ ਨੂੰ ਫਾਇਦਾ ਮਿਲਦਾ ਹੋਇਆ ਦਿਖਾਈ ਦਿੰਦਾ ਹੈ। ਚੋਣ ਨਜ਼ਰੀਏ ਨਾਲ ਚਾਰ ਭਾਗਾਂ 'ਚ ਵੰਡੇ (ਸੌਰਾਸ਼ਟਰ, ਕੱਛ, ਉੱਤਰ ਅਤੇ ਦੱਖਣੀ ਗੁਜਰਾਤ) ਪ੍ਰਦੇਸ਼ ਦੇ ਹਰ ਹਿੱਸੇ ਵਿਚ ਜੇਕਰ ਕਾਂਗਰਸ ਦੀਆਂ ਸੰਭਾਵਿਤ ਵੋਟਾਂ 'ਆਪ' ਦੀਆਂ ਸੰਭਾਵਿਤ ਵੋਟਾਂ ਨਾਲ ਜੋੜ ਦਿੱਤੀਆਂ ਜਾਣ ਤਾਂ ਉਹ ਭਾਜਪਾ ਦੀਆਂ ਸੰਭਾਵਿਤ ਵੋਟਾਂ ਤੋਂ ਅੱਗੇ ਨਿਕਲ ਜਾਂਦੇ ਹਨ। ਜੇਕਰ ਅਖੀਰ ਤੱਕ ਅਜਿਹੀ ਹੀ ਸਥਿਤੀ ਬਣੀ ਰਹੀ ਤਾਂ ਇਸ ਵੰਡ ਨਾਲ ਭਾਜਪਾ ਸਰਕਾਰ ਦੀ ਵਾਪਸੀ ਹੋ ਸਕਦੀ ਹੈ। ਪਰ ਜੇਕਰ ਮਹੀਨੇ-ਡੇਢ ਮਹੀਨੇ 'ਚ ਸਰਕਾਰ ਵਿਰੋਧੀ ਭਾਵਨਾਵਾਂ ਦੀ ਸਿਆਸੀ ਰੁਚੀ ਕਿਸੇ ਇਕ ਧਰੁਵ 'ਤੇ ਹੋਣ ਵਾਲੇ ਪਾਸੇ ਵਧੀ ਤਾਂ ਭਾਜਪਾ ਲਈ ਸੰਕਟ ਪੈਦਾ ਹੋ ਸਕਦਾ ਹੈ। ਦੂਜੇ ਪਾਸੇ ਜੇਕਰ 'ਆਪ' ਨੇ ਸਰਕਾਰ ਵਿਰੋਧੀ ਵੋਟਾਂ ਆਪਣੇ ਵੱਲ ਖਿੱਚਣ ਵਿਚ ਸਫਲਤਾ ਹਾਸਲ ਕਰ ਲਈ ਤਾਂ ਉਹ ਨਾ ਸਿਰਫ਼ ਕਾਂਗਰਸ ਦੀ ਹੋਂਦ ਲਈ ਦਿੱਲੀ ਵਰਗਾ ਖ਼ਤਰਾ ਪੈਦਾ ਕਰ ਸਕਦੀ ਹੈ, ਸਗੋਂ ਭਾਜਪਾ ਤੋਂ ਵੀ ਵੋਟਾਂ ਖੋਹੰਦੀ ਹੋਈ ਨਜ਼ਰ ਆਵੇਗੀ।



ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

12 ਅਕਤੂਬਰ ਤੋਂ 18 ਅਕਤੂਬਰ, 2022

# ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਯਾਦ ਕਰਦਿਆਂ

ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ 20ਵੀਂ ਸਦੀ ਵਿਚ ਗੁਰਮੁਖਾਂ ਵਲੋਂ ਮਨਮੁਖਾਂ ਖਿਲਾਫ ਲੜੇ ਗਏ ਹੱਕੀ ਸੰਘਰਸ਼ ਦੇ ਅਹਿਮ ਪਾਤਰ ਹਨ, ਸਿੱਖ ਸੰਘਰਸ਼ ਦੌਰਾਨ ਉਨ੍ਹਾਂ ਦੀ ਕੀਤੀ ਸੇਵਾ ਅਤੇ ਉਨ੍ਹਾਂ ਦੁਆਰਾ ਪਾਈ ਗਈ ਸ਼ਹੀਦੀ ਪਵਿੱਤਰਤਾ ਅਤੇ ਸੱਚ ਦੀ ਬੜੀ ਉੱਚੀ ਮਿਸਾਲ ਹੈ। ਗੁਰੂ ਸਾਹਿਬ ਦੀ ਉਨ੍ਹਾਂ ਉਤੇ ਖਾਸ ਬਖਸ਼ਿਸ ਸਦਕਾ ਹੀ ਉਹ ਗੁਰੂ ਖਾਲਸਾ ਪੰਥ ਦੀ ਏਨੀ ਮਹਾਨ ਸੇਵਾ ਕਰ ਸਕੇ ਅਤੇ ਬੜੀ ਸ਼ਾਨ ਨਾਲ ਸ਼ਹੀਦੀ ਪ੍ਰਾਪਤ ਕਰਕੇ ਗੁਰੂ ਚਰਨਾਂ ਵਿਚ ਬਿਰਾਜਮਾਨ ਹੋਏ। ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਨੇ ਇੱਕ ਵਾਰ ਸੰਗਤ ਵਿੱਚ ਬੋਲਦਿਆਂ ਕਿਹਾ ਸੀ ਕਿ 'ਅਣਗਿਣਤ ਦਾਤਾਂ ਵਿਚੋਂ ਦੋ ਵੱਡੀਆਂ ਦਾਤਾਂ ਜੋ ਗੁਰੂ ਮਹਾਰਾਜ ਕਿਸੇ ਸਿੱਖ ਨੂੰ ਬਖਸ਼ਦੇ ਹਨ, ਇੱਕ ਉਨ੍ਹਾਂ ਵਿਚੋਂ 'ਗੁਰਿਆਈ' ਦੀ ਦਾਤ ਹੈ, ਜੋ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ। ਦੂਸਰੀ ਦਾਤ 'ਸ਼ਹੀਦੀ' ਦੀ ਹੈ, ਜੋ ਕੋਈ ਵੀ ਗੁਰਸਿੱਖ ਪ੍ਰਾਪਤ ਕਰ ਸਕਦਾ ਹੈ।'

ਜੂਨ 1984 ਅਤੇ ਨਵੰਬਰ 1984 ਦੇ ਸਿੱਖਾਂ 'ਤੇ ਹੋਏ ਵਿਆਪਕ ਅਤੇ ਭਿਆਨਕ ਹਮਲਿਆਂ ਤੋਂ ਬਾਅਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਇਨ੍ਹਾਂ ਦਾ ਜਥਾ ਜਿਸ ਵਿਚ ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਮਥਰਾ ਸਿੰਘ, ਭਾਈ ਲਾਭ ਸਿੰਘ, ਭਾਈ ਦਲਜੀਤ ਸਿੰਘ ਅਤੇ ਹੋਰ ਅਨੇਕਾਂ ਸਿੰਘ ਸ਼ਾਮਲ ਸਨ, ਪੰਥਕ ਸੇਵਾ ਲਈ ਹਥਿਆਰਬੰਦ ਹੋ ਕੇ ਆਪਣੀਆਂ ਕਾਰਵਾਈਆਂ ਆਰੰਭ ਕਰਦੇ ਹਨ। ਪੰਜਾਬ ਤੋਂ ਬਾਹਰ ਜਨਰਲ ਵੈਦਿਆ ਜੋ ਉਸ ਵਕਤ ਫੌਜਾਂ ਨੂੰ ਲੈ ਕੇ ਦਰਬਾਰ ਸਾਹਿਬ 'ਤੇ ਹਮਲਾਵਰ ਹੋਇਆ ਸੀ, ਨੂੰ ਉਸ ਦੇ ਕੀਤੇ ਪਾਪ ਦੀ ਸਜ਼ਾ ਦਿੰਦੇ ਹਨ। ਨਵੰਬਰ 1984 ਦੀ ਸਿੱਖ ਨਸਲਕੁਸ਼ੀ ਕਰਨ ਵਾਲੇ ਰਾਜੀਵ ਗਾਂਧੀ ਦੇ ਨੇੜਲੇ ਲਲਿਤ ਮਾਕਨ, ਅਰਜਨ ਦਾਸ, ਆਦਿ ਪਾਪੀਆਂ ਨੂੰ ਵੀ ਸੋਧਾਂ ਲਾਉਂਦੇ ਹਨ। ਇਹ ਸਭ ਕਾਰਵਾਈਆਂ ਸਿੱਖਾਂ ਨੂੰ ਫਿਰ ਤੋਂ ਚੜ੍ਹਦੀ ਕਲਾ ਵਿਚ ਲਿਜਾਣ ਲਈ ਜਰੂਰੀ ਸਨ। ਇਸ ਤੋਂ ਇਲਾਵਾ ਇਨ੍ਹਾਂ ਦੇ ਜਥੇ ਨੇ ਸਿੱਖ ਸੰਘਰਸ਼ ਲਈ ਅਣਦਿਸਦੇ ਰੂਪ ਵਿਚ ਕੰਮ ਕਰਕੇ ਹੋਰਨਾਂ ਜਥਿਆਂ ਨੂੰ ਵੀ ਮਜ਼ਬੂਤ ਕੀਤਾ। ਆਪਣੀ ਜਥੇਬੰਦੀ ਤੋਂ ਉਪਰ ਉਠ ਕੇ ਗੁਰੂ ਖਾਲਸਾ ਪੰਥ ਦੀ ਸੇਵਾ ਹਿੱਤ ਲੜ ਰਹੀਆਂ ਹੋਰਨਾਂ ਜਥੇਬੰਦੀਆਂ ਨਾਲ ਲਗਾਤਾਰ ਤਾਲਮੇਲ ਬਣਾਈ ਰੱਖਿਆ। ਜਿਥੇ ਕਿਤੇ ਵੀ ਦੂਸਰੀਆਂ ਜਥੇਬੰਦੀਆਂ ਲਈ ਲੋੜ ਬਣਦੀ ਤਾਂ ਵਸੀਲਿਆਂ ਦਾ ਪ੍ਰਬੰਧ ਕਰਦੇ ਰਹੇ।

ਜਦੋਂ ਹਰਜਿੰਦਰ ਸਿੰਘ ਜਿੰਦਾ ਦੀ ਪਹਿਲੀ ਵਾਰ ਗ੍ਰਿਫਤਾਰੀ ਹੁੰਦੀ ਹੈ ਤਾਂ ਦਿੱਲੀ ਦੇ ਪੁਲਸ ਕਮਿਸ਼ਨਰ ਵੇਦ ਮਰਵਾਹ ਦੀ ਟਿੱਪਣੀ ਮੁਤਾਬਕ ਭਾਈ ਜਿੰਦਾ ਉਨ੍ਹਾਂ ਨਾਲ ਬਰਾਬਰ ਦੀ ਧਿਰ ਵਜੋਂ ਗੱਲ ਕਰਦਾ ਸੀ। ਪੁੱਛਗਿੱਛ ਦੌਰਾਨ ਉਨ੍ਹਾਂ ਵਲੋਂ ਅਸੀਂ ਅਤੇ ਤੁਸੀ ਸ਼ਬਦਾਂ ਦੀ ਵਰਤੋਂ ਦਾ ਮਤਲਬ ਸੀ ਕਿ ਭਾਈ ਜਿੰਦਾ ਦਿੱਲੀ ਤਖ਼ਤ ਦੇ ਪੁਲਿਸ ਕਮਿਸ਼ਨਰ ਨਾਲ ਗੁਰੂ ਖਾਲਸਾ ਪੰਥ ਦੇ ਇੱਕ ਜਰਨੈਲ ਦੀ ਹੈਸੀਅਤ ਵਜੋਂ ਗੱਲ ਕਰਦਾ ਸੀ। ਇਸੇ ਹੈਸੀਅਤ ਵਿਚ ਉਹਨਾਂ ਆਪਣਾ ਤਨ, ਮਨ ਹਮੇਸ਼ਾ ਅਕਾਲ ਤਖਤ ਦੇ ਸਮਰਪਿਤ ਰੱਖਿਆ ਅਤੇ ਸੰਤਾਂ ਤੋਂ ਪ੍ਰੇਰਨਾ ਲੈ ਕੇ ਦਿੱਲੀ ਤਖਤ ਅਤੇ ਸਮੇ ਦੇ ਬਦਲਾਵਾਂ ਦੇ ਪ੍ਰਭਾਵ ਤੋਂ ਪਹਿਲਾਂ ਪੂਰੀ ਤਰ੍ਹਾਂ ਆਪ ਅਜ਼ਾਦ ਹੋਏ ਫੇਰ ਲੁਕਾਈ ਨੂੰ ਅਜ਼ਾਦ ਕਰਵਾਉਣ ਦੇ ਰਸਤੇ ਉਪਰ ਪੂਰੀ ਸ਼ਿੱਦਤ 'ਤੇ ਸਿਦਕ ਨਾਲ ਤੁਰੇ।

ਆਪਣੇ ਜਥੇ ਨਾਲ ਭਾਈ ਜਿੰਦਾ ਅਤੇ ਭਾਈ ਸੁੱਖਾ ਨੇ ਨਿਰਸਵਾਰਥ ਹੋ ਕੇ ਜੋ ਸੰਘਰਸ਼ ਲੜਿਆ, ਉਹ ਪੂਰੀ ਸ਼ਿੱਦਤ ਨਾਲ ਲੜਿਆ। ਅਦਾਲਤ ਤੋਂ ਫਾਂਸੀ ਦੀ ਸਜ਼ਾ ਹੋਣ 'ਤੇ ਦੋਵਾਂ ਸਿੰਘਾਂ ਨੇ ਜੈਕਾਰੇ ਛੱਡ ਕੇ ਦੁਸ਼ਮਣ ਨੂੰ ਹੈਰਾਨ ਕੀਤਾ ਅਤੇ ਖੁਸ਼ੀ ਵਜੋਂ ਲੱਡੂ ਵੰਡੇ। ਇੰਨੇ ਵੱਡੇ ਕਾਰਨਾਮਿਆਂ ਦੇ ਬਾਵਜੂਦ ਹਮੇਸ਼ਾ ਪਿੱਛੇ ਰਹਿ ਕੇ ਸੇਵਾ ਵਿੱਚ ਯੋਗਦਾਨ ਪਾਉਂਦੇ ਰਹੇ ਅਤੇ ਕਿਸੇ ਵੀ ਕਾਰਜ ਦਾ ਸਿਹਰਾ ਲੈਣ ਤੋਂ ਦੂਰ ਰਹੇ। ਇਨ੍ਹਾਂ ਨੇ ਸੰਘਰਸ਼ ਗੁਰੂ ਦੀ ਬਖਸ਼ਿਸ਼ ਸ਼ਹਾਦਤ ਦੀ ਪ੍ਰਾਪਤੀ ਲਈ ਕੀਤਾ।

ਭਾਈ ਸੁਖਦੇਵ ਸਿੰਘ ਸੁੱਖਾ, ਜਿਨ੍ਹਾਂ ਦਾ ਸੁਭਾਅ ਗੰਭੀਰ ਰਹਿਣ ਦਾ ਸੀ ਅਤੇ ਬੜੇ ਵੱਡੇ ਸਿਦਕੀ ਸਨ, ਨੇ ਸਰਕਾਰੀ ਅੱਤਿਆਚਾਰ ਵੇਲੇ ਕਦੇ ਵੀ ਸੀ ਨਹੀਂ ਕੀਤੀ। ਭਾਈ ਜਿੰਦਾ ਦਾ ਸੁਭਾਅ ਮਖੌਲੀਆ ਸੀ, ਸਰਕਾਰੀ ਕਰਿੰਦਿਆਂ ਨੂੰ ਦੱਸਦੇ ਰਹੇ ਕਿ ਉਨ੍ਹਾਂ ਨੂੰ ਸਭ ਕੁਝ ਪਤਾ ਹੈ, ਪਰ ਤੁਸੀ ਮੂੰਹੋਂ ਕਢਵਾ ਨਹੀਂ ਸਕਦੇ, ਅਜਿਹਾ ਉਹ ਗੁਰੂ 'ਤੇ ਭਰੋਸਾ ਕਰਕੇ ਕਹਿੰਦੇ ਸੀ, ਆਪਣੀ ਕਿਸੇ ਹਉਮੈ ਵਿੱਚੋਂ ਨਹੀ। ਉਹ ਜਿਉਂ-ਜਿਉਂ ਸ਼ਹੀਦੀ ਦੇ ਨੇੜੇ ਜਾਂਦੇ ਰਹੇ, ਤਿਉਂ-ਤਿਉਂ ਉਨ੍ਹਾਂ ਉਪਰ ਹੋਰ ਰੰਗ ਗੂੜਾ ਹੁੰਦਾ ਗਿਆ, ਗੁਰਬਾਣੀ ਵਿੱਚ ਹੋਰ ਪਰਪੱਕ ਹੁੰਦੇ ਗਏ ਅਤੇ ਨਿਰਭਉ ਹੋ ਗਏ। ਆਪਣੀਆਂ ਜੇਲ੍ਹ ਚਿੱਠੀਆਂ ਵਿੱਚ ਉਨ੍ਹਾਂ ਜ਼ਿਕਰ ਕੀਤਾ ਕਿ ਜਦੋਂ ਸਰਕਾਰ ਨੇ ਆਪਣੇ ਸਰਕਾਰੀ ਰੀਤੀ ਰਿਵਾਜ ਅਨੁਸਾਰ ਉਨ੍ਹਾਂ ਦੀ ਆਖਰੀ ਇੱਛਾ ਪੁੱਛੀ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਤੁਸੀ ਸਾਡੀ ਇੱਛਾ ਪੂਰੀ ਨਹੀਂ ਕਰ ਸਕੋਂਗੇ, ਜੇ ਕਰ ਸਕੋ ਤਾਂ ਤੁਸੀ ਸਾਨੂੰ ਲੋਕਾਂ ਦੇ ਸਾਹਮਣੇ ਫਾਂਸੀ ਦਿਓ।

ਉਨ੍ਹਾਂ ਦੇ ਅਮਲਾਂ ਨੇ ਇਹ ਸਾਬਤ ਕੀਤਾ ਕਿ ਬੇਸ਼ੱਕ ਉਹ ਸੰਘਰਸ਼ ਵਿੱਚ ਦਰਬਾਰ ਸਾਹਿਬ ਉਤੇ ਹੋਏ ਹਮਲੇ ਨੂੰ ਮੁੱਖ ਰੱਖ ਕੇ ਆਏ, ਪਰ ਉਹ ਬਦਲੇ ਦੀ ਭਾਵਨਾ ਤੋਂ ਮੁਕਤ ਹੋ ਗਏ ਸਨ। ਉਹ ਜੰਗ ਵਿਚ ਬੜੇ ਵੱਡੇ ਯੋਧੇ ਸਨ ਪਰ ਨਾਲੋਂ ਨਾਲ ਬੌਧਿਕ, ਇਤਿਹਾਸਕ ਅਤੇ ਰਾਜਸੀ ਤੌਰ 'ਤੇ ਸੁਚੇਤ ਅਤੇ ਚੌਕੰਨੇ ਵੀ ਸਨ। ਅਜਿਹੀ ਝਲਕ ਉਨ੍ਹਾਂ ਵਲੋਂ ਜੇਲ੍ਹ ਵਿਚੋਂ ਲਿਖੀਆਂ ਚਿੱਠੀਆਂ ਪੜ੍ਹਕੇ ਅਤੇ ਸ਼ਹਾਦਤ ਤੋਂ ਪਹਿਲਾਂ ਦਿੱਲੀ ਦਰਬਾਰ ਦੇ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਤੋਂ ਮਿਲਦੀ ਹੈ। ਉਹ ਜਾਣੂ ਸਨ ਕਿ ਚੱਲ ਰਿਹਾ ਸੰਘਰਸ਼ ਧਰਮ ਦੀਆਂ ਕਦਰਾਂ ਕੀਮਤਾਂ 'ਤੇ ਖੜ੍ਹ ਕੇ ਹੀ ਲੜਿਆ ਜਾਣਾ ਚਾਹੀਦਾ ਹੈ, ਧਰਮ ਤੋਂ ਡੋਲ ਕੇ ਦੂਸਰੇ ਕਪਟੀ ਤਰੀਕਿਆਂ ਨਾਲ ਬੇਸ਼ੱਕ ਰਾਜ ਮਿਲ ਵੀ ਜਾਏ, ਪਰ ਤਾਂ ਵੀ ਉਹ ਖਾਲਸਾ ਰਾਜ ਨਹੀਂ ਹੋਵੇਗਾ, ਚਾਹੇ ਉਥੇ ਸਿੱਖ ਹੀ ਰਾਜ ਕਰਨ।

ਸ਼ਹੀਦਾਂ ਨੂੰ ਯਾਦ ਕਰਦਿਆਂ ਸਾਡਾ ਅੱਜ ਦੇ ਸਮੇਂ ਇਹ ਫਰਜ਼ ਬਣ ਜਾਂਦਾ ਹੈ ਕਿ ਜਦੋਂ ਸਿੱਖਾਂ ਵਲੋਂ ਹਥਿਆਰਬੰਦ ਸੰਘਰਸ਼ ਨਹੀਂ ਚੱਲ ਰਿਹਾ ਤਾਂ ਵੀ ਸਿੱਖਾਂ ਉਪਰ ਹਮਲੇ ਹੋਰ ਪੇਚੀਦਾ ਤਰੀਕੇ ਨਾਲ ਹੋ ਰਹੇ ਹਨ ਤਾਂ ਸਾਨੂੰ ਸੰਘਰਸ਼ ਦੇ ਨਵੇਂ ਰਾਹ ਤਲਾਸ਼ਣ ਲਈ ਗੁਰੂ ਸੰਗਤ ਦੀ ਓਟ ਲੈਣੀ ਚਾਹੀਦੀ ਹੈ, ਆਪਣੀ ਰਵਾਇਤ ਤੋਂ ਸੇਧ ਲੈ ਕੇ ਆਪਣੇ ਅਮਲਾਂ ਦੀ ਪੜਚੋਲ ਕਰਨੀ ਚਾਹੀਦੀ ਹੈ। ਸ਼ਹੀਦਾਂ ਦੀ ਬਾਤ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਚਾਹੀਦਾ ਹੈ ਅਤੇ ਨਿਸ਼ਕਾਮ ਹੋ ਕੇ ਸੰਘਰਸ਼ ਕਰਨ ਲਈ ਗੁਰੂ ਪਾਤਿਸ਼ਾਹ ਨੂੰ ਅਰਦਾਸ ਕਰਨੀ ਚਾਹੀਦੀ ਹੈ।

**- ਮਲਕੀਤ ਸਿੰਘ**

# ਰਾਸ਼ਟਰੀ ਸਵੈ ਸੰਘ ਦੀ ਮੁਸਲਮਾਨਾਂ ਤੱਕ 'ਪਹੁੰਚ' ਅਤੇ ਇਸ ਦੇ ਅਰਥ





ਰਣਜੀਤ ਸਿੰਘ ਕੁਕੀ

ਮੌਜੂਦਾ ਸਮੇਂ ਵਿਚ ਆਮ ਮੁਸਲਮਾਨ ਵਿਅਕਤੀ ਆਪਣੀ ਸੁਰੱਖਿਆ ਪ੍ਰਤੀ ਚਿੰਤਤ ਹੈ ? ਸਵਾਲ ਪੈਦਾ ਹੁੰਦਾ ਹੈ ਕਿ ਕੀ ਰਾਸ਼ਟਰੀ ਸਵੈ ਸੇਵਕ ਸੰਘ ਦਾ ਪ੍ਰਧਾਨ ਸਰਕਾਰ ਨੂੰ ਉਨ੍ਹਾਂ ਮੁਸਲਮਾਨਾਂ ਨੂੰ ਰਿਹਾਅ ਕਰਨ ਲਈ ਕਹੇਗਾ ਜਿਨ੍ਹਾਂ ਨੂੰ ਉੱਤਰੀ-ਪੂਰਬੀ ਦਿੱਲੀ ਵਿਚ ਦੰਗਿਆਂ ਦੇ ਦੋਸ਼ ਹੇਠ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਕੀ ਉਹ ਸਰਕਾਰ ਨੂੰ ਇਸ ਨਾਲ ਸੰਬੰਧਿਤ ਪੁਲਿਸ ਅਧਿਕਾਰੀਆਂ ਉੱਪਰ ਕਾਰਵਾਈ ਕਰਨ ਲਈ ਕਹੇਗਾ ? ਕੀ ਉਹ ਸਰਕਾਰ ਨੂੰ ਲਿੰਚਿੰਗ ਦੇ ਸ਼ਿਕਾਰ ਬਣੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਕੋਈ ਮਾਲੀ ਸਹਾਇਤਾ ਦੇਣ ਲਈ ਕਹੇਗਾ ? ਰਾਸ਼ਟਰੀ ਸਵੈ ਸੇਵਕ ਸੰਘ ਇਹ ਲਗਾਤਾਰ ਦੁਹਰਾ ਰਹੀ ਹੈ ਕਿ ਸਾਰੇ ਭਾਰਤੀਆਂ ਦਾ ਡੀ ਐਨ ਏ ਇਕ ਸਮਾਨ ਹੀ ਹੈ। ਇਹ ਉਨ੍ਹਾਂ ਦਾ ਹਰ ਇਕ ਨੂੰ ਹਿੰਦੂ ਕਹਿਣ ਦਾ ਤਰੀਕਾ ਹੈ। ਲੋਕ ਜਾਣਨਾ ਚਾਹੁੰਦੇ ਹਨ ਕਿ ਕੀ ਉਹ ਇਹ ਯਕੀਨ ਕਰਦੇ ਹਨ ਕਿ ਆਰੀਅਨਾਂ ਅਤੇ ਦ੍ਰਾਵੀੜੀਅਨਾਂ ਦਾ ਡੀ ਐਨ ਏ ਇਕ ਹੀ ਹੈ ? ਇਸ ਸੰਬੰਧੀ ਸੰਵਾਦ ਦਾ ਪਹਿਲਾ ਕਦਮ ਦਾਰੁਲ ਅਲੂਮ ਦੇ ਅਰਸ਼ਦ ਮੱਦਾਨੀ ਦੁਆਰਾ 2019 ਵਿਚ ਚੁੱਕਿਆ ਗਿਆ ਜਦੋਂ ਉਸ ਦੀ ਭਗਵਤ ਨਾਲ ਮੁਲਾਕਾਤ ਹੋਈ ਸੀ।ਇਹ ਬਹੁਤ ਵੱਡਾ ਖਤਰਾ ਉਠਾਉਣ ਵਾਲੀ ਗੱਲ ਸੀ ਕਿਉਂ ਕਿ ਭਾਈਚਾਰੇ ਦੇ ਕੁਝ ਲੋਕ ਇਸ ਦੇ ਪੱਖ ਵਿਚ ਨਹੀਂ ਸਨ। ਕੋਈ ਕਿਸੇ ਨਾਲ ਕਿੰਨੀ ਦੇਰ ਤੱਕ ਲੜ ਸਕਦਾ ਹੈ। ਗਲੋਬਲ ਦ੍ਰਿਸ਼ ਅਜਿਹਾ ਹੈ ਕਿ ਤੁਹਾਨੂੰ ਮੇਜ ਉੱਪਰ ਆ ਕੇ ਗੱਲ ਕਰਨੀ ਹੀ ਪੈਣੀ ਹੈ।

ਧਰਮ ਪਰਿਵਰਤਨ ਪਹਿਲਾਂ ਵੀ ਮੁੱਦਾ ਰਿਹਾ ਹੈ ਅਤੇ ਅੱਗੇ ਵੀ ਰਹੇਗਾ। ਲੋਕਾਂ ਨੂੰ ਇਸ ਮੁੱਦੇ ਤੋਂ ਉੱਪਰ ਉੱਠ ਜਾਣਾ ਚਾਹੀਦਾ ਹੈ। ਅਗਰ ਸਾਰੇ ਲੋਕਾਂ ਦਾ ਡੀ ਐਨ ਏ ਇਕੋ ਜਿਹਾ ਵੀ ਹੈ ਤਾਂ ਇਹ ਕਿੰਨਾ ਕੁ ਅਸਰਦਾਰ ਹੈ ? ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਇਸਲਾਮ ਧਰਮ ਵਿਚ ਪਰਿਵਰਤਨ ਕਰਦੇ ਹਨ ਅਤੇ ਬਹੁਤ ਸਾਰੇ ਮੁਸਲਮਾਨ ਹਿੰਦੂ ਬਣ ਜਾਂਦੇ ਹਨ।ਬਹੁਤ ਸਾਰੇ ਲੋਕ ਮੁਹੱਬਤ ਕਰਕੇ ਵੀ ਅਜਿਹਾ ਕਰਦੇ ਹਨ।ਕੀ ਭਾਗਵਤ ਮੰਦਰ ਦੇ ਵਿਵਾਦਿਤ ਪੁਜਾਰੀ ਨੂੰ ਇਹ ਸਮਝਾ ਪਾਵੇਗਾ ਕਿ ਇਹ 'ਲਵ ਜਿਹਾਦ' ਨਹੀਂ ਹੈ। ਰਾਸ਼ਟਰੀ ਸਵੈ ਸੇਵਕ ਸੰਘ ਦੇ ਸ਼ਬਦ ਅਤੇ ਕੰਮ ਆਪਸ ਵਿਚ ਮੇਲ ਨਹੀਂ ਖਾਂਦੇ ਹਨ।ਇਸ ਕਰਕੇ ਹੀ ਮੋਹਨ ਭਾਗਵਤ ਦੁਆਰਾ ਇਕ ਮਸਜਿਦ ਵਿਚ ਪਹਿਲੀ ਵਾਰ ਜਾਣ ਦੀ ਘਟਨਾ ਨੇ ਉਮੀਦ ਨਾਲੋਂ ਜਿਆਦਾ ਸ਼ੱਕ-ਸੁਭ੍ਹਾ ਜਿਆਦਾ ਪੈਦਾ ਕੀਤਾ ਹੈ। ਕਿਉਂ ਕਿ ਰਾਸ਼ਟਰੀ ਸਵੈ ਸੇਵਕ ਸੰਘ ਅਜੇ ਤੱਕ ਕਿਸੇ ਵੀ ਹਜੂਮੀ ਹਿੰਸਾ ਦੀ ਨਿਖੇਧੀ ਨਹੀਂ ਕੀਤੀ ਹੈ। ਇਹ ਮੁਸਲਮਾਨਾਂ ਨੂੰ ਨਮਾਜ ਅਦਾ ਕਰਨ ਲਈ ਜਗ੍ਹਾ ਦੇਣ ਲਈ ਤਿਆਰ ਨਹੀਂ ਹੈ ਅਤੇ ਮੁਸਲਮਾਨਾਂ ਦਾ ਆਰਥਿਕ ਪੱਖੋਂ ਬਾਈਕਾਟ ਕਰਨ ਅਤੇ ਉਨ੍ਹਾਂ ਦੀ ਨਸਲਕੁਸ਼ੀ ਕਰਨ ਜਿਹੀਆਂ ਅਵਾਜ਼ਾਂ ਉਠਾਈਆਂ ਜਾ ਰਹੀਆਂ ਹਨ। ਰਾਸ਼ਟਰੀ ਸਵੈ ਸੇਵਕ ਸੰਘ ਨੇ ਅਜੇ ਤੱਕ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਨੂੰ ਜੇਲ ਵਿਚੋਂ ਰਿਹਾਅ ਕਰਨ ਅਤੇ ਉਨ੍ਹਾਂ ਦਾ ਸਵਾਗਤ ਕੀਤੇ ਜਾਣ ਉੱਪਰ ਵੀ ਕੋਈ ਬਿਆਨ ਨਹੀਂ ਦਿੱਤਾ ਹੈ। ਇਸੇ ਕਰਕੇ ਭਾਗਵਤ ਦੀ ਫੇਰੀ ਨੇ ਜਿਆਦਾ ਸ਼ੱਕ ਹੀ ਪੈਦਾ ਕੀਤਾ ਹੈ।

ਰਾਸ਼ਟਰੀ ਸਵੈ ਸੇਵਕ ਸੰਘ ਦਾ ਇਕ ਨੇਤਾ ਇੰਦਰੇਸ਼ ਕੁਮਾਰ, ਜੋ ਕਿ ਰਾਸ਼ਟਰੀ ਮੁਸਲਿਮ ਮੰਚ ਦਾ ਪ੍ਰਧਾਨ ਵੀ ਹੈ, ਨੇ ਮੁਸਲਮਾਨਾਂ ਤੱਕ ਪਹੁੰਚ ਕਰਨ ਵਿਚ ਪਹਿਲ ਦਿਖਾਈ ਹੈ ਪਰ ਉਸ ਨੇ ਇਸ ਗੱਲ ਨੂੰ ਨਾਕਾਰ ਦਿੱਤਾ ਹੈ ਕਿ ਇਹ ਸੰਘ ਦੇ ਜਿਆਦਾ ਸਮਾਵੇਸ਼ੀ ਹੋਣ ਵੱਲ ਵਧਦੇ ਕਦਮ ਹਨ। ਆਲ ਇੰਡੀਆ ਇਮਾਮ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਉਮਰ ਅਹਿਮਸ ਇਲਆਸੀ ਨੇ ਦਾਅਵਾ ਕੀਤਾ ਕਿ ਰਾਸ਼ਟਰੀ ਸਵੈ ਸੇਵਕ ਸੰਘ ਦਾ ਮੁਖੀ ਉਸ ਦੇ ਸੱਦੇ 'ਤੇ ਮਸਜਿਦ ਅਤੇ ਮਦਰੱਸੇ ਵਿਚ ਆਇਆ।ਖੁਸ਼ੀ ਅਤੇ ਚਾਅ ਵਿਚ ਉਸ ਨੇ ਭਾਗਵਤ ਨੂੰ ਹੀ ਰਾਸ਼ਟਰਪਿਤਾ ਕਹਿ ਕੇ ਸੰਬੋਧਤ ਕੀਤਾ।

ਇਕ ਮਹੀਨਾ ਪਹਿਲਾਂ ਹੀ ਰਾਸ਼ਟਰੀ ਸਵੈ ਸੇਵਕ ਸੰਘ ਦੇ ਮੁਖੀ ਦੀ ਪ੍ਰਮੁੱਖ ਮੁਸਲਿਮ ਬੁੱਧੀਜੀਵੀਆਂ ਨਾਲ ਮੁਲਾਕਾਤ ਵੀ ਬੁੱਧੀਜੀਵੀਆਂ ਦੀ ਆਪਣੀ ਪਹਿਲ ਕਰਕੇ ਹੀ ਰੱਖੀ ਗਈ ਸੀ।ਪੰਜ ਵਿਅਕਤੀਆਂ ਦੇ ਸਮੂਹ ਵਿਚ ਭਾਰਤ ਦੇ ਸਾਬਕਾ ਚੋਣ ਕਮਿਸ਼ਨਰ ਐਸ ਵਾਈ ਕੁਰੈਸ਼ੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਜ਼ਮੀਨ ਉਦੀਨ ਸ਼ਾਹ, ਪੱਤਰਕਾਰ ਸ਼ਾਹਿਦ ਸਿੱਦੀਕੀ, ਦਿੱਲੀ ਦੇ ਲੈਫਟੀਨੈਂਟ ਗਵਰਨਰ ਨਜੀਬ ਜ਼ੰਗ ਅਤੇ ਵਪਾਰੀ ਸਈਦ ਸ਼ੇਰਵਾਨੀ ਸ਼ਾਮਿਲ ਸਨ।ਪਰ ਰਾਸ਼ਟਰੀ ਸਵੈ ਸੇਵਕ ਸੰਘ ਦੇ ਮੁਖੀ ਦੁਆਰਾ ਮੁਸਲਮਾਨਾਂ ਤੱਕ ਕੀਤੀ ਪਹੁੰਚ ਜਿਆਦਾ ਵਿਸ਼ਵਾਸ ਨਹੀਂ ਪੈਦਾ ਕਰ ਪਾਈ ਹੈ ਕਿਉਂ ਕਿ ਬੀਜੇਪੀ ਸ਼ਾਸਿਤ ਸੂਬਿਆਂ ਵਿਚ ਮੁਸਲਮਾਨਾਂ ਦਾ ਲਗਾਤਾਰ ਉਤਪੀੜਨ ਹੋ ਰਿਹਾ ਹੈ।ਐਨ ਆਰ ਸੀ ਵਿਰੁੱਧ ਮੁਜ਼ਾਹਰੇ ਕਰਨ ਵਾਲਿਆਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ, ਮੁਸਲਿਮ ਅੰਦੋਲਨਾਰੀਆਂ ਦੇ ਘਰ ਸਾੜ ਦਿੱਤੇ ਗਏ ਅਤੇ ਅਸਾਮ ਵਿਚ ਉਨ੍ਹਾਂ ਨੂੰ ਵਿਦੇਸ਼ੀ ਕਹਿ ਕੇ ਸੱਦਿਆ ਜਾਂਦਾ ਹੈ।ਕਰਨਾਟਕ ਵਿਚ ਮੁਸਲਿਮ ਕੁੜੀਆਂ ਨੂੰ ਹਿਜਾਬ ਪਾਉਣ ਦੀ ਇਜਾਜਤ ਨਹੀਂ ਹੈ ਅਤੇ ਭਰਤੀਆਂ ਵਿਚ ਲਗਾਤਾਰ ਉਨ੍ਹਾਂ ਨਾਲ ਵਿਤਕਰਾ ਹੋ ਰਿਹਾ ਹੈ।ਰਾਸ਼ਟਰੀ ਸਵੈ ਸੇਵਕ ਸੰਘ ਨੇ ਮੁਸਲਮਾਨਾਂ ਦੇ ਆਰਥਿਕ ਬਾਈਕਾਟ ਦੇ ਸੰਬੰਧ ਵਿਚ ਵੀ ਕੋਈ ਅਵਾਜ਼ ਨਹੀਂ ਉਠਾਈ ਹੈ। ਰਾਸ਼ਟਰੀ ਸਵੈ ਸੇਵਕ ਸੰਘ ਦੇ ਮੁਖੀ ਦਾ ਦੋਗਲਾਪਨ ਇਸ ਗੱਲੋਂ ਵੀ ਜ਼ਾਹਿਰ ਹੁੰਦਾ ਹੈ ਕਿ ਅਜ਼ਾਦੀ ਤੋਂ ਬਾਅਦ ਪਹਿਲੀ ਵਾਰ ਸੱਤਾਧਾਰੀ ਪਾਰਟੀ ਵਿਚ ਇਕ ਵੀ ਮੁਸਲਮਾਨ ਲੋਕ ਸਭਾ ਮੈਂਬਰ ਨਹੀਂ ਹੈ ਜੋ ਕਿ ਦੇਸ਼ ਦੀ 15 ਪ੍ਰਤੀਸ਼ਤ ਅਬਾਦੀ ਦਾ ਪ੍ਰਤੀਨਿਧ ਕਰ ਸਕੇ।ਕੇਂਦਰੀ ਵਜ਼ਾਰਤ ਵਿਚ ਵੀ ਇਕ ਵੀ ਮੁਸਲਿਮ ਮੰਤਰੀ ਨਹੀਂ ਹੈ।ਰਾਸ਼ਟਰੀ ਸਵੈ ਸੇਵਕ ਸੰਘ ਅਤੇ ਇਸ ਦੇ ਹੋਰ ਸਹਿਯੋਗੀ ਮੁਸਲਮਾਨਾਂ ਨੂੰ ਭਾਰਤ ਦੇ ਦੂਜੇ ਦਰਜੇ ਦੇ ਨਾਗਰਿਕ ਮੰਨਦੇ ਹਨ। ਇਸ ਨੇ ਕਦੇ ਵੀ ਹਿੰਦੂਆਂ ਅਤੇ ਮੁਸਲਮਾਨਾਂ ਦੀ ਬਰਾਬਰੀ ਦੀ ਗੱਲ ਨਹੀਂ ਕੀਤੀ ਹੈ। ਜਦੋਂ ਮੋਹਨ ਭਾਗਵਤ ਮਸਜਿਦ ਵਿਚ ਜਾ ਰਿਹਾ ਹੈ, ਉਸੇ ਸਮੇਂ ਹੀ ਭਾਰਤ ਦਾ ਅਟਾਰਨੀ ਜਨਰਲ ਸਰਵ-ਉੱਚ ਅਦਾਲਤ ਵਿਚ ਕਰਨਾਟਕ ਦੇ ਸਕੂਲਾਂ ਵਿਚ ਹਿਜਾਬ ਉੱਪਰ ਪਾਬੰਦੀ ਦੀ ਵਕਾਲਤ ਕਰ ਰਿਹਾ ਸੀ।ਉੱਤਰ ਪ੍ਰਦੇਸ਼ ਵਿਚ ਯੋਗੀ ਸਰਕਾਰ ਨੇ ਲਗਾਤਾਰ ਮਦਰੱਸਿਆਂ ਦਾ ਸਰਵੇ ਕਰਵਾਇਆ ਹੈ ਜਿਨ੍ਹਾਂ ਵਿਚ ਚਾਰ ਪ੍ਰਤੀਸ਼ਤ ਤੋਂ ਵੀ ਘੱਟ ਮੁਸਲਿਮ ਬੱਚੇ ਪੜ੍ਹਨ ਜਾਂਦੇ ਹਨ ਅਤੇ ਬੀਜੇਪੀ ਦੇ ਨੇਤਾਵਾਂ ਨੇ ਰਾਹੁਲ ਗਾਂਧੀ ਨਾਲ ਚੱਲ ਰਹੀ ਬੁਰਕਾਧਾਰੀ ਔਰਤ ਦੀ ਤਸਵੀਰ ਉੱਪਰ ਭੱਦੀਆਂ ਟਿੱਪਣੀਆਂ ਕੀਤੀਆਂ ਹਨ।

ਇਸ ਲਈ ਰਾਸ਼ਟਰੀ ਸਵੈ ਸੇਵਕ ਸੰਘ ਦੇ ਟੋਕਨਵਾਦ ਨੂੰ ਗੰਭੀਰਤਾ ਨਾਲ ਲੈਣਾ ਮੁਸ਼ਕਿਲ ਹੈ।ਇਸ ਤਰਾਂ ਦੀ ਪਹਿਲਕਦਮੀ ਸੰਘ ਦੁਆਰਾ ਮਿਡਲ ਈਸਟ ਅਤੇ ਹੋਰ ਮੁਸਲਿਮ ਦੇਸ਼ਾਂ ਪ੍ਰਤੀ ਸੁਹਿਰਦਤਾ ਦਿਖਾਉਣ ਦੀ ਮਜਬੂਰੀ ਦਾ ਨਤੀਜਾ ਜਾਪਦੀ ਹੈ।ਇਹ ਕੋਈ ਰਹੱਸ ਨਹੀਂ ਹੈ ਕਿ ਵੀ ਐਚ ਪੀ ਅਤੇ ਰਾਸ਼ਟਰੀ ਸਵੈ ਸੇਵਕ ਸੰਘ ਦੇਸ਼ ਵਿਚ ਆਪਣੇ ਨਕਸ਼ ਵਧਾ ਰਹੇ ਹਨ।ਪਰ ਨੂਪੁਰ ਸ਼ਰਮਾ ਦੀਆਂ ਮੁਹੰਮਦ ਸਾਹਿਬ ਨੂੰ ਲੈ ਕੇ ਕੀਤੀਆਂ ਟਿੱਪਣੀਆਂ ਉਸ ਉੱਪਰ ਹੀ ਉਲਟੀਆਂ ਪੈ ਗਈਆਂ, ਜਿਸ ਤੋਂ ਅਜਿਹੀਆਂ ਪਹਿਲਕਦਮੀਆਂ ਬਾਹਰ ਆਉਂਦੀਆਂ ਦਿਖਾਈ ਦਿੰਦੀਆਂ ਹਨ। ਸੰਪ੍ਰਦਾਇਕ ਨਫਰਤ, ਧਾਰਮਿਕ ਕੱਟੜਤਾ ਅਤੇ ਨਸਲਵਾਦ ਅਤੇ ਜਾਤੀਵਾਦ ਜਿਹੇ ਮੁੱਦਿਆਂ ਉੱਪਰ ਅੰਤਰਰਾਸ਼ਟਰੀ ਪੱਧਰ 'ਤੇ ਵੀ ਰਾਸ਼ਟਰੀ ਸਵੈ ਸੇਵਕ ਸੰਘ ਲਗਾਤਾਰ ਆਲੋਚਨਾ ਦਾ ਨਿਸ਼ਾਨਾ ਰਿਹਾ ਹੈ। ਇਸ ਲਈ ਰਾਸ਼ਟਰੀ ਸਵੈ ਸੇਵਕ ਸੰਘ ਦੇ ਮੁਖੀ ਦੁਆਰਾ ਇਸ ਪਹੁੰਚ ਨੂੰ ਨੁਕਸਾਨ ਦੀ ਭਰਪਾਈ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਹ ਪਹੁੰਚ ਦਾ ਅਰਥ ਰਾਸ਼ਟਰੀ ਸਵੈ ਸੇਵਕ ਸੰਘ ਅਤੇ ਬੀਜੇਪੀ ਦੁਆਰਾ ਮੁਸਲਮਾਨਾਂ ਵਿਚ ਭੰਬਲਭੂਸਾ ਪੈਦਾ ਕਰਕੇ ਉਨ੍ਹਾਂ ਦੀਆਂ ਵੋਟਾਂ ਵੰਡਣ ਦੀ ਚਾਲ ਦੇ ਰੂਪ ਵਿਚ ਵੀ ਲਿਆ ਜਾ ਰਿਹਾ ਹੈ। ਮੁਸਲਿਮ ਵੋਟਰਾਂ ਦਾ ਵਿਰੋਧੀ ਧਿਰ ਦੇ ਪੱਖ ਵਿਚ ਭੁਗਤਣਾ ਉਹ ਕਦੇ ਵੀ ਨਹੀਂ ਚਾਹੁਣਗੇ।

# ਨਫ਼ਰਤੀ ਵਰਤਾਰੇ ਵਿੱਚ ਬੁਰੇ ਦਿਨਾਂ ਦੀ ਆਹਟ



ਗੁਰਮੀਤ ਸਿੰਘ ਪਲਾਹੀ
ਮੋ. 9815802070



ਰੋਜ਼ਾਨਾ ਅੰਗਰੇਜ਼ੀ ਅਖ਼ਬਾਰ 'ਇੰਡੀਅਨ ਐਕਸਪ੍ਰੈਸ' ਵਿੱਚ ਦਿਲ ਦਹਿਲਾਉਣ ਵਾਲੀ ਖ਼ਬਰ ਹੀ ਨਹੀਂ, ਸਗੋਂ ਪਹਿਲੇ ਸਫ਼ੇ ਉਤੇ ਰਿਪੋਰਟ ਛਪੀ ਹੈ, ਜਿਸ ਵਿੱਚ ਵੇਰਵੇ ਸਹਿਤ ਵਰਨਣ ਹੈ ਕਿ ਪੁਲਿਸ ਵਾਲੇ ਮੁਸਲਮਾਨ ਨੌਜਵਾਨਾਂ ਨੂੰ ਬਿਜਲੀ ਦੇ ਖੰਭੇ ਨਾਲ ਬੰਨ ਕੇ ਉਨ੍ਹਾਂ ਦਾ ਲਾਠੀਆਂ ਨਾਲ ਕੁੱਟ ਕੁਟਾਪਾ ਕਰ ਰਹੇ ਹਨ। ਇਹ ਖ਼ਬਰ ਵੀਡੀਓ 'ਚ ਵੀ ਸੋਸ਼ਲ ਮੀਡੀਆ 'ਤੇ ਘੁੰਮ ਰਹੀ ਹੈ, ਜਿਸ ਵਿੱਚ ਦਿਖਾਇਆ ਜਾ ਰਿਹਾ ਹੈ ਕਿ ਕੁਝ ਲੋਕ ਨੌਜਵਾਨਾਂ ਦੀ ਕੁੱਟ ਦਾ ਮਜ਼ਾ ਲੈ ਰਹੇ ਹਨ, ਤਾਲੀਆਂ ਵਜਾ ਰਹੇ ਹਨ ਅਤੇ ਆਖ ਰਹੇ ਹਨ, 'ਭਾਰਤ ਮਾਤਾ ਕੀ ਜੈ'। ਇਹ ਘਟਨਾ ਗੁਜਰਾਤ ਦੀ ਹੈ। ਇਸ ਕਾਰਵਾਈ ਪਿੱਛੇ ਗੁਜਰਾਤ ਦੀ ਖੇੜਾ ਪੁਲਿਸ ਹੈ। ਇਨ੍ਹਾਂ ਨੌਜਵਾਨਾਂ ਉਤੇ ਦੋਸ਼ ਸੀ ਕਿ ਉਨ੍ਹਾਂ ਨਵਰਾਤਰਿਆਂ ਸਮੇਂ ਕੀਤੇ ਜਲਸੇ 'ਚ ਪੱਥਰ ਮਾਰੇ ਸਨ।ਸਵਾਲ ਉੱਠਦਾ ਹੈ ਕਿ ਇਹ ਨਫ਼ਰਤੀ ਵਰਤਾਰਾ ਆਖ਼ਰ ਲੋਕਤੰਤਰਿਕ ਦੇਸ਼ 'ਚ ਕਿਵੇਂ ਵਧ ਫੁਲ ਰਿਹਾ ਹੈ? ਕਾਨੂੰਨ ਦੇ ਰਖਵਾਲੇ ਖੁਦ ਕਾਨੂੰਨ ਤੋੜਨ 'ਚ ਲੱਗੇ ਹੋਏ ਹਨ। ਪਰ ਹੈਰਾਨੀ ਦੀ ਗੱਲ ਤਾਂ ਇਸ ਤੋਂ ਵੀ ਜ਼ਿਆਦਾ ਇਹ ਹੈ ਕਿ ਦੇਸ਼ ਦਾ ਵੱਡੀ ਗਿਣਤੀ ਮੀਡੀਆ ਇਨ੍ਹਾਂ ਘਟਨਾਵਾਂ ਉਤੇ ਚੁੱਪੀ ਵੱਟੀ ਬੈਠਾ ਹੈ। ਕਿਸੇ ਸਮਾਚਾਰ ਚੈਨਲ ਨੇ ਇਹ ਖ਼ਬਰ ਨਹੀਂ ਦਿਖਾਈ। ਕਿਸੇ ਅਖ਼ਬਾਰ ਨੇ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ। ਸਮਝਣਾ ਔਖਾ ਹੈ ਕਿ ਦੇਸ਼ ਦੇ ਮੀਡੀਆ ਨੂੰ ਇਸ ਖ਼ਬਰ ਦੀ ਅਹਿਮੀਅਤ ਕਿਉਂ ਨਹੀਂ ਦਿਖੀ?

ਕੀ ਲੋਕਤੰਤਰ ਮਜ਼ਬੂਤ ਕਾਨੂੰਨ ਵਿਵਸਥਾ ਦੇ ਬਿਨ੍ਹਾਂ ਕਾਇਮ ਰਹਿ ਸਕਦਾ ਹੈ? ਉਹ ਲੋਕ ਜਿਨ੍ਹਾਂ ਸੰਵਿਧਾਨ ਦੀ ਸਹੁੰ ਖਾ ਕੇ ਇਹੋ ਜਿਹੀ ਨੌਕਰੀ ਚੁਣੀ ਹੈ, ਜਿਸਦਾ ਪਹਿਲਾ ਫ਼ਰਜ਼ ਕਾਨੂੰਨ ਦੀ ਸੁਰੱਖਿਆ ਰੱਖਣਾ ਹੈ, ਖੁਦ ਕਾਨੂੰਨ ਤੋੜ ਰਹੇ ਹਨ ਅਤੇ ਉਹ ਵੀ ਆਮ ਲੋਕਾਂ ਸਾਹਮਣੇ। ਤਾਂ ਕੀ ਇਹੋ ਜਿਹੀਆਂ ਘਟਨਾਵਾਂ ਲੋਕਤੰਤਰ ਦੀ ਨੀਂਹ ਕਮਜ਼ੋਰ ਨਹੀਂ ਕਰਨਗੀਆਂ? ਉਪਰੋਕਤ ਘਟਨਾ 'ਚ ਪੁਲਿਸ ਨੇ ਮੁਸਲਮਾਨ ਯੁਵਕਾਂ ਨੂੰ ਚੌਰਾਹੇ ਵਿਚ ਕੁੱਟਿਆ। ਜਿਨ੍ਹਾਂ ਮੁਸਲਮਾਨਾਂ ਨੇ ਇਨ੍ਹਾਂ ਯੁਵਕਾਂ ਨੂੰ ਕੁੱਟ ਪੈਂਦੀ ਵੇਖੀ। ਉਨ੍ਹਾਂ ਉੱਤੇ ਇਸਦਾ ਕੀ ਪ੍ਰਭਾਵ ਜਾਏਗਾ?

ਚਿੰਤਾਜਨਕ ਹੈ ਕਿ ਲੋਕਾਂ 'ਚ ਇਹੋ ਜਿਹੀਆਂ ਘਟਨਾਵਾਂ ਨਾਲ ਨਫ਼ਰਤ ਫੈਲ ਰਹੀ ਹੈ। ਇਹੋ ਜਿਹੀਆਂ ਘਟਨਾਵਾਂ ਨਾਲ ਭਾਈਚਾਰਕ ਸਾਂਝ ਗੁੰਮ ਹੋ ਰਹੀ ਹੈ। ਕਦੇ ਹਿੰਦੂ-ਮੁਸਲਿਮਾਂ ਦੀ ਆਪਸੀ ਸਾਂਝ ਡੂੰਘੀ ਸੀ। ਨਵਰਾਤਿਆਂ 'ਚ ਉਹ ਸਾਂਝਾ ਗਰਬਾ ਕਰਦੇ ਸਨ। ਅਸਲ ਵਿੱਚ ਮੁਸਲਿਮ ਨੌਜਵਾਨਾਂ ਨੂੰ ਗਰਬਾ ਤੋਂ ਦੂਰ ਕਰਨ ਦੀ ਗੱਲ ਉਦੋਂ ਸ਼ੁਰੂ ਹੋਈ ਜਦੋਂ 'ਲਵ ਜਿਹਾਦ' ਮੁਹਿੰਮ ਚਲਾਈ ਗਈ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਵਲੋਂ। ਕੀ ਖਾਣਾ ਹੈ, ਕੀ ਪਹਿਨਣਾ ਹੈ, ਕਿਵੇਂ ਰਹਿਣਾ ਹੈ, ਪਿਆਰ ਕਰਨਾ ਹੈ ਕਿ ਨਹੀਂ ਕਰਨਾ ਹੈ, ਦੀ ਤੰਗ ਸੋਚ ਨੇ ਜਨਤਾ 'ਚ ਭਰਮ ਭੁਲੇਖੇ ਪੈਦਾ ਕੀਤੇ। ਬੀਜੇਪੀ ਨੇਤਾਵਾਂ ਦਾ ਮੰਤਵ ਇਹ ਸੀ ਕਿ ਹਿੰਦੂ-ਮੁਸਲਿਮ ਭਾਈਚਾਰੇ ਵਿਚ ਤ੍ਰੇੜ ਪਵੇ। ਹਿੰਦੂ-ਮੁਸਲਮਾਨ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ। ਇਸ ਸਮੇਂ ਲੋਕਾਂ ਦੇ ਮਨਾਂ 'ਚ 2002 ਦੇ ਦੰਗਿਆਂ ਦੀ ਯਾਦ ਤਾਜ਼ਾ ਹੋ ਗਈ। ਇਥੇ ਹੀ ਬੱਸ ਨਹੀਂ ਜਿਸ ਬਿਲਕੀਸ ਬਾਨੋ ਨਾਲ ਦਿਨ ਦਿਹਾੜੇ ਸਮੂਹਿਕ ਬਲਾਤਕਾਰ ਕੀਤਾ ਗਿਆ, ਉਸਦੀ ਤਿੰਨ ਸਾਲਾ ਦੀ ਬੱਚੀ ਦਾ ਉਸਦੇ ਸਾਹਮਣੇ ਸਿਰ ਭੰਨ ਦਿੱਤਾ ਗਿਆ, ਉਨ੍ਹਾਂ ਦਰੰਦਿਆਂ ਨੂੰ ਅਦਾਲਤ ਵਲੋਂ ਗੁਜਰਾਤ ਸਰਕਾਰ ਦੀ ਪਹਿਲਕਦਮੀ ਉਤੇ ਛੱਡ ਦਿੱਤਾ ਗਿਆ। ਉਨ੍ਹਾਂ ਦੀ ਰਿਹਾਈ ਸਮੇਂ ਦੋਸ਼ੀਆਂ ਦੇ ਗਲ਼ਾਂ 'ਚ ਹਾਰ ਪਾਏ ਗਏ। ਉਨ੍ਹਾਂ ਦਾ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਇਆ ਗਿਆ ਅਤੇ ਇਵੇਂ ਦਰਸਾਇਆ ਗਿਆ ਕਿ ਉਹ ਨਾਇਕ ਹਨ ਤੇ ਕੋਈ ਜੰਗ ਜਿੱਤਕੇ ਆਏ ਹਨ।

ਨਫ਼ਰਤ ਦਾ ਜ਼ਹਿਰ ਇਸ ਹੱਦ ਤੱਕ ਫੈਲ ਚੁੱਕਾ ਹੈ ਕਿ ਜਿਨ੍ਹਾਂ ਪੁਲਿਸ ਵਾਲਿਆਂ ਨੇ ਯੁਵਕਾਂ ਦੀ ਕੁੱਟਮਾਰ ਕੀਤੀ ਕਿਸੇ ਗੁਜਰਾਤ ਦੇ ਨੇਤਾ ਨੇ ਇਸ ਘਟਨਾ ਦੀ ਨਿਖੇਧੀ ਨਹੀਂ ਕੀਤੀ। ਕੀ ਇਹੋ ਜਿਹੀਆਂ ਘਟਨਾਵਾਂ ਦੇਸ਼ ਵਿੱਚ ਅਸ਼ਾਂਤੀ ਅਤੇ ਅਰਾਜਕਤਾ ਪੈਦਾ ਨਹੀਂ ਕਰਨਗੀਆਂ? ਕੀ ਪਾਕਿਸਤਾਨ ਇਸਦਾ ਫਾਇਦਾ ਨਹੀਂ ਉਠਾਏਗਾ? ਕੀ ਮੁਸਲਮਾਨਾਂ ਦਾ ਭਰੋਸਾ ਕਾਨੂੰਨ ਦੇ ਰਖਵਾਲਿਆਂ ਤੋਂ ਉੱਠ ਨਹੀਂ ਜਾਏਗਾ? ਕੀ ਉਹ ਆਪਣੇ ਹੀ ਦੇਸ਼ 'ਚ ਆਪਣੇ ਆਪ ਨੂੰ ਬੇਗਾਨੇ ਮਹਿਸੂਸ ਨਹੀਂ ਕਰਨਗੇ? ਇੰਡੋਨੇਸ਼ੀਆ ਤੋਂ ਬਾਅਦ ਭਾਰਤ 'ਚ ਹੀ ਸਭ ਤੋਂ ਵੱਧ ਮੁਸਲਮਾਨ ਲਗਭਗ 20 ਕਰੋੜ ਰਹਿੰਦੇ ਹਨ। ਜੇਕਰ ਉਨ੍ਹਾਂ ਵਿਚੋਂ ਦੋ ਪ੍ਰਤੀਸ਼ਤ ਵੀ ਇਨ੍ਹਾਂ ਘਟਨਾਵਾਂ ਤੋਂ ਨਾਰਾਜ਼ ਹੋ ਕੇ ਅਸ਼ਾਂਤੀ ਦੇ ਰਸਤੇ ਤੁਰ ਪੈਣ ਤਾਂ ਭਾਰਤ ਦੇਸ਼ ਦਾ ਕੀ ਹੋਏਗਾ? ਕੀ ਇਸ ਨਫ਼ਰਤੀ ਮਾਹੌਲ 'ਚ ਖਾਨਾਜੰਗੀ ਨਹੀਂ ਹੋਏਗੀ?

ਇਸ ਨਫ਼ਰਤੀ ਮਾਹੌਲ ਨੇ ਭਾਰਤ ਦੀ ਅੰਤਰਰਾਸ਼ਟਰੀ ਦਿੱਖ ਖਰਾਬ ਕੀਤੀ ਹੈ। ਭਾਰਤ ਜਿਹੜਾ ਲੋਕਤੰਤਰੀ ਦੇਸ਼ ਅਖਵਾਉਂਦਾ ਸੀ, ਅੱਜ ਆਪਣੀ ਦਿੱਖ ਪਾਕਿਸਤਾਨ ਵਾਂਗਰ ਬਣਾਉਂਦਾ ਦਿਖਣ ਲੱਗਾ ਹੈ, ਜਿਥੇ ਹਿੰਦੂਆਂ ਨਾਲ ਦਰੇਗ ਦੀਆਂ ਘਟਨਾਵਾਂ ਲਗਾਤਾਰ ਹੁੰਦੀਆਂ ਹਨ। ਇਹੋ ਜਿਹੀਆਂ ਘਟਨਾਵਾਂ ਭਾਰਤ ਵਿੱਚ ਆਮ ਵਾਪਰ ਰਹੀਆਂ ਹਨ। ਦੇਸ਼ 'ਚ ਘੱਟਗਿਣਤੀ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਨਫ਼ਰਤੀ ਦੌਰ 'ਚ ਵੋਟਾਂ ਦੀ ਖ਼ਾਤਰ, ਤਿਉਹਾਰਾਂ ਦੇ ਸਮੇਂ ਕੀਤੇ ਜਾਂਦੇ ਜਲਸਿਆਂ, ਜਲੂਸਾਂ ਉਤੇ ਪਥਰਾਓ ਅਤੇ ਫਿਰ ਬੁਲਡੋਜ਼ਰਾਂ ਨਾਲ ਮੁਸਲਮਾਨਾਂ ਦੇ ਘਰ ਢਾਹੁਣ ਦੀਆਂ ਘਟਨਾਵਾਂ ਅਤੇ ਹਿੰਸਾ ਤੇ ਦੰਗਿਆਂ ਦਾ ਲਗਾਤਾਰ ਵਾਪਰਨਾ ਦੇਸ਼ ਦੇ ਮੱਥੇ ਉਤੇ ਕਲੰਕ ਸਾਬਤ ਹੋ ਰਿਹਾ ਹੈ।

ਭਾਰਤ ਦੀ ਸਥਿਤੀ ਲਗਾਤਾਰ ਅੰਤਰਰਾਸ਼ਟਰੀ ਪੱਧਰ 'ਤੇ ਡਿੱਗ ਰਹੀ ਹੈ। ਬੁਨਿਆਦੀ ਅਧਿਕਾਰਾਂ ਦੇ ਮਾਮਲੇ 'ਤੇ ਭਾਰਤ ਪਿੱਛੇ ਜਾ ਰਿਹਾ ਹੈ। ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਭਾਰਤ ਦੇ ਪੱਲੇ ਹੈ। ਭਾਰਤ ਦੀ ਆਰਥਿਕਤਾ ਕਮਜ਼ੋਰ ਹੋ ਰਹੀ ਹੈ। 2022-23 ਦੀ ਪਹਿਲੀ ਤਿਮਾਹੀ 'ਚ ਜੀਡੀਪੀ ਆਪਣੇ 16.2 ਦੇ ਅਨੁਮਾਨ ਤੋਂ ਘਟਾ ਕੇ 13.5 ਦਰਜ ਕੀਤੀ ਗਈ ਹੈ, ਜਿਸ ਨਾਲ ਦੇਸ਼ 'ਚ ਨਿਰਾਸ਼ਾ ਹੈ। ਮੁਦਰਾ ਸਫੀਤੀ ਵੱਧ ਰਹੀ ਹੈ। ਆਰਥਿਕ ਠਹਿਰਾਅ ਆ ਚੁੱਕਾ ਹੈ ਅਤੇ ਮੰਦੀ ਵਧ ਰਹੀ ਹੈ। ਰੁਪਏ ਦਾ ਮੁੱਲ ਲਗਾਤਾਰ ਘੱਟ ਰਿਹਾ ਹੈ। ਇੱਕ ਅਮਰੀਕੀ ਡਾਲਰ ਦੀ ਕੀਮਤ 82.32 ਰੁਪਏ ਹੋ ਚੁੱਕੀ ਹੈ। ਦੇਸ਼ ਨੂੰ ਗੰਭੀਰ ਆਰਥਿਕ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਹੋ ਜਿਹੀਆਂ ਹਾਲਤਾਂ ਵਿੱਚ ਨਫ਼ਰਤੀ ਮਾਹੌਲ ਦੀ ਸਿਰਜਨਾ ਕਿਸੇ ਸਾਜਿਸ਼ ਦਾ ਸੰਕੇਤ ਹੈ। ਹਾਕਮ ਧਿਰ ਲੋਕਾਂ ਦਾ ਧਿਆਨ ਇਨ੍ਹਾਂ ਬੁਨਿਆਦੀ ਸਮੱਸਿਆਵਾਂ, ਜਿਨ੍ਹਾਂ ਵਿੱਚ ਸੰਪੂਰਨ ਰੁਜ਼ਗਾਰ, ਮਜ਼ਬੂਤ ਸਿੱਖਿਆ ਅਤੇ ਸਿਹਤ ਸਹੂਲਤਾਂ ਅਦਿ ਸ਼ਾਮਲ ਹਨ, ਤੋਂ ਹਟਾਕੇ ਹੋਰ ਪਾਸੇ ਲਿਜਾ ਰਹੀ ਹੈ, ਤਾਂ ਕਿ ਉਨ੍ਹਾਂ ਦੀ ਕੁਰਸੀ ਬਚੀ ਰਹੇ। ਕਾਂਗਰਸ ਵੇਲੇ ਵੀ ਕਦੇ ਗਰੀਬੀ ਹਟਾਓ, ਕਦੇ ਬੈਂਕਾਂ ਦਾ ਰਾਸ਼ਟਰੀਕਰਨ ਕਦੇ 'ਸਭ ਲਈ ਭੋਜਨ' ਆਦਿ ਸਕੀਮਾਂ ਨਾਲ ਲੋਕਾਂ ਨੂੰ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਤੋਂ ਭਟਕਾ ਦੀ ਸਥਿਤੀ 'ਚ ਰੱਖਣ ਦਾ ਯਤਨ ਹੋਇਆ ਅਤੇ ਹੁਣ ਦੇ ਹਾਕਮਾਂ ਵਲੋਂ 'ਸਭ ਦਾ ਵਿਕਾਸ' ਅਤੇ ਹੋਰ ਨਾਹਰਿਆਂ ਅਤੇ ਜੰਗ ਵਰਗੇ ਹਾਲਾਤ ਬਣਾਕੇ ਲੋਕਾਂ ਦਾ ਧਿਆਨ ਹੋਰ ਪਾਸੇ ਕਰਨ ਦੇ ਯਤਨ ਵੀ ਹੋਇਆ। ਕਾਂਗਰਸ ਵਲੋਂ ਵੀ ਦਰਬਾਰ ਸਾਹਿਬ ਤੇ ਹਮਲਾ ਅਤੇ 1984 'ਚ ਸਿੱਖਾਂ ਦਾ ਕਤਲੇਆਮ, ਮੌਜੂਦਾ ਭਾਜਪਾ ਵਲੋਂ ਦਿੱਲੀ ਦੰਗੇ, ਧਾਰਾ 370 ਦਾ ਖ਼ਤਮ ਕਰਨਾ, ਸੀਏਏ ਬਿੱਲ ਆਦਿ ਫ਼ਿਰਕੂ ਵੰਡ ਵਾਲੇ ਇਹੋ ਜਿਹੇ ਕਿੱਸੇ ਹਨ, ਜਿਹੜੇ ਸ਼ਾਤ ਮਾਹੌਲ ਵਿੱਚ ਨਫ਼ਰਤ ਪੈਦਾ ਕਰਨ ਵਾਲੇ ਸਨ।

6 ਦਸੰਬਰ 1992 ਨੂੰ ਵਿਸ਼ਵ ਹਿੰਦੂ ਪਰੀਸ਼ਦ ਅਤੇ ਬਜਰੰਗ ਦਲ ਨੇ 430 ਸਾਲ ਪੁਰਾਣੀ ਅਯੁਧਿਆ ਵਿਖੇ ਸਥਿਤ ਮਸਜਿਦ ਢਾਹ ਢੇਰੀ ਕਰ ਦਿੱਤੀ। 2002 ਵਿਚ ਗੁਜਰਾਤ 'ਚ ਦੰਗੇ ਹੋਏ, ਸੈਂਕੜਿਆਂ ਦੀ ਗਿਣਤੀ ਮੁਸਲਿਮ, ਹਿੰਦੂ ਮਾਰੇ ਗਏ। ਫਰਵਰੀ 2020 ਵਿੱਚ ਉਤਰੀ ਪੂਰਬੀ ਦਿੱਲੀ 'ਚ ਫ਼ਸਾਦ ਹੋਏ, 40 ਤੋਂ ਵੱਧ ਮਰੇ ਅਤੇ ਸੈਂਕੜੇ ਜ਼ਖਮੀ ਹੋਏ। ਅਮਨੈਸਿਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਅਨੁਸਾਰ 2005 ਤੋਂ 2009 ਤੱਕ ਔਸਤਨ 130 ਲੋਕ ਹਰ ਵਰ੍ਹੇ ਫ਼ਿਰਕੂ ਹਿੰਸਾ ਦਾ ਸ਼ਿਕਾਰ ਹੋਏ। ਇੱਕ ਹੋਰ ਰਿਪੋਰਟ ਅਨੁਸਾਰ ਭਾਜਪਾ ਦੇ ਰਾਜ ਕਾਲ 2014 ਤੋਂ ਹੁਣ ਤੱਕ ਹਿੰਦੂ-ਮੁਸਲਿਮ ਫ਼ਿਰਕਿਆਂ ਵਿੱਚ ਪਹਿਲਾ ਤੋਂ ਵੱਧ ਫ਼ਸਾਦ ਹੋਏ ਅਤੇ ਦੇਸ਼ ਵਿੱਚ ਸਮੂਹ ਘੱਟਗਿਣਤੀ ਭਾਈਚਾਰੇ ਵਿੱਚ ਅਸੁੱਰਖਿਆ ਦੀ ਭਾਵਨਾ ਵਧੀ ਹੈ। ਯੂ.ਐਸ.ਏ. ਕਮਿਸ਼ਨ ਔਨ ਇਟਰਨੈਸ਼ਨਲ ਫਰੀਡਮ ਨੇ 2018 ਵਿੱਚ ਹਿੰਦੂ ਰਾਸ਼ਟਰੀ ਗਰੁੱਪਾਂ ਨੂੰ ਭਾਰਤ ਨੂੰ ਭਗਵਾਂ ਬਣਾਉਣ ਦੇ ਯਤਨਾਂ, ਹਿੰਸਾ ਅਤੇ ਗੈਰ ਹਿੰਦੂਆਂ ਨੂੰ ਪ੍ਰੇਸ਼ਾਨ ਕਰਨ ਸਬੰਧੀ ਰਿਪੋਰਟ ਛਾਪੀ ਹੈ। ਬਹੁਤ ਸਾਰੇ ਇਤਿਹਾਸਕਾਰਾਂ ਦਾ ਇਹ ਮਤ ਹੈ ਕਿ ਜਿਵੇਂ ਬ੍ਰਿਟਿਸ਼ ਸਾਮਰਾਜ ਵਲੋਂ ਪਾੜੋ ਤੇ ਰਾਜ ਕਰੋ ਦੀ ਨੀਤੀ ਸਾਸ਼ਨ ਕਰਨ ਲਈ ਅਤੇ ਭਾਰਤੀ ਖਿੱਤੇ ਨੂੰ ਕੰਟਰੋਲ ਕਰਨ ਲਈ ਅਪਨਾਈ ਗਈ, ਉਹੋ ਨੀਤੀ, ਮੌਜੂਦਾ ਹਾਕਮਾਂ ਵਲੋਂ ਹਿੰਦੂ-ਮੁਸਲਮਾਨਾਂ 'ਚ ਪਾੜਾ ਪਾ ਕੇ ਅਪਣਾਈ ਜਾ ਰਹੀ ਹੈ। ਹੁਣ ਦੇ ਹਾਕਮਾਂ ਦੇ ਵੱਖ-ਵੱਖਰੇ 'ਕਾਰਨਾਮੇ' ਅਤੇ ਨਫ਼ਰਤੀ ਵਰਤਾਰਾ ਕੀ ਬੁਰੇ ਦਿਨਾਂ ਦੀ ਆਹਟ ਨਹੀਂ ਹੈ?

# ਮਨੂੰਵਾਦੀ ਮੀਡੀਆ ਤੇ ਫਿਰਕੂਵਾਦ ਦੀ ਦਲਿਤ ਵਿਰੋਧੀ ਬੌਖਲਾਹਟ

'ਇੰਡੀਅਨ ਐਕਸਪ੍ਰੈਸ' ਦੀ ਇਕ ਖਬਰ ਅਨੁਸਾਰ 5 ਅਕਤੂਬਰ ਨੂੰ ਦਿੱਲੀ ਦੇ ਅੰਬੇਡਕਰ ਭਵਨ ਵਿਚ 10000 ਤੋਂ ਵਧੇਰੇ ਦਲਿਤਾਂ ਨੇ ਹਿੰਦੂ ਧਰਮ ਤਿਆਗਣ ਤੇ ਬੁੱਧ ਧਰਮ ਅਪਨਾਉਣ ਦਾ ਐਲਾਨ ਕਰ ਕੇ ਮੋਹਨ ਭਾਗਵਤ ਸਮੇਤ ਭਗਵਿਆਂ ਦੇ ਮਨਾਂ ਵਿਚ ਬੌਖਲਾਹਟ ਪੈਦਾ ਕਰ ਦਿਤੀ ਹੈ। ਗੋਦੀ ਮੀਡੀਏ ਨੇ ਇਸ ਕਾਰਵਾਈ ਵਿਰੁਧ ਇਕ ਝਲਿਆਈ ਫਿਰਕੂ ਮੁਹਿੰਮ ਵਿਢ ਦਿੱਤੀ ਹੈ। ਉਨ੍ਹਾਂ ਦੇ ਮਨਾਂ ਵਿਚ ਡਰ ਪੈਦਾ ਹੋ ਗਿਆ ਹੈ ਕਿ ਜੇ ਧਰਮ ਬਦਲੀ ਦੀ ਇਹ ਮੁਹਿੰਮ ਜੋਰ ਫੜ ਗਈ ਤਾਂ ਮਨੂੰਵਾਦੀਆ ਦਾ ਹਿੰਦੂ ਬਹੁਗਿਣਤੀ ਦਾ ਫਰਾਡ ਹਮੇਸ਼ਾ ਲਈ ਨੰਗਾ ਹੋ ਜਾਏਗਾ। ਚੋਣਾਂ ਦੇ ਐਲਾਨ ਤੋਂ ਪਹਿਲਾਂ ਹੀ ਗੁਜਰਾਤ ਅੰਦਰ ਇਸ ਕਿਸਮ ਦੀ ਪੋਸਟਰਬਾਜੀ ਆਰੰਭ ਹੋ ਗਈ ਹੈ। ਧਰਮ ਬਦਲੀ ਕਰਨ ਵਾਲੇ ਦਲਿਤਾਂ ਵਿਰੁਧ ਨਫਰਤ ਦੀ ਇਕ ਮੁਹਿੰਮ ਵਿਢ ਦਿਤੀ ਗਈ ਹੈ।

15 ਅਕਤੂਬਰ 1956 ਨੂੰ ਨਾਗਪੁਰ ਦੇ ਦੀਕਸ਼ਾ ਭਵਨ ਵਿਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ 365000 ਦਲਿਤਾਂ ਨੂੰ ਨਾਲ ਲੈ ਕੇ ਬੁੱਧ ਧਰਮ ਅਪਨਾਉਣ ਦਾ ਐਲਾਨ ਕੀਤਾ ਸੀ। ਉਸ ਦਿਨ ਉਨ੍ਹਾਂ ਨੇ ਦੇਸ਼ ਭਰ ਦੇ ਦਲਿਤ ਤੇ ਪਛੜੇ ਵਰਗਾਂ ਨੂੰ ਬੁੱਧ ਧਰਮ ਅਪਨਾਉਣ ਦੀ ਅਪੀਲ ਕੀਤੀ ਸੀ। ਬੁੱਧ ਧਰਮ ਨੂੰ ਅਪਨਾਉਣ ਲੱਗਿਆਂ ਬਾਬਾ ਸਾਹਿਬ ਨੇ ਹੇਠ ਲਿਖੇ 22 ਪ੍ਰਣ ਕੀਤੇ ਸਨ:

1. ਮੈਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਕਦੇ ਵੀ ਈਸ਼ਵਰ ਨਹੀਂ ਮੰਨਾਂਗਾ ਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।
2. ਮੈਂ ਰਾਮ ਅਤੇ ਕ੍ਰਿਸ਼ਨ, ਜਿਹੜੇ ਈਸ਼ਵਰ ਦਾ ਅਵਤਾਰ ਮੰਨੇ ਜਾਂਦੇ ਹਨ, ਵਿਚ ਕਦੀ ਵਿਸ਼ਵਾਸ ਨਹੀਂ ਕਰਾਂਗਾ ਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।
3. ਮੈਂ ਗੌਰੀ ਗਣਪਤੀ ਆਦਿ ਹਿੰਦੂ ਧਰਮ ਦੇ ਕਿਸੇ ਵੀ ਦੇਵੀ ਦੇਵਤੇ ਵਿਚ ਕਦੀ ਵਿਸ਼ਵਾਸ ਨਹੀਂ ਕਰਾਂਗਾ ਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।
4. ਈਸ਼ਵਰ ਨੇ ਕਦੀ ਅਵਤਾਰ ਲਿਆ, ਇਸ ਵਿਚ ਮੇਰਾ ਕੋਈ ਵਿਸ਼ਵਾਸ ਨਹੀਂ।
5. ਬੁੱਧ ਵਿਸ਼ਨੂੰ ਦਾ ਅਵਤਾਰ ਹਨ, ਇਹ ਝੂਠਾ ਅਤੇ ਕੂੜ ਪ੍ਰਚਾਰ ਹੈ, ਮੈਂ ਇਸ ਨੂੰ ਨਹੀਂ ਮੰਨਦਾ।
6. ਮੈਂ ਕਦੀ ਵੀ ਸਰਾਧ ਨਹੀਂ ਕਰਵਾਵਾਂਗਾ ਅਤੇ ਨਾ ਹੀ ਕਦੇ ਪਿੰਡ ਦਾਨ ਕਰਾਂਗਾ।
7. ਮੈਂ ਕੋਈ ਵੀ ਕਿਰਿਆ ਕਰਮ ਬ੍ਰਾਹਮਣਾਂ ਦੇ ਹੱਥੋਂ ਨਹੀਂ ਕਰਵਾਵਾਂਗਾ।
8. ਮੈਂ ਬੁੱਧ ਧਰਮ ਦੀਆਂ ਸਿਖਿਆਵਾਂ ਤੇ ਸਿਧਾਂਤਾਂ ਵਿਰੁਧ ਕੋਈ ਕੰਮ ਨਹੀਂ ਕਰਾਂਗਾ।
9. ਸਾਰੇ ਮਨੁਖ ਇਕ ਬਰਾਬਰ ਹਨ, ਮੈਂ ਇਸ ਸਿਧਾਂਤ ਨੂੰ ਮੰਨਦਾ ਹਾਂ।
10. ਮੈਂ ਸਮਾਜ ਵਿਚ ਬਰਾਬਰੀ ਲਿਆਉਣ ਦੇ ਯਤਨ ਕਰਾਂਗਾ।
11. ਮੈਂ ਤਥਾਗਤ ਬੁੱਧ ਦੇ ਦੱਸੇ ਨੇਕ ਅਸ਼ਟਾਂਗ ਮਾਰਗ ਨੂੰ ਅਪਨਾਵਾਂਗਾ।
12. ਮੈਂ ਤਥਾਗਤ ਬੁੱਧ ਦੀਆਂ 10 ਪਾਰਮਿਤਾਵਾਂ ਦਾ ਪਾਲਣ ਕਰਾਂਗਾ।
13. ਮੈਂ ਸਮੂਹ ਪ੍ਰਾਣੀ ਮਾਤਰ ਉਤੇ ਦਇਆ ਕਰਾਂਗਾ ਅਤੇ ਉਨ੍ਹਾਂ ਦੀ ਰੱਖਿਆ ਕਰਾਂਗਾ।
14. ਮੈਂ ਚੋਰੀ ਨਹੀਂ ਕਰਾਂਗਾ।
15. ਮੈਂ ਝੂਠ ਨਹੀਂ ਬੋਲਾਂਗਾ।
16. ਮੈਂ ਪਰ ਇਸਤਰੀ ਗਮਨ ਨਹੀਂ ਕਰਾਂਗਾ।
17. ਮੈਂ ਸ਼ਰਾਬ ਤੇ ਹੋਰਨਾਂ ਨਸ਼ਿਆਂ ਦੀ ਵਰਤੋਂ ਨਹੀਂ ਕਰਾਂਗਾ।
18. ਗਿਆਨ, ਸਦਾਚਾਰ ਤੇ ਕਰੁਣਾ ਬੁੱਧ ਧਰਮ ਦੇ ਇਨ੍ਹਾਂ ਤਿੰਨਾਂ ਤੱਤਾਂ ਦਾ ਸੁਮੇਲ ਕਰਦੇ ਹੋਏ ਮੈਂ ਆਪਣਾ ਨਿਤ ਦਿਨ ਦਾ ਜੀਵਨ ਬਸਰ ਕਰਾਂਗਾ।
19. ਮੈਂ ਮਨੁੱਖ ਮਾਤਰ ਦੀ ਉਨਤੀ ਲਈ ਹਾਨੀਕਾਰਕ ਅਤੇ ਮਨੁੱਖ ਮਾਤਰ ਦੀ ਨਾਬਰਾਬਰੀ ਨੂੰ ਆਪਣੀ ਨੀਂਹ ਮੰਨਣ ਵਾਲੇ ਹਿੰਦੂ ਧਰਮ ਦਾ ਤਿਆਗ ਕਰਦਾ ਹਾਂ ਅਤੇ ਬੁੱਧ ਧਰਮ ਨੂੰ ਸਵੀਕਾਰ ਕਰਦਾ ਹਾਂ।
20. ਮੇਰਾ ਪੂਰੀ ਦ੍ਰਿੜਤਾ ਨਾਲ ਯਕੀਨ ਹੈ ਕਿ ਇਹੀ ਸੱਚਾ ਧਰਮ ਹੈ।
21. ਮੇਰਾ ਯਕੀਨ ਹੈ ਕਿ ਮੇਰਾ ਨਵਾਂ ਜਨਮ ਹੋਇਆ ਹੈ।
22. ਅੰਤ ਵਿਚ ਮੈਂ ਪ੍ਰਣ ਕਰਦਾ ਹਾਂ ਕਿ ਹੁਣ ਤੋਂ ਮੈਂ ਬੁੱਧ ਧਰਮ ਦੀ ਸਿਖਿਆ ਅਨੁਸਾਰ ਵਿਹਾਰ ਕਰਾਂਗਾ।

ਗੁਰਮਤਿ ਵਿਚ ਬਾਬਾ ਸਾਹਿਬ ਦੇ ਇਨ੍ਹਾਂ 22 ਪ੍ਰਣਾਂ ਦੀ ਪਹਿਲਾਂ ਹੀ ਪੁਸ਼ਟੀ ਕੀਤੀ ਹੋਈ ਹੈ। ਗੁਰਮਤਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਨਾ ਸਿਰਫ ਈਸ਼ਵਰ ਹੀ ਨਹੀਂ ਮੰਨਦੀ ਬਲਕਿ ਇਨ੍ਹਾਂ ਦੀ ਸਿਰਜਕ ਹੋਂਦ ਤੋਂ ਮੂਲੋਂ ਹੀ ਇਨਕਾਰੀ ਹੈ। ਇਸੇ ਨੀਤੀ ਤਹਿਤ ਦਲਿਤਾਂ ਨੇ ਬੁੱਧ ਧਰਮ ਅਪਨਾਇਆ ਹੈ।

## ਪੁਲੀਸ ਵੱਲੋਂ ਦਿੱਲੀ ਦੇ ਸਾਬਕਾ ਮੰਤਰੀ ਰਾਜੇਂਦਰ ਪਾਲ ਗੌਤਮ ਤੋਂ ਪੁੱਛ-ਗਿੱਛ

ਨਵੀਂ ਦਿੱਲੀ:ਦਿੱਲੀ ਪੁਲੀਸ ਨੇ 'ਆਪ' ਦੇ ਸਾਬਕਾ ਮੰਤਰੀ ਰਾਜੇਂਦਰ ਪਾਲ ਗੌਤਮ ਤੋਂ ਧਾਰਮਿਕ ਸਮਾਗਮ ਵਿਵਾਦ ਦੇ ਮਾਮਲੇ 'ਵਿਚ ਪੁੱਛ ਪੜਤਾਲ ਕੀਤੀ। ਗੌਤਮ ਨੇ ਇਸ ਧਰਮ ਪਰਿਵਰਤਨ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ ਜਿੱਥੇ ਕਥਿਤ ਤੌਰ 'ਤੇ ਹਿੰਦੂ ਦੇਵੀ-ਦੇਵਤਿਆਂ ਦੀ ਨਿੰਦਾ ਕੀਤੀ ਗਈ ਸੀ। ਇਸ ਵਿਵਾਦ ਤੋਂ ਬਾਅਦ ਗੌਤਮ ਨੇ ਲੰਘੇ ਐਤਵਾਰ ਦਿੱਲੀ ਕੈਬਨਿਟ ਤੋਂ ਅਸਤੀਫ਼ਾ ਦੇ ਦਿੱਤਾ ਸੀ। ਭਾਜਪਾ ਨੇ ਗੁਜਰਾਤ ਵਿੱਚ ਚੋਣ ਪ੍ਰਚਾਰ ਦੌਰਾਨ 'ਆਪ' ਮੁਖੀ ਅਰਵਿੰਦ ਕੇਜਰੀਵਾਲ 'ਤੇ ਸਿਆਸੀ ਹਮਲੇ ਲਈ ਇਸ ਮੁੱਦੇ ਦੀ ਵਰਤੋਂ ਕੀਤੀ ਤੇ ਉਨ੍ਹਾਂ 'ਤੇ 'ਹਿੰਦੂ ਵਿਰੋਧੀ' ਹੋਣ ਦਾ ਦੋਸ਼ ਲਗਾਇਆ।

ਦਿੱਲੀ ਪੁਲੀਸ ਨੇ ਦੱਸਿਆ ਕਿ 'ਆਪ' ਦੇ ਸਾਬਕਾ ਮੰਤਰੀ ਰਾਜੇਂਦਰ ਪਾਲ ਗੌਤਮ ਪੁੱਛ ਪੜਤਾਲ ਲਈ ਪੁਲੀਸ ਸਾਹਮਣੇ ਪੇਸ਼ ਹੋਏ। ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਉਹ ਪਹਾੜਗੰਜ ਥਾਣੇ ਵਿੱਚ ਜਾਂਚ ਵਿੱਚ ਸ਼ਾਮਲ ਹੋਏ। ਸਾਬਕਾ ਮੰਤਰੀ ਨੇ ਟਵੀਟ ਵਿੱਚ ਕਿਹਾ, 'ਅਸੀਂ ਉਹ ਹਾਂ ਜੋ ਬਾਬਾ ਸਾਹਿਬ ਅੰਬੇਡਕਰ ਅਤੇ



ਭਾਰਤੀ ਸੰਵਿਧਾਨ ਦੀ ਪਾਲਣਾ ਕਰਦੇ ਹਾਂ। ਮੈਨੂੰ ਮੰਗਲਵਾਰ ਨੋਟਿਸ ਮਿਲਿਆ ਸੀ ਤੇ ਮੈਂ ਪੁਲੀਸ ਨਾਲ ਸਹਿਯੋਗ ਕਰਾਂਗਾ।' ਬੀਤੇ ਦਿਨ ਪੁਲੀਸ ਨੇ ਉਨ੍ਹਾਂ ਦੀ ਰਿਹਾਇਸ਼ 'ਤੇ ਉਨ੍ਹਾਂ ਤੋਂ ਪੁੱਛ ਪੜਤਾਲ ਕੀਤੀ ਸੀ। ਇਸ ਤੋਂ ਬਾਅਦ ਗੌਤਮ ਨੇ ਕਿਹਾ, 'ਉਨ੍ਹਾਂ ਮੇਰੇ ਤੋਂ ਇਸ ਸਮਾਗਮ ਤੇ ਇਸ ਦੇ ਪ੍ਰਬੰਧ ਬਾਰੇ ਪੁੱਛਿਆ। ਮੈਂ ਕਾਨੂੰਨ ਦੀ ਪਾਲਣਾ ਕਰਦਾ ਹਾਂ ਤੇ ਜੇਕਰ ਮੈਂ ਕੋਈ ਅਪਰਾਧ ਕੀਤਾ ਹੈ ਤਾਂ ਤੁਸੀਂ ਕੇਸ ਦਰਜ ਕਰ ਸਕਦੇ ਹੋ ਤੇ ਗ੍ਰਿਫ਼ਤਾਰ ਕਰ ਸਕਦੇ ਹੋ। ਤੁਸੀਂ ਮੇਰੇ ਤੋਂ ਪੁੱਛ ਪੜਤਾਲ ਕਰ ਸਕਦੇ ਹੋ। ਉਨ੍ਹਾਂ ਕਿਹਾ ਸੀ, 'ਜੇਕਰ ਮੈਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਮੈਂ ਸ਼ਿਕਾਇਤਕਰਤਾ ਨੂੰ ਮਠਿਆਈ ਖੁਆਵਾਂਗਾ।'

# ਸ਼੍ਰੋਮਣੀ ਕਮੇਟੀ, ਬਾਦਲ ਦਲ ਤੇ ਹਰਿਆਣਾ ਕਮੇਟੀ





ਤਾਜ਼ਾ ਭਖਦੇ ਮੁੱਦੇ ਤਹਿਤ 'ਹਰਿਆਣਾ ਵਿਚ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ ਮੰਗ ਅੱਜ ਤੋਂ 2 ਕੁ ਦਹਾਕੇ ਪਹਿਲਾਂ ਇਸ ਸੂਬੇ ਦੇ ਕੁਝ ਜਾਗਰੂਕ ਸਿੱਖ ਆਗੂਆਂ, ਦੀਦਾਰ ਸਿੰਘ ਨਲਵੀ, ਜਗਦੀਸ਼ ਸਿੰਘ ਝੀਂਡਾ ਅਤੇ ਸੁਰਜੀਤ ਸਿੰਘ ਆਦਿ ਨੇ ਉਠਾਈ ਸੀ। ਇਸ ਮੰਗ ਪਿੱਛੇ ਵੱਖਰੀ ਕਮੇਟੀ ਦੇ ਹਮਾਇਤੀ ਧਿਰ ਦੇ ਕੁਝ ਤਰਕ, ਰੋਸੇ ਅਤੇ ਦੋਸ਼ ਸਨ। ਉਨ੍ਹਾਂ ਅਨੁਸਾਰ ਪੰਜਾਬ ਅਤੇ ਹਰਿਆਣਾ ਦੇ 1966 'ਚ ਪੁਨਰਗਠਨ ਐਕਟ (ਪਾਰਲੀਮੈਂਟ ਐਕਟ 1966 ਦੇ ਸੈਕਸ਼ਨ 72 ਦੀ ਮਦ 3) ਤਹਿਤ ਹਰਿਆਣਾ ਦੇ ਸਿੱਖ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਹੱਕ ਰੱਖਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਹਰਿਆਣਾ ਖੇਤਰ ਦੇ ਗੁਰਦੁਆਰਿਆਂ ਤੋਂ ਹੋਣ ਵਾਲੀ ਆਮਦਨ ਨੂੰ ਹਰਿਆਣਾ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਅਤੇ ਇੱਥੋਂ ਦੇ ਸਿੱਖਾਂ ਦੀ ਬਿਹਤਰੀ ਲਈ ਖ਼ਰਚਣ ਦੀ ਬਜਾਇ ਕਾਬਜ਼ ਧਿਰ 'ਸ਼੍ਰੋਮਣੀ ਅਕਾਲੀ ਦਲ (ਬਾਦਲ)' ਦੇ ਹਿੱਤਾਂ ਲਈ ਵਰਤ ਰਹੀ ਹੈ।

ਤੇਜਿੰਦਰ ਕੌਰ ਥਿੰਦ

ਸੰਨ 2016 ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਕੇਂਦਰ ਵਿਚ ਆਪਣੀ ਭਾਈਵਾਲ ਭਾਜਪਾ ਸਦਕਾ ਪਾਰਲੀਮੈਂਟ ਵਿਚੋਂ ਇਸ 'ਸਿੱਖ ਗੁਰਦੁਆਰਾ ਐਕਟ-1925' 'ਚ ਫਿਰ ਸੋਧ ਕਰਕੇ ਸਹਿਜਧਾਰੀ ਸਿੱਖਾਂ ਦਾ ਵੋਟ ਹੱਕ ਹੀ ਖਤਮ ਕਰ ਦਿੱਤਾ ਹੈ। 'ਸਿੱਖ ਗੁਰਦੁਆਰਾ (ਸੋਧ) ਬਿੱਲ' ਤਹਿਤ 15 ਮਾਰਚ, 2016 ਨੂੰ ਤਤਕਾਲੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੁਆਰਾ ਰਾਜ ਸਭਾ 'ਵਿਚ ਪੇਸ਼ ਕੀਤਾ ਗਿਆ ਤੇ 'ਬਿੱਲ 'ਚ ਸੋਧ ਦੀ ਮੰਗ ਕੀਤੀ ਗਈ ਹੈ' ਤਰਕ ਦੇ ਆਧਾਰ 'ਤੇ ਇਸ ਬਿੱਲ ਨੂੰ 16 ਮਾਰਚ, 2016 ਨੂੰ ਸਦਨ ਦੁਆਰਾ ਪਾਸ ਕੀਤਾ ਗਿਆ ਸੀ।

ਦੂਜੇ ਪਾਸੇ ਸੁਪਰੀਮ ਕੋਰਟ ਨੇ ਇਸ ਗੈਰ ਸੰਵਿਧਾਨਿਕ ਸੋਧ 'ਤੇ ਸਵਾਲ ਉਠਾਉਦਿਆਂ ਸਹਿਜਧਾਰੀਆਂ ਨੂੰ ਵਿਸ਼ੇਸ ਮੌਕਾ ਦਿੱਤਾ ਕਿ ਇਸ ਗੈਰ ਸੰਵਿਧਾਨਿਕ ਸੋਧ ਦੀ ਸੰਵਿਧਾਨਿਕ ਪ੍ਰਮਾਣਿਕਤਾ ਨੂੰ ਚੁਣੌਤੀ ਦੇ ਸਕਦੇ ਹੋ। ਡਾ. ਰਾਣੂੰ ਨੇ ਹੁਣ ਇਹ ਚੁਣੌਤੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਿੱਤੀ ਹੋਈ ਹੈ। ਇਸ ਸਬੰਧੀ ਹੁਣ ਅਗਲੀ ਸੁਣਵਾਈ ਫਰਵਰੀ 2023 ਨੂੰ ਹੈ।

ਦਰਅਸਲ ਸਿੱਖ ਧਰਮ ਸਿਆਸਤ ਵਿੱਚ ਸੱਤਾ ਧਿਰ ਨੂੰ ਇਹ ਡਰ ਮਾਰ ਰਿਹਾ ਹੈ ਕਿ ਸਹਿਜਧਾਰੀਆਂ ਨੂੰ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਵੋਟ ਪਾਉਣ ਦਾ ਹੱਕ ਮਿਲ ਜਾਂਦਾ ਹੈ ਤਾਂ ਬਹੁਤ ਸਾਰੇ ਪ੍ਰਭਾਵਸ਼ਾਲੀ ਵਿਅਕਤੀ ਆਪਣੇ ਆਪ ਨੂੰ ਸਹਿਜਧਾਰੀ ਕਹਿ ਕੇ ਵੋਟਰ ਬਣ ਜਾਣਗੇ ਅਤੇ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਗੁਰਦੁਆਰਿਆਂ ਉੱਪਰ ਕਾਬਜ਼ ਹੋ ਜਾਣਗੇ। ਇਹ ਡਰ ਧਰਮ ਸੱਤਾ ਸ਼ਕਤੀ ਨੂੰ ਹੱਥੋਂ ਧਰਮ ਸੱਤਾ ਖਿਸਕਣ ਦਾ ਹੈ।

ਤਾਜ਼ਾ ਭਖਦੇ ਮੁੱਦੇ ਤਹਿਤ 'ਹਰਿਆਣਾ ਵਿਚ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ ਮੰਗ ਅੱਜ ਤੋਂ 2 ਕੁ ਦਹਾਕੇ ਪਹਿਲਾਂ ਇਸ ਸੂਬੇ ਦੇ ਕੁਝ ਜਾਗਰੂਕ ਸਿੱਖ ਆਗੂਆਂ, ਦੀਦਾਰ ਸਿੰਘ ਨਲਵੀ, ਜਗਦੀਸ਼ ਸਿੰਘ ਝੀਂਡਾ ਅਤੇ ਸੁਰਜੀਤ ਸਿੰਘ ਆਦਿ ਨੇ ਉਠਾਈ ਸੀ। ਇਸ ਮੰਗ ਪਿੱਛੇ ਵੱਖਰੀ ਕਮੇਟੀ ਦੇ ਹਮਾਇਤੀ ਧਿਰ ਦੇ ਕੁਝ ਤਰਕ, ਰੋਸੇ ਅਤੇ ਦੋਸ਼ ਸਨ। ਉਨ੍ਹਾਂ ਅਨੁਸਾਰ ਪੰਜਾਬ ਅਤੇ ਹਰਿਆਣਾ ਦੇ 1966 'ਚ ਪੁਨਰਗਠਨ ਐਕਟ (ਪਾਰਲੀਮੈਂਟ ਐਕਟ 1966 ਦੇ ਸੈਕਸ਼ਨ 72 ਦੀ ਮਦ 3) ਤਹਿਤ ਹਰਿਆਣਾ ਦੇ ਸਿੱਖ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਹੱਕ ਰੱਖਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਹਰਿਆਣਾ ਖੇਤਰ ਦੇ ਗੁਰਦੁਆਰਿਆਂ ਤੋਂ ਹੋਣ ਵਾਲੀ ਆਮਦਨ ਨੂੰ ਹਰਿਆਣਾ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਅਤੇ ਇੱਥੋਂ ਦੇ ਸਿੱਖਾਂ ਦੀ ਬਿਹਤਰੀ ਲਈ ਖ਼ਰਚਣ ਦੀ ਬਜਾਇ ਕਾਬਜ਼ ਧਿਰ 'ਸ਼੍ਰੋਮਣੀ ਅਕਾਲੀ ਦਲ (ਬਾਦਲ)' ਦੇ ਹਿੱਤਾਂ ਲਈ ਵਰਤ ਰਹੀ ਹੈ। ਇਸ ਤੋਂ ਇਲਾਵਾ ਹਰਿਆਣਾ ਤੋਂ ਚੁਣੇ ਜਾਂਦੇ ਕਮੇਟੀ ਮੈਂਬਰਾਂ ਵਿੱਚੋਂ ਬਾਕੀਆਂ ਨੂੰ ਨਜ਼ਰਅੰਦਾਜ਼ ਕਰ ਕੇ ਬਹੁਤੀ ਤਵੱਜੋਂ ਬਾਦਲ ਦੇ ਹਰਿਆਣਾ ਸੂਬੇ ਨਾਲ ਸਬੰਧਿਤ ਚਹੇਤਿਆਂ ਨੂੰ ਦਿੱਤੀ ਜਾਂਦੀ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣੇ 'ਚ ਬਣਾਏ ਗਏ ਚਾਰ ਟਰੱਸਟਾਂ, ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ, ਮਾਤਾ ਸੁੰਦਰੀ ਗਰਲਜ਼ ਕਾਲਜ ਨਿਸਿੰਗ, ਖ਼ਾਲਸਾ ਪਬਲਿਕ ਸਕੂਲ ਕੈਥਲ ਅਤੇ ਖ਼ਾਲਸਾ ਪਬਲਿਕ ਸਕੂਲ ਸਿਰਸਾ ਦੀਆਂ ਅਹੁਦੇਦਾਰੀਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਕੋਲ ਹਨ। ਏਨਾ ਹੀ ਨਹੀਂ, ਹਰਿਆਣੇ ਵਿਚਲੇ ਗੁਰਦੁਆਰਿਆਂ ਦੀ ਲਗਭਗ 4000 ਏਕੜ ਤੋਂ ਵੱਧ ਜ਼ਮੀਨ ਅਕਾਲੀ ਦਲ ਅਤੇ ਐੱਸ.ਜੀ.ਪੀ.ਸੀ. ਦੇ ਅਹੁਦੇਦਾਰਾਂ ਵੱਲੋਂ ਆਪਣੇ ਚਹੇਤਿਆਂ ਨੂੰ ਸਸਤੇ ਭਾਅ 'ਤੇ ਵਾਹੀ ਲਈ ਠੇਕੇ/ਹਿੱਸੇ 'ਤੇ ਦਿੱਤੀਆਂ ਜਾਂਦੀਆਂ ਹਨ। ਹਰਿਆਣੇ 'ਚ ਵਸਦੇ 16 ਲੱਖ ਦੇ ਕਰੀਬ ਸਿੱਖਾਂ ਵਿੱਚੋਂ ਵੱਖਰੀ ਕਮੇਟੀ ਦੇ ਮੁੱਦੇ 'ਤੇ ਰੁੱਸੇ ਮੁਦੱਈਆਂ ਨਾਲ ਜੇ ਸ਼ੁਰੂ ਵਿਚ ਹੀ ਸਿਰ ਜੋੜ ਕੇ ਬੈਠਦੇ ਅਤੇ ਮਨਾਉਣ ਦੇ ਯਤਨ ਕੀਤੇ ਜਾਂਦੇ ਤਾਂ ਸੰਭਵ ਸੀ ਕਿ ਪੰਥਕ ਮਸਲਾ ਹੋਣ ਕਰ ਕੇ ਇਹ ਮੰਗ ਕਾਨੂੰਨੀ ਰੂਪ ਨਾ ਧਾਰਦੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਆਪਣੇ ਉੱਪਰ ਲੱਗੇ ਦੋਸ਼ਾਂ ਨੂੰ ਨਕਾਰਨ ਜਾਂ ਨਿਵਾਰਨ ਦੀ ਸਮੇਂ ਸਿਰ ਸੰਜੀਦਗੀ ਨਾਲ ਕੋਸ਼ਿਸ਼ ਨਹੀਂ ਕੀਤੀ। ਨਤੀਜੇ ਵਜੋਂ ਹਰਿਆਣਾ ਵਿੱਚ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਦੇ ਹਮਾਇਤੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 2004 ਦੀਆਂ ਚੋਣਾਂ ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣੇ ਦੇ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਦੇ ਦੋਸ਼ਾਂ ਨੂੰ ਆਧਾਰ ਬਣਾ ਕੇ ਲੜੀਆਂ ਸਨ ਅਤੇ ਉਨ੍ਹਾਂ ਨੇ 11 ਵਿੱਚੋਂ 7 ਸੀਟਾਂ ਜਿੱਤ ਕੇ ਰਾਜਨੀਤਕ ਚਰਚਾ ਵਿਚ ਆ ਗਏ। ਫ਼ਲਸਰੂਪ ਹਰਿਆਣਾ ਦੀ ਕਾਂਗਰਸ ਪਾਰਟੀ ਨੇ ਹਰਿਆਣੇ ਦੇ ਸਿੱਖ ਵੋਟਰਾਂ ਨੂੰ ਆਪਣੇ ਵੱਲ ਕਰਨ ਦੇ ਮਨਸੂਬੇ ਨਾਲ ਵਿਧਾਨ ਸਭਾ ਦੇ ਆਪਣੇ 2009 ਦੇ ਚੋਣ ਮੈਨੀਫੈਸਟੋ ਵਿਚ ਹਰਿਆਣਾ ਵਿੱਚ ਵੱਖਰੀ 'ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾਉਣ ਦਾ ਵਾਅਦਾ ਸ਼ਾਮਲ ਕਰਕੇ ਇਸ ਮੁੱਦੇ ਨੂੰ ਜਿੱਥੇ ਹੋਰ ਗਰਮਾ ਦਿੱਤਾ, ਉੱਥੇ ਸਿਆਸੀ ਵੀ ਬਣਾ ਦਿੱਤਾ ਸੀ। ਇਸ ਨਾਲ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਆਗੂਆਂ ਦਾ ਮਨੋਬਲ ਵਧ ਗਿਆ। ਚਾਹੀਦਾ ਤਾਂ ਇਹ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਇਸ ਨੂੰ ਪੰਥਕ ਮਾਮਲਾ ਸਮਝਦਿਆਂ ਕੌਮ ਦੇ ਵਡੇਰੇ ਹਿੱਤਾਂ ਵਾਸਤੇ ਆਪਸ ਵਿੱਚ ਮਿਲ ਬੈਠ ਕੇ ਸੁਲਝਾਉਣ ਦਾ ਕੋਈ ਸਾਰਥਿਕ ਯਤਨ ਕਰਦੇ ਪਰ ਅਜਿਹਾ ਨਾ ਹੋਇਆ। ਜੇ ਇੱਕ ਅੱਧ ਵਾਰ ਇਸ ਮਾਮਲੇ ਸਬੰਧੀ ਦੋਹਾਂ ਧਿਰਾਂ ਵਿੱਚ ਸਿੱਧੀ ਗੱਲਬਾਤ ਹੋਈ ਵੀ ਤਾਂ ਮਸਲੇ ਨੂੰ ਸੁਲਝਾਉਣ ਦੀ ਥਾਂ ਇਸ ਨੂੰ ਹੋਰ ਗੁੰਝਲਦਾਰ ਕਰ ਦਿੱਤਾ ਜਾਂਦਾ ਰਿਹਾ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 2011 ਦੀਆਂ ਚੋਣਾਂ ਵਿਚ ਹਰਿਆਣਾ ਦੇ ਸਿੱਖਾਂ ਨੇ ਇਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਹੱਕ 'ਚ ਫ਼ਤਵਾ ਦੇ ਦਿੱਤਾ ਅਤੇ 2004 ਦੀਆਂ ਚੋਣਾਂ ਦੇ ਉਲਟ 10 ਸੀਟਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਅਤੇ ਇਕ ਸੀਟ ਆਜ਼ਾਦ ਉਮੀਦਵਾਰ ਦੇ ਹਿੱਸੇ ਆਈ। ਸਾਲ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਸਿੱਖ ਵੋਟਰਾਂ ਦੀ ਭੂਮਿਕਾ ਅਤੇ ਇਸੇ ਵਰ੍ਹੇ ਵਿਚ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹਰਿਆਣਾ ਸੂਬੇ ਦੇ ਸਿੱਖ ਵੋਟਰਾਂ ਦੇ ਪ੍ਰਭਾਵ ਸਦਕਾ ਵੱਖਰੀ ਕਮੇਟੀ ਦਾ ਮਸਲਾ ਇਕ ਵਾਰ ਫਿਰ ਗਰਮਾ ਗਿਆ, ਕਿਉਕਿ ਹਰਿਆਣਾ ਦੇ ਲਗਭਗ 28 ਵਿਧਾਨ ਸਭਾ ਹਲਕਿਆਂ ਵਿਚ ਸਿੱਖਾਂ ਦੀ ਚੰਗੀ ਬਹੁਤਾਤ ਹੈ। ਗ਼ੌਰਤਲਬ ਹੈ ਕਿ 2005 ਵਿੱਚ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਵੀ ਵੱਖਰੀ ਕਮੇਟੀ ਬਣਾਉਣ ਦਾ ਮੁੱਦਾ ਉੱਠਿਆ ਸੀ। ਉਸ ਸਮੇਂ ਮੁੱਖ ਮੰਤਰੀ ਚੌਧਰੀ ਭੁਪਿੰਦਰ ਸਿੰਘ ਹੁੱਡਾ ਨੇ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੇ ਪ੍ਰਸਤਾਵ ਨੂੰ ਸੂਬੇ ਦੇ ਵਿੱਤ ਮੰਤਰੀ ਹਰਮਹਿੰਦਰ ਸਿੰਘ ਚੱਠਾ ਦੀ ਚੇਅਰਮੈਨੀ ਅਧੀਨ 'ਚੱਠਾ ਕਮੇਟੀ' ਦਾ ਗਠਨ ਕਰਕੇ ਅਧਿਐਨ ਕਰਨ ਲਈ ਕਿਹਾ ਸੀ। ਚੱਠਾ ਕਮੇਟੀ ਨੂੰ ਹਰਿਆਣਾ ਸੂਬੇ ਦੇ ਸਿੱਖਾਂ ਨੇ 3 ਲੱਖ ਤੋਂ ਵਧੇਰੇ ਹਲਫ਼ੀਆ ਬਿਆਨ ਦਿੱਤੇ ਸਨ। 'ਚੱਠਾ ਕਮੇਟੀ' ਮੁਤਾਬਿਕ ਇਨ੍ਹਾਂ ਵਿੱਚੋਂ ਕੋਈ ਵੀ ਹਲਫ਼ੀਆ ਬਿਆਨ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਣਨ ਦੇ ਵਿਰੋਧ ਵਿਚ ਨਹੀਂ ਸੀ ਆਇਆ। ਨਤੀਜੇ ਵਜੋਂ ਚੱਠਾ ਕਮੇਟੀ ਨੇ ਹਰਿਆਣਾ ਲਈ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਮੰਗ ਦੀ ਤਾਈਦ ਕੀਤੀ ਸੀ। ਇਸ ਸਥਿਤੀ ਨੂੰ ਭਾਂਪਦਿਆਂ ਹਰਿਆਣਾ ਸੂਬੇ ਦੇ ਮੁੱਖ-ਮੰਤਰੀ ਚੌਧਰੀ ਹੁਡਾ ਨੇ ਅਕਤੂਬਰ 2014 ਹੋਈਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਗਰਮ ਹੋਏ ਲੋਹੇ 'ਤੇ ਸੱਟ ਮਾਰ ਕੇ ਹਰਿਆਣਾ ਦੇ ਸਿੱਖਾਂ ਦੀਆਂ ਵੋਟਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੇ ਵਾਅਦੇ ਨੂੰ ਅਮਲੀ ਰੂਪ ਦੇਣ ਲਈ ਵਿਧਾਨ ਸਭਾ ਵਿੱਚ ਬਿੱਲ ਪਾਸ ਕਰ ਦਿੱਤਾ ਸੀ, ਜਿਸ 'ਤੇ ਹੁਣ ਸੁਪਰੀਮ ਕੋਰਟ ਨੇ ਵੀ ਮੋਹਰ ਲਗਾ ਦਿੱਤੀ ਹੈ।

ਉਦੋਂ ਬਲਦੀ 'ਤੇ ਹੋਰ ਤੇਲ ਪਿਆ ਜਦੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਸ਼੍ਰੋਮਣੀ ਕਮੇਟੀ ਰਾਹੀਂ ਆਪਣਾ ਰਸੂਖ ਵਰਤਦਿਆਂ ਅਕਾਲ ਤਖ਼ਤ ਸਾਹਿਬ ਤੋਂ ਵੱਖਰੀ ਕਮੇਟੀ ਦੇ ਮੁਦਈਆਂ ਨੂੰ ਪੰਥ ਵਿੱਚੋਂ ਛੇਕਣ ਦੀ ਮੰਦਭਾਗੀ ਕਾਰਵਾਈ ਕਰਵਾ ਕੇ ਹਰਿਆਣਾ ਦੇ ਸਿੱਖਾਂ ਦੀ ਨਾਰਾਜ਼ਗੀ ਨੂੰ ਤੂਲ ਦਿੱਤੀ ਸੀ। ਇੱਥੇ ਹੀ ਬਸ ਨਹੀਂ ਫਿਰ 2014 ਵਿੱਚ ਹਰਿਆਣਾ ਦੇ ਸਿੱਖਾਂ ਵੱਲੋਂ ਹਰਿਆਣਾ ਵਿਚਲੇ ਗੁਰਧਾਮਾਂ 'ਤੇ ਕਬਜ਼ੇ ਨੂੰ ਰੋਕਣ ਲਈ ਪੰਜਾਬ ਦੇ ਅਕਾਲੀ ਵਰਕਰਾਂ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੂੰ ਹਰਿਆਣੇ ਦੇ ਗੁਰਦੁਆਰਿਆਂ ਵਿੱਚ ਜਦੋਂ ਭੇਜਿਆ ਗਿਆ ਸੀ ਤਾਂ ਕੁਝ ਜਗ੍ਹਾ ਹਲਕੇ ਟਕਰਾਅ ਵੀ ਹੋਏ ਸਨ।

### ਪਰਖ ਦੀ ਘੜੀ

ਤਾਜ਼ਾ ਹਾਲਾਤ ਇਹ ਹਨ ਕਿ ਦੋਵੇਂ ਪਾਸੇ ਮੌਜੂਦਾ ਆਗੂਆਂ ਦੇ ਤੇਵਰ ਅਤੇ ਨਜ਼ਰੀਏ ਬਦਲੇ ਹੋਏ ਜਾਪਦੇ ਹਨ। ਭਜਨ ਦੀ ਥਾਂ ਭੋਜਨ, ਸੇਵਾ ਵਿਚੋਂ ਮੇਵਾ ਅਤੇ ਮਿਸ਼ਨ ਵਿਚੋਂ ਕਮਿਸ਼ਨ ਦੀ ਚਾਹਤ ਭਾਰੂ ਹੈ। ਇਹ ਨਾ ਹੋਵੇ ਕਿ ਜਿਹੜੇ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਕੌਮ ਦੇ ਮਰਜੀਵੜਿਆਂ ਨੇ ਸ਼ਹਾਦਤਾਂ ਦੇ ਕੇ ਇਕ ਸਦੀ ਪਹਿਲਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ' ਹੋਂਦ ਵਿਚ ਲਿਆਂਦੀ ਸੀ, ਕਿਤੇ ਉਨ੍ਹਾਂ ਗੁਰੂਘਰਾਂ 'ਤੇ ਮਹੰਤ ਆਪਣਾ ਭੇਸ ਬਦਲ ਕੇ ਮੁੜ ਕਾਬਜ਼ ਹੋ ਜਾਣ ? ਵੈਸੇ ਮੌਜੂਦਾ ਵਰਤਾਰਾ ਇਹੀ ਜਾਪਦਾ ਹੈ। ਰੱਬ ਖ਼ੈਰ ਕਰੇ ! ਸਰਾਪੇ ਸਮਿਆਂ ਵਿਚ ਸਿੱਖ ਕੌਮ ਲਈ ਪਰਖ ਦੀ ਘੜੀ ਹੈ ਅਤੇ ਸ਼ਬਦ ਗੁਰੂ ਤੋਂ ਸੇਧ ਲੈਂਦਿਆਂ ਵਡੇਰੀ ਸੂਝ-ਬੂਝ ਰਾਹੀਂ ਕਿਸੇ ਹਿੰਸਕ ਟਕਰਾਓ ਤੋਂ ਬਚਣ ਦਾ ਵੇਲ਼ਾ ਹੈ।

### ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਮਨੋਅਵਸਥਾ

ਸੁਪਰੀਮ ਕੋਰਟ ਦਾ ਫ਼ੈਸਲਾ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਅਹੁਦੇਦਾਰਾਂ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਹਜ਼ਮ ਨਹੀਂ ਹੋ ਰਿਹਾ। ਉਹ ਇਸ ਫ਼ੈਸਲੇ ਨੂੰ ਕੇਂਦਰ ਤੇ ਹਰਿਆਣਾ ਸੂਬੇ ਦੀਆਂ ਸਰਕਾਰਾਂ ਦੀ ਕਾਰਵਾਈ ਦੀ ਮਿਲੀਭੁਗਤ ਦੱਸਦਿਆਂ ਜ਼ਬਰਦਸਤ ਨਿਖੇਧੀ ਕਰ ਰਹੇ ਹਨ ਤੇ ਸਿੱਖਾਂ ਵਿਚ ਦੁਫੇੜ ਪਾਉਣ ਵਾਲੀ ਕਾਰਵਾਈ ਕਹਿ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਅਹੁਦੇਦਾਰ ਅਤੇ ਅਕਾਲੀ ਦਲ (ਬਾਦਲ) ਦੇ ਆਗੂ ਇਸ ਸਾਰੀ ਕਾਰਵਾਈ ਨੂੰ ਆਰ.ਐੱਸ.ਐੱਸ. ਅਤੇ ਕਾਂਗਰਸ ਦੀ ਸਿੱਖ ਪੰਥ ਵਿਰੋਧੀ ਚਾਲ ਗਰਦਾਨਦਿਆਂ ਸਿੱਖ ਭਾਵਨਾਵਾਂ ਨੂੰ ਆਪਣੇ ਪੱਖ ਵਿਚ ਕਰਨ ਦੇ ਰੌਂਅ 'ਚ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਜੋ ਕੇਂਦਰ ਦਾ ਕੱਲ੍ਹ ਤੱਕ ਭਾਈਵਾਲ ਰਿਹਾ ਹੈ ਅਤੇ ਕਿਸਾਨੀ ਸੰਘਰਸ਼ ਦੌਰਾਨ ਆਪਣੀ ਰਾਜਨੀਤਕ ਸਾਖ ਬਚਾਉਣ ਲਈ ਮਜਬੂਰੀਵੱਸ ਭਾਜਪਾ ਨਾਲੋਂ ਨਾਤਾ ਤੋੜ ਲਿਆ ਸੀ, ਹੁਣ ਉਹ ਸਿੱਖ ਮਾਮਲਿਆਂ ਵਿਚ ਉਸੇ ਪਾਰਟੀ ਦੀ ਕੇਂਦਰ ਸਰਕਾਰ ਨੂੰ ਸਿੱਖ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕਹਿ ਕੇ ਭੰਡਦੇ ਨਜ਼ਰ ਆ ਰਹੇ ਹਨ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਕੀਤੇ ਜਾ ਰਹੇ ਮੌਜੂਦਾ ਹੰਭਲਿਆਂ ਤੋਂ ਜਾਪਦਾ ਹੈ ਕਿ ਉਹ ਕਾਨੂੰਨੀ ਦਾਅਪੇਚਾਂ ਵਾਲੀ ਬਹੁਤੀ ਲੜਾਈ ਹਾਰ ਗਏ ਹਨ ਅਤੇ ਹਾਰੇ ਹੋਏ ਭਲਵਾਨ ਵਾਂਗੂੰ ਆਖਰੀ ਹਰਬਾ ਵਰਤ ਰਹੇ ਹਨ। ਦੂਜੇ ਪਾਸੇ ਵੱਖਰੀ ਕਮੇਟੀ ਦੇ ਹਮਾਇਤੀ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਤਰਕ ਦੇ ਰਹੇ ਹਨ ਕਿ ਵੱਖਰੀ ਕਮੇਟੀ ਦਾ ਮਸਲਾ ਅੰਤਰਰਾਜੀ ਹੈ ਅਤੇ 'ਪੰਜਾਬ ਪੁਨਰਗਠਨ ਐਕਟ-1966' ਤਹਿਤ ਹਰਿਆਣਾ ਦੇ ਸਿੱਖ ਵੱਖਰੀ ਸ਼੍ਰੋਮਣੀ ਕਮੇਟੀ ਬਣਾਉਣ ਦਾ ਜੋ ਕਾਨੂੰਨੀ ਹੱਕ ਰੱਖਦੇ ਸਨ, ਉਹੀ ਮਿਲਿਆ ਹੈ। ਵੱਖਰੀ ਕਮੇਟੀ ਦੇ ਆਗੂਆਂ ਦੀ ਮਨ ਦੀ ਚਿਰੋਕਣੀ ਸੰਵਿਧਾਨਕ ਮੰਗ ਪੂਰੀ ਹੋਈ ਹੈ।

# ਪੰਜਾਬ ਵਿੱਚ 'ਆਪ' ਸਰਕਾਰ ਸਾਹਮਣੇ ਵੱਡੀਆਂ ਚੁਣੌਤੀਆਂ



ਫ਼ੀਚਰ

ਸੰਦੀਪ ਕੌਰ ਢੋਟ

> ਪੰਜਾਬੀਆਂ ਨੇ ਦਹਾਕਿਆਂ ਤੋਂ ਚੱਲੀ ਆ ਰਹੀ ਰਵਾਇਤ ਤੋਂ ਉਲਟ ਇਸ ਵਾਰ ਕਿਸੇ ਤੀਜੀ ਪਾਰਟੀ ਨੂੰ ਮੌਕਾ ਦਿੱਤਾ ਹੈ, ਜਿਨ੍ਹਾਂ 'ਆਪ' ਨੂੰ ਇੱਕ ਬਦਲ ਵਜੋਂ ਸੱਤਾ ਵਿੱਚ ਆਉਣ ਦਾ ਮੌਕਾ ਦਿੱਤਾ ਹੈ। ਪਹਿਲਾਂ ਉਨ੍ਹਾਂ ਕਦੇ ਅਕਾਲੀ ਦਲ ਅਤੇ ਕਦੇ ਕਾਂਗਰਸ ਨੂੰ ਮੌਕਾ ਦਿੱਤਾ ਪਰ ਇਹ ਦੋਵੇਂ ਸਰਕਾਰਾਂ ਹੀ ਪੰਜਾਬੀਆਂ ਦੀਆਂ ਉਮੀਦਾਂ ਉਪਰ ਖਰਾ ਨਾ ਉੱਤਰ ਸਕੀਆਂ। ਅਕਾਲੀ ਦਲ ਅਤੇ ਕਾਂਗਰਸ ਦੋਵੇਂ ਹੀ ਸਰਕਾਰਾਂ ਨਾ ਤਾਂ ਭ੍ਰਿਸ਼ਟਾਚਾਰ ਨੂੰ ਨੱਥ ਪਾ ਸਕੀਆਂ, ਨਾ ਹੀ ਨਸ਼ਿਆਂ ਦੇ ਮੁੱਦੇ ਦਾ ਕੋਈ ਸਾਰਥਕ ਹੱਲ ਕੱਢਿਆ ਗਿਆ, ਇਨ੍ਹਾਂ ਸਰਕਾਰਾਂ ਦੇ ਸਮੇਂ ਬੇਰੁਜ਼ਗਾਰੀ ਵੀ ਸਿਖਰਾਂ ਉਪਰ ਪਹੁੰਚ ਗਈ। ਇਸ ਤੋਂ ਇਲਾਵਾ ਅਕਾਲੀ ਸਰਕਾਰ ਸਮੇਂ ਹੋਈ 'ਗੁਰੂ ਗ੍ਰੰਥ ਸਾਹਿਬ' ਦੀ ਬੇਅਦਬੀ ਦੇ ਦੋਸ਼ੀਆਂ ਨੂੰ ਵੀ ਕਾਂਗਰਸ ਸਰਕਾਰ ਸਜ਼ਾਵਾਂ ਨਾ ਦੇ ਸਕੀ।

ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ 10 ਮਾਰਚ ਨੂੰ ਐਲਾਨੇ ਗਏ, ਜਿਨ੍ਹਾਂ ਵਿਚ 'ਆਪ' ਨੇ 92 ਸੀਟਾਂ ਜਿੱਤ ਕੇ ਇਤਿਹਾਸ ਸਿਰਜ ਦਿੱਤਾ। ਆਮ ਆਦਮੀ ਪਾਰਟੀ ਨੂੰ ਬਹੁਮਤ ਲਈ 59 ਸੀਟਾਂ ਦੀ ਜ਼ਰੂਰਤ ਸੀ, ਪਰ ਇਸ ਪਾਰਟੀ ਨੇ ਬਹੁਮਤ ਨਾਲੋਂ 33 ਸੀਟਾਂ ਵੱਧ ਜਿੱਤ ਕੇ ਸੂਬੇ ਵਿੱਚ ਆਪਣੀ ਸਰਕਾਰ ਬਣਾਈ। 'ਆਪ' ਨੇ ਪਹਿਲੀ ਵਾਰ ਪੰਜਾਬ ਵਿਚ ਸਰਕਾਰ ਬਣਾਈ ਹੈ। ਇਸ ਤੋਂ ਪਹਿਲਾਂ 2017 ਵਿੱਚ ਇਸ ਪਾਰਟੀ ਨੇ 20 ਸੀਟਾਂ ਜਿੱਤ ਕੇ ਵਿਰੋਧੀ ਪਾਰਟੀ ਦਾ ਦਰਜਾ ਹਾਸਿਲ ਕੀਤਾ ਸੀ। ਪੰਜਾਬੀਆਂ ਨੇ ਦਹਾਕਿਆਂ ਤੋਂ ਚੱਲੀ ਆ ਰਹੀ ਰਵਾਇਤ ਤੋਂ ਉਲਟ ਇਸ ਵਾਰ ਕਿਸੇ ਤੀਜੀ ਪਾਰਟੀ ਨੂੰ ਮੌਕਾ ਦਿੱਤਾ ਹੈ, ਜਿਨ੍ਹਾਂ 'ਆਪ' ਨੂੰ ਇੱਕ ਬਦਲ ਵਜੋਂ ਸੱਤਾ ਵਿੱਚ ਆਉਣ ਦਾ ਮੌਕਾ ਦਿੱਤਾ ਹੈ। ਪਹਿਲਾਂ ਉਨ੍ਹਾਂ ਕਦੇ ਅਕਾਲੀ ਦਲ ਅਤੇ ਕਦੇ ਕਾਂਗਰਸ ਨੂੰ ਮੌਕਾ ਦਿੱਤਾ ਪਰ ਇਹ ਦੋਵੇਂ ਸਰਕਾਰਾਂ ਹੀ ਪੰਜਾਬੀਆਂ ਦੀਆਂ ਉਮੀਦਾਂ ਉਪਰ ਖਰਾ ਨਾ ਉੱਤਰ ਸਕੀਆਂ। ਅਕਾਲੀ ਦਲ ਅਤੇ ਕਾਂਗਰਸ ਦੋਵੇਂ ਹੀ ਸਰਕਾਰਾਂ ਨਾ ਤਾਂ ਭ੍ਰਿਸ਼ਟਾਚਾਰ ਨੂੰ ਨੱਥ ਪਾ ਸਕੀਆਂ, ਨਾ ਹੀ ਨਸ਼ਿਆਂ ਦੇ ਮੁੱਦੇ ਦਾ ਕੋਈ ਸਾਰਥਕ ਹੱਲ ਕੱਢਿਆ ਗਿਆ, ਇਨ੍ਹਾਂ ਸਰਕਾਰਾਂ ਦੇ ਸਮੇਂ ਬੇਰੁਜ਼ਗਾਰੀ ਵੀ ਸਿਖਰਾਂ ਉਪਰ ਪਹੁੰਚ ਗਈ। ਇਸ ਤੋਂ ਇਲਾਵਾ ਅਕਾਲੀ ਸਰਕਾਰ ਸਮੇਂ ਹੋਈ 'ਗੁਰੂ ਗ੍ਰੰਥ ਸਾਹਿਬ' ਦੀ ਬੇਅਦਬੀ ਦੇ ਦੋਸ਼ੀਆਂ ਨੂੰ ਵੀ ਕਾਂਗਰਸ ਸਰਕਾਰ ਸਜ਼ਾਵਾਂ ਨਾ ਦੇ ਸਕੀ।

ਇਨ੍ਹਾਂ ਸਭ ਮੁੱਦਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਵਾਰ ਪੰਜਾਬੀਆਂ ਨੇ ਪੰਜਾਬ ਦੀ ਵਾਗਡੋਰ 'ਆਪ' ਦੇ ਹੱਥ ਸੌਂਪੀ ਹੈ। 'ਆਪ' ਦੇ ਮੋਢਿਆਂ 'ਤੇ ਪੂਰੇ ਪੰਜਾਬ ਦੀ ਜ਼ਿੰਮੇਵਾਰੀ ਹੈ। 'ਆਪ' ਨੂੰ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣੀ ਪਵੇਗੀ ਤਾਂ ਹੀ ਪੰਜਾਬ ਦਾ ਸੁਧਾਰ ਹੋ ਸਕਦਾ ਹੈ। ਪਰ ਇਸ ਨਵੀਂ ਬਣੀ ਸਰਕਾਰ ਲਈ ਚੁਣੌਤੀਆਂ ਵੀ ਬਹੁਤ ਜ਼ਿਆਦਾ ਹਨ। ਜਿਨ੍ਹਾਂ ਨੂੰ ਇੱਕ-ਇੱਕ ਕਰਕੇ ਹੱਲ ਕੀਤਾ ਜਾਣਾ ਬਹੁਤ ਜ਼ਰੂਰੀ ਹੈ, ਕਿਉਂਕਿ ਪਾਰਟੀ ਨੇ ਅਗਲੀਆਂ ਚੋਣਾਂ ਵਿੱਚ ਫਿਰ ਪੰਜਾਬੀਆਂ ਨੂੰ ਜਵਾਬ ਦੇਣਾ ਹੈ।'ਆਪ' ਸਰਕਾਰ ਲਈ ਪੰਜਾਬ ਵਿੱਚ ਫੈਲਿਆ ਭ੍ਰਿਸ਼ਟਾਚਾਰ ਬਹੁਤ ਵੱਡੀ ਚੁਣੌਤੀ ਹੈ। ਜਿੰਨਾ ਚਿਰ ਪੰਜਾਬ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ ਹੁੰਦਾ ਓਨਾ ਚਿਰ ਪੰਜਾਬ ਦਾ ਸੁਧਾਰ ਸੰਭਵ ਨਹੀਂ। ਪੰਜਾਬ ਵਿੱਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਇੱਥੇ ਹਰ ਤਰ੍ਹਾਂ ਦਾ ਕੰਮ ਰਿਸ਼ਵਤ ਲੈ ਕੇ ਹੁੰਦਾ ਹੈ, ਭਾਵੇਂ ਉਹ ਕੰਮ ਛੋਟਾ ਹੋਵੇ ਜਾਂ ਵੱਡਾ। ਇੱਥੇ ਸਿਆਸੀ ਲੀਡਰਾਂ ਨੇ ਆਪ ਵੀ ਬਹੁਤ ਘਪਲੇ ਕੀਤੇ, ਜਿਨ੍ਹਾਂ ਵਿੱਚੋਂ ਚੋਣਾਂ ਸਮੇਂ ਕੁਝ ਦੇ ਨਾਮ ਸਾਹਮਣੇ ਵੀ ਆਏ। ਪੰਜਾਬ ਵਿੱਚ ਸ਼ਾਇਦ ਹੀ ਕੋਈ ਅਜਿਹਾ ਮਹਿਕਮਾ ਹੋਵੇ ਜਿੱਥੇ ਰਿਸ਼ਵਤ ਨਾ ਚੱਲਦੀ ਹੋਵੇ ਜਾਂ ਕਹਿ ਲਈਏ ਕਿ ਭ੍ਰਿਸ਼ਟਾਚਾਰ ਤੋਂ ਮੁਕਤ ਹੋਵੇ। ਸੋ, ਨਵੀਂ ਬਣੀ ਸਰਕਾਰ ਨੂੰ ਇਸ ਵੱਲ ਖ਼ਾਸ ਧਿਆਨ ਦੇਣ ਦੀ ਜ਼ਰੂਰਤ ਹੈ। ਸਰਕਾਰ ਨੇ ਆਪਣੇ ਇਸ ਵਾਅਦੇ ਨੂੰ ਅਮਲ ਵਿੱਚ ਲਿਆਉਂਦਿਆਂ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਹੈ।

ਬੇਰੁਜ਼ਗਾਰੀ ਦੀ ਸਮੱਸਿਆ ਵੀ ਪੰਜਾਬ ਸਰਕਾਰ ਲਈ ਇੱਕ ਗੰਭੀਰ ਚੁਣੌਤੀ ਹੈ। ਚੋਣਾਂ ਸਮੇਂ 'ਆਪ' ਨੇ ਇਸ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿਵਾਇਆ ਸੀ। ਬੇਰੁਜ਼ਗਾਰੀ ਖ਼ਤਮ ਕਰਨਾ ਸਰਕਾਰ ਦਾ ਮਹੱਤਵਪੂਰਨ ਫਰਜ਼ ਹੈ, ਜਿਸ ਨੂੰ ਕਿਸੇ ਵੀ ਹਾਲਾਤ ਵਿੱਚ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਨੌਕਰੀਆਂ ਨਾ ਮਿਲਣ ਕਰਕੇ ਪੰਜਾਬ ਦੇ ਨੌਜਵਾਨ ਮੁੰਡੇ-ਕੁੜੀਆਂ ਬਾਹਰਲੇ ਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਜੋ ਕਿ ਪੰਜਾਬ ਅਤੇ ਪੂਰੀ ਪੰਜਾਬੀ ਕੌਮ ਲਈ ਬਹੁਤ ਨਮੋਸ਼ੀਪੂਰਨ ਹੈ। ਬਿਊਰੋ ਆਫ ਇਮੀਗ੍ਰੇਸ਼ਨ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਤੋਂ ਜਨਵਰੀ 2016 ਤੋਂ ਫਰਵਰੀ 2021 ਤੱਕ 2.62 ਲੱਖ ਵਿਦਿਆਰਥੀ



ਸਟੱਡੀ ਵੀਜ਼ੇ 'ਤੇ ਵਿਦੇਸ਼ ਜਾ ਚੁੱਕੇ ਹਨ। ਇਹ ਅੰਕੜੇ ਸਾਡੇ ਪੰਜਾਬ ਦੀਆਂ ਸਰਕਾਰਾਂ ਦੀ ਨਾਕਾਮੀ ਨੂੰ ਸਿੱਧ ਕਰਦੇ ਹਨ, ਕਿਉਂਕਿ ਸਰਕਾਰਾਂ ਦੁਆਰਾ ਰੁਜ਼ਗਾਰ ਮੁਹੱਈਆ ਨਾ ਕਰਵਾਉਣ ਕਰਕੇ ਸਾਡੇ ਬੱਚੇ ਵਿਦੇਸ਼ਾਂ ਵੱਲ ਜਾ ਰਹੇ ਹਨ। ਮੌਜੂਦਾ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਂਦੇ ਹੀ 25,000 ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕੀਤਾ ਹੈ, ਜਿਨ੍ਹਾਂ ਵਿੱਚੋਂ 10,000 ਭਰਤੀਆਂ ਪੁਲਿਸ ਵਿਭਾਗ ਵਿੱਚ ਹੋਣੀਆਂ ਹਨ। ਪਰ ਪੰਜਾਬ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਕਰਨ ਲਈ ਇਹ ਨੌਕਰੀਆਂ ਕਾਫ਼ੀ ਨਹੀਂ। ਸਰਕਾਰ ਨੂੰ ਸਮੇਂ-ਸਮੇਂ 'ਤੇ ਸਾਰੇ ਵਿਭਾਗਾਂ ਵਿੱਚ ਭਰਤੀਆਂ ਜ਼ਰੂਰ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਨੌਜਵਾਨਾਂ ਨੂੰ ਸਮੇਂ ਸਿਰ ਰੁਜ਼ਗਾਰ ਮਿਲ ਸਕੇ। ਪਹਿਲੀਆਂ ਸਰਕਾਰਾਂ ਦੀ ਅਣਦੇਖੀ ਕਰਕੇ ਹੀ ਅੱਜ ਪੰਜਾਬ ਵਿੱਚ ਬੇਰੁਜ਼ਗਾਰੀ ਸਿਖਰਾਂ 'ਤੇ ਹੈ। ਮਾਹਿਰਾਂ ਦੇ ਅਨੁਮਾਨ ਅਨੁਸਾਰ ਪੰਜਾਬ ਵਿੱਚ 22 ਤੋਂ 25 ਲੱਖ ਤੱਕ ਨੌਜਵਾਨ ਬੇਰੁਜ਼ਗਾਰ ਹਨ। ਇਸ ਕਰਕੇ ਇਸ ਨਵੀਂ ਬਣੀ ਸਰਕਾਰ ਨੂੰ ਪਹਿਲੀਆਂ ਸਰਕਾਰਾਂ ਵਾਲੀਆਂ ਗਲਤੀਆਂ ਨਹੀਂ ਦੁਹਰਾਉਣੀਆਂ ਚਾਹੀਦੀਆਂ, ਸਗੋਂ ਸੰਜੀਦਗੀ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ ਕਰਨਾ ਚਾਹੀਦਾ ਹੈ।

ਨਸ਼ੇ ਦਾ ਮੁੱਦਾ ਵੀ ਬਹੁਤ ਗੰਭੀਰ ਮੁੱਦਾ ਹੈ, ਜਿਸ ਨੂੰ ਕਿ 'ਆਪ' ਸਰਕਾਰ ਦੁਆਰਾ ਹੱਲ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਚੋਣਾਂ ਦੌਰਾਨ ਸਾਰੀਆਂ ਪਾਰਟੀਆਂ ਹੀ ਨਸ਼ੇ ਨੂੰ ਜੜ੍ਹ ਤੋਂ ਖਤਮ ਕਰਨ ਦੇ ਵਾਅਦੇ ਕਰਦੀਆਂ ਹਨ। ਪਰ ਅੱਜ ਤੱਕ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲਿਆ, ਸਗੋਂ ਇਹ ਮੁੱਦਾ ਦਿਨ ਪ੍ਰਤੀ ਦਿਨ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ। ਗੁਟਕਾ ਸਾਹਿਬ ਦੀਆਂ ਸਹੁੰਆਂ ਖਾਣ ਦੇ ਬਾਵਜੂਦ ਇਹ ਮਸਲਾ ਹੱਲ ਨਹੀਂ ਹੋ ਸਕਿਆ। ਪੰਜਾਬ ਵਿੱਚ ਨਿੱਤ ਹੀ ਕਈ ਨੌਜਵਾਨ ਨਸ਼ੇ ਦੀ ਭੇਟ ਚੜ੍ਹਦੇ ਹਨ। ਸਾਨੂੰ ਹਰ ਰੋਜ਼ ਹੀ ਅਖ਼ਬਾਰਾਂ ਦੇ ਪੰਨਿਆਂ 'ਤੇ ਨਸ਼ੇ ਕਾਰਨ ਹੋਈਆਂ ਮੌਤਾਂ ਬਾਰੇ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ, ਜੋ ਕਿ ਸਾਡੇ ਜ਼ਮੀਰ ਨੂੰ ਧੁਰ ਅੰਦਰ ਤਕ ਝੰਜੋੜ ਕੇ ਰੱਖ ਦਿੰਦੀਆਂ ਹਨ। ਕਈ ਘਰ ਇਸ ਨਸ਼ੇ ਕਾਰਨ ਬਰਬਾਦ ਹੋ ਚੁੱਕੇ ਹਨ ਅਤੇ ਕਈ ਬਰਬਾਦ ਹੋਣ ਦੇ ਕਿਨਾਰੇ ਹਨ। ਚੋਣਾਂ ਸਮੇਂ ਪੰਜਾਬ ਦੀ ਜਨਤਾ ਨੇ ਇਸ ਮੁੱਦੇ ਨੂੰ ਧਿਆਨ ਵਿਚ ਰੱਖ ਕੇ ਹੀ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਹਨ, ਕਿਉਂਕਿ ਪਹਿਲੀਆਂ ਸਰਕਾਰਾਂ ਤਾਂ ਇਸ ਮਸਲੇ ਨੂੰ ਹੱਲ ਕਰਨ ਵਿੱਚ ਅਸਮਰੱਥ ਸਿੱਧ ਹੋਈਆਂ। 'ਆਪ' ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਕੋਹੜ ਦੀ ਬੀਮਾਰੀ ਨੂੰ ਜੜੋਂ ਖ਼ਤਮ ਕਰਨ ਲਈ ਸਖ਼ਤ ਕਦਮ ਚੁੱਕੇ।

ਇਸ ਤੋਂ ਇਲਾਵਾ ਪੰਜਾਬ ਦੀ ਜਨਤਾ ਆਪਣੇ ਪਵਿੱਤਰ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬੇਅਦਬੀ ਦੇ ਇਨਸਾਫ ਦੀ ਵੀ ਮੰਗ ਕਰਦੀ ਹੈ। 'ਆਪ' ਸਰਕਾਰ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਇਸ ਬੇਅਦਬੀ ਨਾਲ ਜੁੜੇ ਮਾਮਲੇ ਨੂੰ ਹੱਲ ਕਰੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਸਾਰੇ ਪੰਜਾਬੀਆਂ ਨੂੰ ਇਸ ਨਵੀਂ ਬਣੀ ਸਰਕਾਰ ਤੋਂ ਬਹੁਤ ਉਮੀਦਾਂ ਹਨ, ਪਰ ਆਮ ਆਦਮੀ ਪਾਰਟੀ ਲਈ ਇਹ ਕੰਮ ਵੀ ਚੁਣੌਤੀ ਭਰਪੂਰ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਪ੍ਰਤੀ ਗੰਭੀਰ ਹੋ ਕੇ ਪੂਰੀ ਪਾਰਦਰਸ਼ਤਾ ਨਾਲ ਕੰਮ ਕਰੇ। ਕਿਉਂਕਿ ਇਹ ਮਸਲਾ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦੇ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣਾ ਵੀ ਸਰਕਾਰ ਲਈ ਬਹੁਤ ਜ਼ਰੂਰੀ ਹੈ। ਕਿਉਂਕਿ ਪੰਜਾਬ ਵਿੱਚ ਪਿਛਲੇ ਦਿਨੀਂ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨਾਲ ਪੰਜਾਬ ਦਾ ਮਾਹੌਲ ਖ਼ਰਾਬ ਹੋ ਸਕਦਾ ਹੈ। ਸ਼ਰ੍ਹੇਆਮ ਦਿਨ ਦਿਹਾੜੇ ਹੀ ਗੋਲੀਆਂ ਨਾਲ ਕਤਲ ਕੀਤੇ ਜਾ ਰਹੇ ਹਨ, ਜੋ ਕਿ ਪੰਜਾਬ ਲਈ ਬਹੁਤ ਵੱਡਾ ਦੁਖਾਂਤ ਹੈ। ਪੰਜਾਬ ਸਰਕਾਰ ਦੁਆਰਾ ਬਣਾਈ ਗਈ ਗੈਂਗਸਟਰ ਵਿਰੋਧੀ ਟਾਸਕ ਫੋਰਸ ਇਸ ਪ੍ਰਤੀ ਉਚੇਚਾ ਕਦਮ ਹੈ। ਪਰ ਅਜਿਹੇ ਸੰਗਠਨ ਬਣਾਉਣ ਦਾ ਫ਼ਾਇਦਾ ਤਾਂ ਹੀ ਹੈ ਜੇ ਇਹ ਪੂਰੀ ਪਾਰਦਰਸ਼ਤਾ ਨਾਲ ਕੰਮ ਕਰਨ।

ਨਵੀਂ ਬਣੀ ਸੂਬਾ ਸਰਕਾਰ ਲਈ ਆਰਥਿਕ ਸੰਕਟ ਬਹੁਤ ਵੱਡੀ ਚੁਣੌਤੀ ਹੈ। ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਸੂਬਾ ਸਰਕਾਰ ਇਸ ਸਮੇਂ ਗੰਭੀਰ ਵਿੱਤੀ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਸਰਕਾਰ ਨੂੰ ਸਬਸਿਡੀਆਂ ਦੀ ਅਦਾਇਗੀ ਅਤੇ ਹੋਰ ਸਾਰੇ ਕੰਮ ਕਰਜ਼ਾ ਲੈ ਕੇ ਕਰਨੇ ਪੈ ਰਹੇ ਹਨ। ਪੰਜਾਬ ਦੇ ਸਿਰ ਸਰਕਾਰੀ ਕਰਜ਼ਾ ਜੋ 2000-01 ਵਿਚ 29,099 ਕਰੋੜ ਰੁਪਏ ਸੀ, 2021-22 ਵਿੱਚ ਵਧ ਕੇ 2,82,000 ਕਰੋੜ ਰੁਪਏ ਹੋ ਗਿਆ, ਜੋ ਕਿ ਪੰਜਾਬ ਦੀ ਕੁੱਲ ਆਮਦਨ ਦਾ 42 ਫੀਸਦੀ ਹੈ। ਕਰਜ਼ੇ ਦੀ ਏਨੀ ਵੱਡੀ ਪੰਡ ਦੇ ਵਿਆਜ ਅਤੇ ਮੂਲ ਨੂੰ ਮੋੜਨ ਵਿੱਚ ਹੀ ਸੂਬਾ ਸਰਕਾਰ ਦੀ ਆਮਦਨ ਦਾ ਤੀਜਾ ਹਿੱਸਾ ਚਲਾ ਜਾਂਦਾ ਹੈ, ਜਿਸ ਕਰਕੇ ਵਿਕਾਸ ਦੇ ਕੰਮਾਂ ਵਿੱਚ ਰੁਕਾਵਟ ਪੈਂਦੀ ਹੈ। ਵਿੱਤ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਜਨਵਰੀ 2022 ਤੱਕ 11,507 ਕਰੋੜ ਤਾਂ ਵਿਆਜ ਦੇ ਰੂਪ ਵਿਚ ਹੀ ਅਦਾ ਕੀਤੇ ਜਾ ਚੁੱਕੇ ਹਨ। ਇਸ ਕਰਜ਼ੇ ਦਾ ਕਾਰਨ ਪਹਿਲੀਆਂ ਸਰਕਾਰਾਂ ਦੁਆਰਾ ਲੋੜ ਤੋਂ ਵੱਧ ਖ਼ਰਚੇ ਅਤੇ ਕਰਾਂ ਨੂੰ ਇਕੱਠੇ ਕਰਨ ਵਿੱਚ ਕੀਤੀ ਗਈ ਅਣਗਹਿਲੀ ਹੈ। ਪਹਿਲੀਆਂ ਸਰਕਾਰਾਂ ਦੇ ਵਿਧਾਇਕਾਂ ਦੀ ਆਮਦਨ ਦੇ ਕਰ ਦਾ ਭੁਗਤਾਨ ਵੀ ਸਰਕਾਰੀ ਖ਼ਜ਼ਾਨੇ ਵਿਚੋਂ ਹੀ ਕੀਤਾ ਜਾਂਦਾ ਰਿਹਾ ਜੋ ਕਿ ਸਰਕਾਰੀ ਖਜ਼ਾਨੇ ਉਪਰ ਵਾਧੂ ਬੋਝ ਦਾ ਇੱਕ ਕਾਰਨ ਬਣਿਆ। 'ਆਪ' ਸਰਕਾਰ ਦੁਆਰਾ ਇਸ ਵਿੱਤੀ ਸੰਕਟ ਨੂੰ ਹੱਲ ਕਰਨ ਲਈ ਕੁਝ ਕਦਮ ਚੁੱਕੇ ਜਾ ਰਹੇ ਹਨ, ਪਰ ਇਹ ਸਭ ਕਾਫ਼ੀ ਨਹੀਂ ਸਗੋਂ, ਇਸ ਵੱਲ ਅਜੇ ਹੋਰ ਕਦਮ ਚੁੱਕਣ ਦੀ ਜ਼ਰੂਰਤ ਹੈ।

ਇਸ ਤੋਂ ਇਲਾਵਾ ਸਰਕਾਰ ਨੂੰ ਪੰਜਾਬੀਆਂ ਦੀ ਸਿਹਤ, ਸੁਰੱਖਿਆ ਅਤੇ ਵਿੱਦਿਆ ਪ੍ਰਤੀ ਵੀ ਖ਼ਾਸ ਧਿਆਨ ਦੇਣ ਦੀ ਜ਼ਰੂਰਤ ਹੈ। ਕਿਉਂਕਿ ਪੰਜਾਬ ਵਿੱਚ ਅੱਜ ਵੀ ਬਹੁਤ ਸਾਰੇ ਲੋਕ ਹਨ ਜੋ ਮਹਿੰਗੀਆਂ ਸਿਹਤ ਸੇਵਾਵਾਂ ਅਤੇ ਮਹਿੰਗੀ ਵਿੱਦਿਆ ਲੈਣ ਦੇ ਸਮਰੱਥ ਨਹੀਂ ਹਨ। ਇਸ ਕਰਕੇ ਸਰਕਾਰ ਨੂੰ ਇਨ੍ਹਾਂ ਵਰਗਾਂ ਵੱਲ ਉਚੇਚਾ ਧਿਆਨ ਦੇਣ ਦੀ ਜ਼ਰੂਰਤ ਹੈ। ਇਸ ਸਬੰਧ ਵਿਚ ਪੰਜਾਬ ਸਰਕਾਰ ਦਾ ਘਰ-ਘਰ ਰਾਸ਼ਨ ਪਹੁੰਚਾਉਣ ਦਾ ਫ਼ੈਸਲਾ ਵੀ ਵਧੀਆ ਸਾਬਤ ਹੋ ਸਕਦਾ ਹੈ। ਇਸਦੇ ਨਾਲ ਹੀ ਪੰਜਾਬ ਵਿਚ ਗਰਮੀ ਦੇ ਮੌਸਮ ਵਿਚ ਜੋ ਬਿਜਲੀ ਦਾ ਸੰਕਟ ਮੰਡਰਾਉਣ ਲੱਗਦਾ ਹੈ, ਉਸ ਪ੍ਰਤੀ ਸਰਕਾਰ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਸਮੱਸਿਆ ਨੂੰ ਹੱਲ ਕਰਨ ਲਈ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੁਖਤਾ ਪ੍ਰਬੰਧ ਕਰ ਲਏ ਜਾਣ।

ਇਹ ਚੁਣੌਤੀਆਂ 'ਆਪ' ਸਰਕਾਰ ਦੇ ਸਾਹਮਣੇ ਬਹੁਤ ਵੱਡੀਆਂ ਹਨ ਅਤੇ ਇਨ੍ਹਾਂ ਦਾ ਹੱਲ ਪੰਜਾਬ ਦੀ ਜਨਤਾ ਸਰਕਾਰ ਕੋਲੋਂ ਚਾਹੁੰਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੀ ਪਹਿਲੀਆਂ ਸਰਕਾਰਾਂ ਵਾਂਗ ਓਹੜ-ਪੋਹੜ ਕਰਕੇ ਟਾਈਮ ਨਾ ਪਾਸ ਕਰੇ ਸਗੋਂ ਪੰਜਾਬੀਆਂ ਦੀਆਂ ਉਮੀਦਾਂ ਉੱਪਰ ਖ਼ਰੀ ਉਤਰੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜ ਸਾਲਾਂ ਦਾ ਰੋਡ ਮੈਪ ਤਿਆਰ ਕਰਕੇ ਯੋਜਨਾਬੱਧ ਤਰੀਕੇ ਨਾਲ ਕੰਮ ਕਰੇ। ਕੇਂਦਰ ਸਰਕਾਰ ਦੀਆਂ ਬਹੁਤ ਸਾਰੀਆਂ ਸਕੀਮਾਂ ਦਾ ਵੀ ਸੂਬਾ ਸਰਕਾਰ ਫ਼ਾਇਦਾ ਲੈ ਸਕਦੀ ਹੈ। ਬੱਸ ਜ਼ਰੂਰਤ ਹੈ ਇਨ੍ਹਾਂ ਨੂੰ ਠੀਕ ਢੰਗ ਨਾਲ ਲਾਗੂ ਕਰਨ ਦੀ। ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਆਪਣੀ ਵਿਰੋਧੀ ਪਾਰਟੀ ਦੀ ਸਰਕਾਰ ਹੋਣ ਕਰਕੇ ਇਸ ਨਾਲ ਮਤਰੇਈ ਮਾਂ ਵਾਲਾ ਸਲੂਕ ਨਾ ਕਰੇ, ਸਗੋਂ ਸੂਬਾ ਸਰਕਾਰ ਨਾਲ ਸਹਿਯੋਗ ਕਰੇ।

# ਐੱਸਵਾਈਐੱਲ ਦਾ ਮਾਮਲਾ ਅਤੇ ਪੰਜਾਬ ਦੀ ਖ਼ੁਦਮੁਖਤਿਆਰੀ

ਰਜਿੰਦਰ ਸਿੰਘ ਪੁਰੇਵਾਲ

ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੇ ਮਸਲੇ ਦਾ ਹੱਲ ਲੱਭਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ 14 ਅਕਤੂਬਰ ਨੂੰ ਸਵੇਰੇ 11.30 ਵਜੇ ਮੀਟਿੰਗ ਹੋਵੇਗੀ। ਇਸ ਗੱਲ ਦਾ ਐਲਾਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹੁਣੇ ਜਿਹੇ ਕੀਤਾ ਸੀ। ਇਸ ਮੌਕੇ ਕੇਂਦਰ ਦਾ ਕੋਈ ਮੰਤਰੀ ਜਾਂ ਅਧਿਕਾਰੀ ਹਾਜ਼ਰ ਨਹੀਂ ਹੋਵੇਗਾ, ਸਿਰਫ਼ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਮੀਟਿੰਗ ਕਰਕੇ ਐੱਸਵਾਈਐੱਲ ਨਹਿਰ ਮਸਲੇ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨਗੇ।

ਦੱਸਣਯੋਗ ਹੈ ਕਿ ਪਿਛਲੇ ਮਹੀਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਸੀ ਕਿ ਐੱਸਵਾਈਐੱਲ ਦਾ ਪਾਣੀ ਹਰਿਆਣਾ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਉਨ੍ਹਾਂ ਨੂੰ ਪੰਜਾਬ ਤੋਂ ਪਾਣੀ ਨਹੀਂ ਮਿਲ ਰਿਹਾ ਹੈ ਅਤੇ ਦੂਜੇ ਪਾਸੇ ਦਿੱਲੀ ਉਨ੍ਹਾਂ ਤੋਂ ਹੋਰ ਪਾਣੀ ਦੀ ਮੰਗ ਕਰ ਰਿਹਾ ਹੈ। ਇਸ ਮੁੱਦੇ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਸਮਾਂ-ਸੀਮਾ ਤੈਅ ਕਰਨੀ ਬਹੁਤ ਜ਼ਰੂਰੀ ਹੈ। ਹਰਿਆਣਾ ਦੇ ਮੁੱਖ ਮੰਤਰੀ ਦਾ ਕਹਿਣਾ ਸੀ ਕਿ ਐੱਸਵਾਈਐੱਲ 'ਤੇ ਹਰਿਆਣਾ ਵਾਸੀਆਂ ਦਾ ਹੱਕ ਹੈ ਅਤੇ ਇਹ ਉਨ੍ਹਾਂ ਨੂੰ ਜ਼ਰੂਰ ਮਿਲੇਗਾ। ਮੁੱਖ ਮੰਤਰੀ ਦਾ ਕਹਿਣਾ ਸੀ ਕਿ ਹਰਿਆਣਾ ਲਈ ਐੱਸਵਾਈਐੱਲ ਦਾ ਪਾਣੀ ਜ਼ਰੂਰੀ ਹੈ।ਇਸ ਮਾਮਲੇ ਵਿੱਚ ਸਮਾਂ ਸੀਮਾ ਤੈਅ ਹੋਣੀ ਚਾਹੀਦੀ ਹੈ ਤਾਂ ਜੋ ਸੂਬੇ ਦੇ ਕਿਸਾਨਾਂ ਨੂੰ ਪਾਣੀ ਦੀ ਜਰੂਰਤ ਯਕੀਨੀ ਹੋ ਸਕੇ। ਦੂਜੇ ਪਾਸੇ ਪੰਜਾਬ ਰਾਵੀ-ਬਿਆਸ ਦਰਿਆਵਾਂ ਦੇ ਪਾਣੀਆਂ ਦੀ ਮਾਤਰਾ ਦੇ ਮੁੜ ਮੁਲਾਂਕਣ ਦੀ ਮੰਗ ਕਰ ਰਿਹਾ ਹੈ। ਗੌਰਤਲਬ ਹੈ ਕਿ 6 ਸਤੰਬਰ ਨੂੰ ਸੁਪਰੀਮ ਕੋਰਟ ਵਿੱਚ ਐੱਸਵਾਈਐੱਲ ਨਹਿਰ ਮਸਲੇ 'ਤੇ ਸੁਣਵਾਈ ਦੌਰਾਨ ਜਸਟਿਸ ਸੰਜੈ ਕਿਸ਼ਨ ਕੌਲ ਦੀ ਅਗਵਾਈ ਹੇਠਲੇ ਬੈਂਚ ਨੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਬੈਠ ਕੇ ਦੋਸਤਾਨਾ ਢੰਗ ਨਾਲ ਇਸ ਮਸਲੇ ਦਾ ਹੱਲ ਲੱਭਣ ਦੀ ਹਦਾਇਤ ਕੀਤੀ ਸੀ। ਸੁਪਰੀਮ ਕੋਰਟ ਨੇ ਕੇਂਦਰੀ ਜਲ ਸ਼ਕਤੀ ਮੰਤਰੀ ਨੂੰ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਵਿਚਕਾਰ ਮੀਟਿੰਗ ਕਰਵਾਉਣ ਦੀ ਹਦਾਇਤ ਕਰਦਿਆਂ ਚਾਰ ਮਹੀਨਿਆਂ ਅੰਦਰ ਪ੍ਰਗਤੀ ਰਿਪੋਰਟ ਦੇਣ ਦੀ ਮੰਗ ਕੀਤੀ ਸੀ। ਬੈਂਚ ਨੇ ਐੱਸਵਾਈਐੱਲ ਮਾਮਲੇ ਦੀ ਅਗਲੀ ਸੁਣਵਾਈ 19 ਜਨਵਰੀ 2023 'ਤੇ ਪਾਈ ਹੋਈ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਸੀ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਐੱਸਵਾਈਐੱਲ ਦੇ ਮਸਲੇ 'ਤੇ ਹੋਣ ਵਾਲੀ ਮੀਟਿੰਗ ਵਿੱਚ ਸੂਬਾ ਸਰਕਾਰ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਸਬੰਧੀ ਸੂਬੇ ਦੇ ਹਿੱਤਾਂ ਦੀ ਪੂਰੀ ਤਰ੍ਹਾਂ ਰਾਖੀ ਕੀਤੀ ਜਾਵੇਗੀ ਅਤੇ ਸੂਬਾ ਸਰਕਾਰ ਇਸ ਮੁੱਦੇ 'ਤੇ ਪੰਜਾਬ ਦਾ ਪੱਖ ਜ਼ੋਰਦਾਰ ਢੰਗ ਨਾਲ ਰੱਖੇਗੀ। ਮੁੱਖ ਮੰਤਰੀ ਦਾ ਕਹਿਣਾ ਸੀ ਕਿ ਪਿਛਲੀਆਂ ਸਰਕਾਰਾਂ ਦੇ ਆਗੂ ਅਜਿਹੀਆਂ ਮਹੱਤਵਪੂਰਨ ਮੀਟਿੰਗਾਂ ਤੋਂ ਬਚਦੇ ਰਹੇ ਹਨ ਪਰ ਉਹ ਮੀਟਿੰਗ ਵਿੱਚ ਪੂਰੀ ਤਿਆਰੀ ਨਾਲ ਜਾਣਗੇ।

ਇਸ ਮਾਮਲੇ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿਤਾਵਨੀ ਦਿੰਦਿਆਂ ਹੁਣੇ ਜਿਹੇ ਕਿਹਾ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਨੂੰ ਪੰਜਾਬ ਤੇ ਹਰਿਆਣਾ ਵਿਚਾਲੇ ਗੱਲਬਾਤ ਲਈ ਮੁੱਦਾ ਬਣਨ ਦੇ ਸਿੱਟੇ ਭਿਆਨਕ ਹੋ ਸਕਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਹੈਰਾਨੀ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਨੇ ਇਸ ਮਾਮਲੇ 'ਤੇ ਆਪਣੇ ਹਰਿਆਣਾ ਦੇ ਹਮਰੁਤਬਾ ਨਾਲ ਗੱਲਬਾਤ ਤੋਂ ਪਹਿਲਾਂ ਪੰਜਾਬ ਸਰਕਾਰ ਦਾ ਸਟੈਂਡ ਸਪੱਸ਼ਟ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਰਿਪੇਰੀਅਨ ਸੂਬਾ ਹੋਣ ਕਰ ਕੇ ਦਰਿਆਈ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੱਕ ਹੈ। ਹਰਿਆਣਾ ਦਾ ਇਸ ਮਾਮਲੇ ਵਿਚ ਕੋਈ ਹੱਕ ਨਹੀਂ ਬਣਦਾ। ਇਸੇ ਲਈ ਪਾਣੀਆਂ ਬਾਰੇ ਹਰਿਆਣਾ ਨਾਲ ਚਰਚਾ ਵੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਜੇ ਗ਼ੈਰ-ਰਿਪੇਰੀਅਨ ਹਰਿਆਣਾ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਵਿਚ ਹਿੱਸਾ ਮੰਗਣ ਦੀ ਆਗਿਆ ਦਿੱਤੀ ਜਾਂਦੀ ਹੈ ਤਾਂ ਫਿਰ ਤਾਮਿਲਨਾਡੂ, ਬੰਗਾਲ ਜਾਂ ਕੇਰਲਾ ਸਾਰੇ ਗ਼ੈਰ-ਰਿਪੇਰੀਅਨ ਸੂਬਿਆਂ ਨੂੰ ਰਾਵੀ, ਸਤਲੁਜ ਤੇ ਬਿਆਸ ਦਰਿਆਵਾਂ ਵਿੱਚੋਂ ਪਾਣੀ ਮੰਗਣ ਤੋਂ ਕੋਈ ਵੀ ਨਹੀਂ ਰੋਕ ਸਕਦਾ। ਜੇ ਅਸੀਂ ਇਹੀ ਪੈਮਾਨਾ ਅਪਣਾਈਏ ਤਾਂ ਕੋਈ ਵੀ ਪੰਜਾਬ ਨੂੰ ਗੋਦਾਵਰੀ ਤੇ ਗੰਗਾ ਵਿੱਚੋਂ ਪਾਣੀ ਮੰਗਣ ਤੋਂ ਨਹੀਂ ਰੋਕ ਸਕਦਾ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮੁੱਦਾ 2016 ਵਿੱਚ ਉਦੋਂ ਹੀ ਖ਼ਤਮ ਹੋ ਗਿਆ ਸੀ ਜਦੋਂ ਅਕਾਲੀ-ਭਾਜਪਾ ਸਰਕਾਰ ਨੇ ਇਸ ਨਹਿਰ ਦੀ ਜ਼ਮੀਨ ਅਸਲ ਮਾਲਕ ਕਿਸਾਨਾਂ ਨੂੰ ਮੁਫ਼ਤ 'ਚ ਵਾਪਸ ਕਰ ਦਿੱਤੀ ਸੀ। ਬਾਦਲ ਦਾ ਕਹਿਣਾ ਸੀ ਕਿ ਪੰਜਾਬੀਆਂ ਦੇ ਮਨਾਂ ਵਿਚ ਇਹ ਤੌਖਲਾ ਹੈ ਕਿ 'ਆਪ' ਸਰਕਾਰ ਪੰਜਾਬ ਦਾ ਦਰਿਆਈ ਪਾਣੀ ਹਰਿਆਣਾ ਤੇ ਦਿੱਲੀ ਨੂੰ ਦੇਣ ਦੀ ਤਿਆਰੀ ਵਿਚ ਹੈ। ਅਸਲ ਗਲ ਇਹ ਹੈ ਕਿ ਦਰਿਆਵਾਂ ਦੇ ਪਾਣੀਆਂ ਦੇ ਹੱਕ ਕੌਮਾਂਤਰੀ ਪੱਧਰ ਉੱਤੇ ਮਾਨਤਾ ਪ੍ਰਾਪਤ ਰਿਪੇਰੀਅਨ ਸਿਧਾਂਤ ਮੁਤਾਬਿਕ ਤੈਅ ਹੁੰਦੇ ਹਨ। ਰਿਪੇਰੀਅਨ ਸਿਧਾਂਤ ਮੁਤਾਬਿਕ ਦਰਿਆਵਾਂ ਦੇ ਪਾਣੀਆਂ ਉੱਤੇ ਉਹਨਾਂ ਦੇ ਕੁਦਰਤੀ ਵਹਾਅ ਦੇ ਕੰਢਿਆਂ ਨਾਲ਼ ਲੱਗਦੇ ਖਿੱਤਿਆਂ ਦੇ ਲੋਕਾਂ ਦਾ ਹੀ ਹੱਕ ਹੁੰਦਾ ਹੈ। ਦਰਿਆਵਾਂ ਦੇ ਪਾਣੀਆਂ ਦਾ ਲਾਭ ਵੀ ਉਹੀ ਲੋਕ ਚੁੱਕਣਗੇ ਜਿਸ ਖਿੱਤੇ ਦੇ ਲੋਕ ਇਨ੍ਹਾਂ ਦੇ ਹੜ੍ਹਾਂ ਦੀ ਮਾਰ ਵੀ ਝੱਲਦੇ ਆਏ ਹੋਣ ਜਾਂ ਝੱਲ ਰਹੇ ਹੋਣ। ਦਰਿਆਈ ਖੇਤਰ ਜੇਕਰ ਦੋ ਜਾਂ ਦੋ ਤੋਂ ਵਧੇਰੇ ਦੇਸ਼ਾਂ ਜਾਂ ਸੂਬਿਆਂ ਦੀਆਂ ਰਾਜਕੀ/ਪ੍ਰਸ਼ਾਸਨਿਕ ਇਕਾਈਆਂ ਵਿੱਚ ਵੰਡੇ ਹੋਣ ਤਾਂ ਉਹ ਸੂਬੇ ਜਾਂ ਦੇਸ਼ ਉਸ ਦਰਿਆ ਦੇ ਰਿਪੇਰੀਅਨ ਦੇਸ਼/ਸੂਬੇ ਕਹਾਉਂਦੇ ਹਨ ਅਤੇ ਉਹਨਾਂ ਵਿਚਕਾਰ ਸਬੰਧਤ ਦਰਿਆ ਦਾ ਪਾਣੀ ਵੰਡਿਆ ਜਾਂਦਾ ਹੈ। ਇਸਦਾ ਅਰਥ ਇਹ ਵੀ ਹੈ ਕਿ ਕਿਸੇ ਦਰਿਆ ਦੇ ਗੈਰ-ਰਿਪੇਰੀਅਨ ਖਿੱਤੇ ਦੇ ਲੋਕਾਂ ਦਾ ਉਸ ਦਰਿਆ ਦੇ ਪਾਣੀ ਉੱਤੇ ਹੱਕ ਨਹੀਂ ਹੁੰਦਾ। ਦਰਿਆਵਾਂ ਦੇ ਪਾਣੀਆਂ ਉੱਤੇ ਹੱਕ ਦਾ ਇਹ ਸਿਧਾਂਤ ਇੱਕ ਵਿਗਿਆਨਕ ਤੇ ਜਮਹੂਰੀ ਸਿਧਾਂਤ ਹੈ। ਪਰ ਸੁਪਰੀਮ ਕੋਰਟ ਤੇ ਕੇਂਦਰ ਸਰਕਾਰ ਪੰਜਾਬ ਦੇ ਹਿਤਾਂ ਉਪਰ ਡਾਕਾ ਮਾਰ ਰਹੀ ਹੈ।

## ਖ਼ਾਲਿਸਤਾਨ ਦੇ ਮੁੱਦੇ ਉਪਰ ਭਾਰਤ ਦੀ ਜਗਮੀਤ ਤੇ ਟਰੂਡੋ ਨਾਲ ਨਾਰਾਜ਼ਗੀ



ਕੈਨੇਡਾ ਵਿੱਚ ਚੱਲ ਰਹੀਆਂ ਖਾਲਿਸਤਾਨੀ ਗਤੀਵਿਧੀਆਂ ਤੋਂ ਭਾਰਤ ਔਖਾ ਹੈ। ਕਾਬਿਲੇਗੌਰ ਹੈ ਕਿ ਸਿੱਖਸ ਫ਼ਾਰ ਜਸਟਿਸ (ਐੱਸਐੱਫਜੇ) ਸਣੇ ਹੋਰ ਕਈ ਖਾਲਿਸਤਾਨੀ ਜਥੇਬੰਦੀਆਂ ਕੈਨੇਡਾ ਵਿੱਚ ਕਾਫ਼ੀ ਸਰਗਰਮ ਹਨ। ਇਨ੍ਹਾਂ ਜਥੇਬੰਦੀਆਂ ਕਰ ਕੇ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿੱਚ ਹੌਲੀ ਹੌਲੀ ਖਟਾਸ ਵਧਣ ਲੱਗੀ ਹੈ।ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦਾ ਕਹਿਣਾ ਹੈ ਕਿ ਨਵੀਂ ਦਿੱਲੀ ਨੇ ਕੈਨੇਡਾ ਵਿੱਚ ਕੱਟੜਵਾਦੀ ਹਿੰਸਾ ਤੇ ਭਾਰਤ ਵਿਰੋਧੀ ਸਰਗਰਮੀਆਂ ਨਾਲ ਜੁੜਿਆ ਮੁੱਦਾ ਟਰੂਡੋ ਸਰਕਾਰ ਕੋਲ ਰੱਖਿਆ ਹੈ, ਪਰ ਉਹ ਓਟਵਾ ਵੱਲੋਂ ਇਸ ਸਬੰਧੀ ਕੀਤੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਹੈ।

ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਲੰਘੇ ਦਿਨ ਕਿਹਾ ਸੀ ਕਿ ਕੈਨੇਡਾ ਨੂੰ ਚਾਹੀਦਾ ਹੈ ਕਿ ਉਹ ਭਾਰਤ ਵਿਰੋਧੀ ਤਾਕਤਾਂ ਨੂੰ ਹਿੰਸਾ ਤੇ ਬਗ਼ਾਵਤ ਨੂੰ ਹਵਾ ਦੇਣ ਲਈ, ਪ੍ਰਗਟਾਵੇ ਦੀ ਆਜ਼ਾਦੀ ਦੀ ਦੁਰਵਰਤੋਂ ਕਰਨ ਤੋਂ ਰੋਕੇ। ਪਰ ਕੈਨੇਡੀਅਨ ਸੰਸਦ ਮੈਂਬਰ ਤੇ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ, ਜੋ ਟਰੂਡੋ ਸਰਕਾਰ ਦੇ ਹਮਾਇਤੀ ਹਨ, ਨੇ ਹਾਲ ਹੀ ਵਿੱਚ ਵੈਨਕੂਵਰ ਅਧਾਰਿਤ ਪੰਜਾਬੀ ਰੇਡੀਓ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਖਾਲਿਸਤਾਨੀ ਤਾਕਤਾਂ ਵੱਲੋਂ ਕੀਤੀ ਖਾਲਿਸਤਾਨ ਦੀ ਮੰਗ ਦਾ ਸਵਾਗਤ ਕੀਤਾ ਸੀ। ਉਹਨਾਂ ਦਾ ਕਹਿਣਾ ਹੈ ਕਿ ਰੈਫੰਡਰਮ ਕਾਨੂੰਨੀ ਤੇ ਜਮਹੂਰੀ ਹਕ ਹੈ। ਕੈਨੇਡਾ ਇਸ ਨੂੰ ਕਿਵੇਂ ਰੋਕ ਸਕਦਾ ਹੈ। ਭਾਰਤ ਸਰਕਾਰ ਜਗਮੀਤ ਸਿੰਘ ਦੇ ਬਿਆਨ ਤੋਂ ਔਖੀ ਮਹਿਸੂਸ ਕਰ ਰਹੀ ਹੈ। ਸਮਸਿਆ ਇਹ ਕਿ ਭਾਰਤ ਲਈ ਇਹ ਸਥਿਤੀ ਕਦੇ ਪੈਦਾ ਨਹੀਂ ਹੋਣੀ ਸੀ ਕਿ ਜੇਕਰ ਸਿਖਾਂ ਨਾਲ ਕੀਤੇ ਵਾਅਦੇ ਨਿਭਾਏ ਹੁੰਦੇ ਤੇ ਪੰਜਾਬ ਨਾਲ ਇਨਸਾਫ਼ ਕੀਤਾ ਹੁੰਦਾ।

## ਰੇਲਵੇ ਨੇ ਹਨੂੰਮਾਨ ਜੀ ਨੂੰ ਮੰਦਰ ਖ਼ਾਲੀ ਕਰਨ ਦਾ ਭੇਜਿਆ ਨੋਟਿਸ ! 10 ਦਿਨ ਦਾ ਸਮਾਂ



ਧਨਬਾਦ: ਇਨ੍ਹੀਂ ਦਿਨੀਂ ਰੇਲਵੇ, ਨਗਰ ਨਿਗਮ ਜ਼ਿਲ੍ਹੇ ਵਿੱਚ ਕਬਜ਼ਿਆਂ ਖ਼ਿਲਾਫ਼ ਮੁਹਿੰਮ ਚਲਾ ਰਿਹਾ ਹੈ। ਇੱਕ ਪਾਸੇ ਤਾਂ ਨਿਗਮ ਪ੍ਰਸ਼ਾਸਨ ਬੁਲਡੋਜ਼ਰ ਚਲਾ ਕੇ ਨਜਾਇਜ਼ ਦੁਕਾਨਾਂ, ਮਕਾਨਾਂ ਨੂੰ ਨਸ਼ਟ ਕਰ ਰਿਹਾ ਹੈ, ਨਜਾਇਜ਼ ਕਬਜ਼ਿਆਂ ਨੂੰ ਸੀਲ ਕਰ ਰਿਹਾ ਹੈ ਅਤੇ ਦੂਜੇ ਪਾਸੇ ਰੇਲਵੇ ਪ੍ਰਸ਼ਾਸਨ ਕਬਜ਼ਿਆਂ ਨੂੰ ਖ਼ਾਲੀ ਕਰਵਾਉਣ ਲਈ ਨਿਗਮ ਤੋਂ ਇੱਕ ਕਦਮ ਅੱਗੇ ਜਾ ਰਿਹਾ ਹੈ।

ਰੇਲਵੇ ਪ੍ਰਸ਼ਾਸਨ ਰੇਲਵੇ ਦੀ ਜ਼ਮੀਨ 'ਤੇ ਰਹਿਣ ਵਾਲੇ ਲੋਕਾਂ ਦੇ ਘਰਾਂ ਦੇ ਨਾਲ-ਨਾਲ ਮੰਦਰਾਂ ਵਿਚ ਵੀ ਨੋਟਿਸ ਚਿਪਕਾ ਰਿਹਾ ਹੈ। ਹੁਣ ਮੰਦਰਵਿਚ ਰਹਿਣ ਵਾਲੇ ਭਗਵਾਨ ਇਸ ਦੇ ਖ਼ਿਲਾਫ਼ ਆਉਣਗੇ ਜਾਂ ਉਸ ਨੋਟਿਸ ਨੂੰ ਲੈ ਕੇ ਫ਼ਰਿਆਦ ਕਰਨਗੇ, ਇਹ ਵੱਡਾ ਸਵਾਲ ਹੈ।

ਧਨਬਾਦ ਰੇਲਵੇ ਇਨ੍ਹੀਂ ਦਿਨੀਂ ਕੋਲਾ ਖੇਤਰ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਰੇਲਵੇ ਨੇ ਆਪਣੀ ਜ਼ਮੀਨ 'ਤੇ ਬਣੇ ਹਨੂੰਮਾਨ ਮੰਦਰ ਨੂੰ ਕਬਜ਼ੇ ਤੋਂ ਮੁਕਤ ਕਰਵਾਉਣ ਲਈ ਮੰਦਰ 'ਤੇ ਨੋਟਿਸ ਚਿਪਕਾਇਆ ਹੈ। ਇਸ ਨੋਟਿਸ ਤੋਂ ਬਾਅਦ ਆਲੇ-ਦੁਆਲੇ ਦੇ ਲੋਕਾਂ ਵਿਚ ਰੇਲਵੇ ਪ੍ਰਤੀ ਨਾਰਾਜ਼ਗੀ ਦੇਖਣ ਨੂੰ ਮਿਲ ਰਹੀ ਹੈ। ਕਿਹਾ ਗਿਆ ਹੈ ਕਿ ਮੰਦਰ ਬਣਾ ਕੇ ਰੇਲਵੇ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਹੈ।ਨੋਟਿਸ ਵਿੱਚ ਅੱਗੇ ਲਿਖਿਆ ਗਿਆ ਹੈ ਕਿ 10 ਦਿਨਾਂ ਦੇ ਅੰਦਰ ਅੰਦਰ ਇਹ ਜ਼ਮੀਨ ਖ਼ਾਲੀ ਕਰਕੇ ਸੀਨੀਅਰ ਸੈਕਸ਼ਨ ਇੰਜੀਨੀਅਰ ਨੂੰ ਸੌਂਪ ਦਿੱਤੀ ਜਾਵੇ। ਅਜਿਹਾ ਨਾ ਕਰਨ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਨੋਟਿਸ ਤੋਂ ਬਾਅਦ ਆਸ-ਪਾਸ ਰਹਿਣ ਵਾਲੇ ਲੋਕਾਂ ਵਿਚ ਰੇਲਵੇ ਪ੍ਰਤੀ ਨਾਰਾਜ਼ਗੀ ਹੈ। ਲੋਕ ਵਿਰੋਧ ਵਿਚ ਉਤਰ ਆਏ ਹਨ। ਲੋਕ ਕਹਿੰਦੇ ਹਨ ਕਿ ਸਾਡੀਆਂ ਸੱਤ ਪੀੜ੍ਹੀਆਂ ਨੇ ਮੰਦਰ ਵਿੱਚ ਹਨੂੰਮਾਨ ਜੀ ਦੀ ਪੂਜਾ ਕੀਤੀ ਹੈ। ਅਸੀਂ ਸਾਰੇ 1931 ਤੋਂ ਇੱਥੇ ਰਹਿ ਰਹੇ ਹਾਂ। ਹੁਣ ਰੇਲਵੇ ਮੰਦਰ ਨੂੰ ਹਟਾਉਣ ਲਈ ਦਬਾਅ ਪਾ ਰਿਹਾ ਹੈ।

## ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਦਰਬਾਰ ਸਾਹਿਬ ਵਿਖੇ ਮਨਾਇਆ

### ਸੁੰਦਰ ਜਲੌਅ, ਦੀਪਮਾਲਾ ਤੇ ਆਤਿਸ਼ਬਾਜ਼ੀ ਬਣੇ ਖਿੱਚ ਦਾ ਕੇਂਦਰ

ਅੰਮ੍ਰਿਤਸਰ - ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਅਥਾਹ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਦਰਬਾਰ ਸਾਹਿਬ ਦੀ ਪਰਿਕਰਮਾ ਸਮੇਤ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਹਰ ਪਾਸੇ ਸੰਗਤ ਦਾ ਸੈਲਾਬ ਨਜ਼ਰ ਆ ਰਿਹਾ ਸੀ । ਤੇ ਪਰਿਕਰਮਾ ਵਿਚ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ ।ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁ: ਬਾਬਾ ਅਟੱਲ ਰਾਇ ਜੀ ਵਿਖੇ ਸੁੰਦਰ ਜਲੌਅ ਸਜਾਏ ਗਏ, ਜਿਸ ਵਿਚ ਪ੍ਰਦਰਸ਼ਿਤ ਕੀਤੀਆਂ ਗੁਰੂ ਘਰ ਦੇ ਤੋਸ਼ਾਖਾਨੇ ਦੀਆਂ ਇਤਿਹਾਸਕ ਤੇ ਬੇਸ਼ਕੀਮਤੀ ਵਸਤੂਆਂ ਅਤੇ ਮੁੰਬਈ ਦੀ ਸੰਗਤ ਵੱਲੋਂ ਕੀਤੀ ਫੁੱਲਾਂ ਦੀ ਸਜਾਵਟ ਖਿੱਚ ਦਾ ਕੇਂਦਰ ਰਹੇ ।ਸ਼੍ਰੋਮਣੀ ਕਮੇਟੀ ਤੇ ਕਈ ਧਾਰਮਿਕ ਸਭਾ ਸੁਸਾਇਟੀਆਂ ਤੇ ਸੰਤਾਂ ਮਹਾਂਪੁਰਖਾਂ ਵੱਲੋਂ ਸੰਗਤ ਲਈ ਵੱਖ-ਵੱਖ ਪਦਾਰਥਾਂ ਦੇ ਅਤੁੱਟ ਲੰਗਰ ਵਰਤਾਏ ਗਏ । ਸ਼ਾਮ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸ਼ਾਨਦਾਰ ਦੀਪਮਾਲਾ ਅਤੇ ਆਤਿਸ਼ਬਾਜ਼ੀ ਚਲਾਈ ਗਈ। ਇਸ ਤੋਂ ਪਹਿਲਾਂ ਪ੍ਰਕਾਸ਼ ਪੁਰਬ ਸੰਬੰਧੀ ਸਵੇਰੇ ਗੁ: ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਪੰਥ ਪ੍ਰਸਿੱਧ ਹਜ਼ੂਰੀ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸ਼ਬਦ ਕੀਰਤਨ ਤੇ ਗੁਰੂ ਜੱਸ ਨਾਲ ਨਿਹਾਲ ਕੀਤਾ । ਇਸ ਮੌਕੇ ਪੰਥ ਪ੍ਰਸਿੱਧ ਵਿਦਵਾਨ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ, ਗੁਰਬਾਣੀ ਤੇ ਸਿੱਖਿਆਵਾਂ ਸੰਬੰਧੀ ਸੰਗਤ ਨੂੰ ਕਥਾ ਸਰਵਣ ਕਰਵਾਈ।



ਸ਼ਾਮ ਨੂੰ ਜਿੱਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਆਧੁਨਿਕ ਬਿਜਲਈ ਦੀਪਮਾਲਾ ਕੀਤੀ ਗਈ, ਉੱਥੇ ਦੇਸੀ ਘਿਓ ਦੇ ਦੀਵੇ, ਮੋਮਬਤੀਆਂ ਆਦਿ ਨਾਲ ਸਰੋਵਰ ਕਿਨਾਰੇ ਰਵਾਇਤੀ ਦੀਪਮਾਲਾ ਵੀ ਕੀਤੀ ਗਈ ਅਤੇ ਆਤਿਸ਼ਬਾਜ਼ੀ ਕੀਤੀ, ਜੋ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀ ਸੀ।

ਲੰਗਰ ਗੁਰੂ ਰਾਮਦਾਸ ਜੀ ਵਿਖੇ ਵਿਸ਼ੇਸ਼ ਤਰ੍ਹਾਂ ਦੇ ਪਕਵਾਨ ਤਿਆਰ ਕਰਕੇ ਛਕਾਏ ਗਏ ।ਮੈਨੇਜਰ ਸੁਲੱਖਣ ਸਿੰਘ ਭੰਗਾਲੀ ਤੇ ਮੈਨੇਜਰ (ਲੰਗਰ) ਸੁਖਰਾਜ ਸਿੰਘ ਨੇ ਦੱਸਿਆ ਕਿ 300 ਕੁਇੰਟਲ ਦੇ ਕਰੀਬ ਲੱਡੂ ਤਿਆਰ ਕਰਵਾਏ ਗਏ ਹਨ, ਜੋ ਬੀਤੀ 9 ਅਕਤੂਬਰ ਤੋਂ ਲੈ ਕੇ 12 ਅਕਤੂਬਰ ਤੱਕ ਸੰਗਤ ਨੂੰ ਛਕਾਏ ਜਾ ਰਹੇ ਹਨ ॥ਉਨ੍ਹਾਂ ਦੱਸਿਆ ਕਿ ਅੱਜ ਲੰਗਰ ਵਿਚ ਕਰੀਬ 30 ਕੁਇੰਟਲ ਚਾਵਲ, 25 ਕੁਇੰਟਲ ਦਾਲ, 150 ਕੁਇੰਟਲ ਆਟਾ, ਖੰਡ 40 ਕੁਇੰਟਲ, ਦੁੱਧ 10 ਕੁਇੰਟਲ, ਖੀਰ 25 ਕੁਇੰਟਲ, ਪਨੀਰ 10 ਕੁਇੰਟਲ, ਮਟਰਦਾਣਾ 7 ਕੁਇੰਟਲ, ਦੇਸੀ ਘਿਉ 20 ਕੁਇੰਟਲ, ਗੈਸ ਸਿਲੰਡਰ 200, ਸੇਬ, ਕੀਵੀ, ਪਪੀਤਾ ਦੇ ਸੀਤਾਫਲ ਦੇ ਕਰੀਬ 500 ਕੁਇੰਟਲ ਪੈਕਟਾਂ ਤੋਂ ਇਲਾਵਾ ਲੱਡੂ, ਜਲੇਬੀਆਂ, ਪੁੜੀ ਛੋਲੇ ਤੇ ਹੋਰ ਵੱਖ-ਵੱਖ ਤਰ੍ਹਾਂ ਦੇ ਪਕਵਾਨ 24 ਘੰਟੇ ਤਿਆਰ ਕਰਕੇ ਵਰਤਾਏ ਗਏ ਹਨ ।

ਪ੍ਰਧਾਨ ਮੰਤਰੀ ਮੋਦੀ ਵੱਲੋਂ ਪ੍ਰਕਾਸ਼ ਪੁਰਬ ਦੀ ਵਧਾਈ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਧਾਈ ਦਿੰਦਿਆਂ ਗੁਰੂ ਜੀ ਵੱਲੋਂ ਸੇਵਾ ਤੇ ਦਇਆ 'ਤੇ ਜ਼ੋਰ ਦੇ ਕੇ ਸਿੱਖ ਇਤਿਹਾਸ ਤੇ ਸਭਿਆਚਾਰ ਵਿਚ ਅਮਿੱਟ ਯੋਗਦਾਨ ਪਾਉਣ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਕੀਤੇ ਟਵੀਟ ਵਿਚ ਲਿਖਿਆ ਕਿ ਸਿੱਖ ਧਰਮ ਦੇ 10 ਗੁਰੂਆਂ 'ਚੋਂ ਚੌਥੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁੱਭ ਮੌਕੇ 'ਤੇ ਉਨ੍ਹਾਂ ਨੂੰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਸੇਵਾ ਤੇ ਦਇਆ 'ਤੇ ਜ਼ੋਰ ਦੇ ਕੇ ਸਿੱਖ ਇਤਿਹਾਸ ਤੇ ਸਭਿਆਚਾਰ ਵਿਚ ਅਮਿੱਟ ਯੋਗਦਾਨ ਪਾਇਆ ਹੈ ।ਉਨ੍ਹਾਂ ਅੱਗੇ ਲਿਖਿਆ ਕਿ ਗੁਰੂ ਰਾਮਦਾਸ ਜੀ ਦੀ ਬਾਣੀ ਵਿਚੋਂ ਸ਼ਰਧਾ ਤੇ ਭਗਤੀ ਦੀ ਸ਼ੁੱਧ ਭਾਵਨਾ ਝਲਕਦੀ ਹੈ ।

**ਵਿਚਾਰ ਆਪੋ ਆਪਣਾ**

**ਬੁੱਧ ਸਿੰਘ ਨੀਲੋਂ**

"ਕੁੱਝ ਦਿਨਾਂ ਤੋਂ ਸਾਡੇ ਇਲਾਕੇ ਵਿੱਚ ਪਿੰਡਾਂ ਦੀਆਂ ਗੁੱਗਾ ਮਾੜੀਆਂ 'ਤੇ ਮੇਲੇ ਲੱਗ ਰਹੇ ਹਨ ਤੇ ਛਿੰਵਾਂ ਭਰ ਰਹੀਆਂ ਹਨ। ਅਸੀਂ ਉਚੇਚੇ ਤੌਰ 'ਤੇ ਇਨ੍ਹਾਂ ਮੇਲਿਆਂ ਦਾ ਸਰਵੇਖਣ ਕੀਤਾ ਹੈ। ਮੇਲਿਆਂ ਵਿਚ ਪੰਜਾਬੀਆਂ ਤੇ ਸਿੱਖਾਂ ਦੀ ਹਾਜ਼ਰੀ ਪੋਟਿਆਂ ਤੇ ਗਿਣੀ ਜਾਣ ਜੋਗੀ ਹੀ ਰਹਿ ਗਈ ਹੈ। ਮੇਲਿਆਂ 'ਚ ਦੁਕਾਨਾਂ ਲਾਉਣ ਵਾਲ਼ੇ ਤੇ ਉਨ੍ਹਾਂ ਤੋਂ ਸੌਦਾ ਸੂਤ ਖਰੀਦਣ ਵਾਲ਼ੇ ਸਭ ਘੋਨ ਮੋਨ ਤੇ ਓਪਰੇ ਸਭਿਆਚਾਰ ਵਾਲ਼ੇ ਨਜ਼ਰ ਆ ਰਹੇ ਸਨ।"



# ਪੇਂਡੂ ਮੇਲਿਆਂ 'ਚੋਂ ਪੰਜਾਬੀ ਹੋਏ ਗ਼ਾਇਬ

ਪਿੰਡਾਂ ਤੇ ਸ਼ਹਿਰਾਂ ਵਿੱਚੋਂ ਪੰਜਾਬੀਆਂ ਅਤੇ ਖ਼ਾਸਕਰ ਸਿੱਖਾਂ ਦੇ ਵੱਡੀ ਗਿਣਤੀ ਵਿੱਚ ਗਾਇਬ ਹੋਣ ਤੋਂ ਬਾਅਦ ਉਵੇਂ ਹੀ ਲਗਦਾ ਹੈ ਜਿਵੇਂ ਘਰ ਦੇ ਕਿਸੇ ਜੀਅ ਨੂੰ ਘਰੋਂ ਬੇਦਖਲ ਕਰਨ ਤੋਂ ਬਾਅਦ ਵਿਹੜਾ ਕੁਝ ਖਾਲੀ ਖਾਲੀ ਜਿਹਾ ਲੱਗਣ ਲਗਦਾ ਹੈ। ਰਾਸ਼ਟਰਵਾਦ ਦੇ ਹਮਾਇਤੀ ਬਹੁਗਿਣਤੀ ਲੋਕਾਂ ਨੂੰ ਸ਼ਾਇਦ ਇਹ ਗੱਲ ਹਾਸੋਹੀਣੀ ਹੀ ਲੱਗੇਗੀ ਪਰ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪੰਜਾਬ ਵਿੱਚ ਸਮੇਂ ਸਮੇਂ ਤੇ ਬਣੀਆਂ ਸਰਕਾਰਾਂ ਨੇ ਕਦੇ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ ਤੇ ਨਾ ਪੰਜਾਬੀਆਂ ਨੂੰ ਕਦੇ ਇਲਮ ਹੋਇਆ ਹੈ ਕਿ ਇੱਕ ਡੂੰਘੀ ਸਾਜ਼ਿਸ਼ ਤਹਿਤ ਉਨ੍ਹਾਂ ਦੀ ਘੇਰਾਬੰਦੀ ਕੀਤੀ ਜਾ ਰਹੀ ਹੈ ਤੇ ਸੂਬੇ ਦੀ ਆਬਾਦੀ ਦਾ ਤਵਾਜ਼ਨ ਵਿਗਾੜਿਆ ਜਾ ਰਿਹਾ ਹੈ। ਹੁਣ ਜਦੋਂ ਲੱਖਾਂ ਹੀ ਲੋਕ ਸਿੱਖ ਧਰਮ ਨੂੰ ਬੇਦਾਵਾ ਦੇ ਕੇ ਈਸਾਈ ਬਣ ਰਹੇ ਹਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਕਰਤਿਆਂ ਧਰਤਿਆਂ ਤੇ ਅਕਾਲ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਨੂੰ ਵੀ ਹੱਥਾਂ ਪੈਰਾਂ ਦੀ ਪੈ ਗਈ ਹੈ। ਉਹ ਹਨ੍ਹੇਰੇ ਵਿੱਚ ਹੱਥ ਪੈਰ ਮਾਰਦੇ ਪ੍ਰਤੀਤ ਹੋ ਰਹੇ ਹਨ। ਉਨ੍ਹਾਂ ਨੇ ਕੁੱਝ ਸਿੱਖ ਤੇ ਨਿਹੰਗ ਜੱਥੇਬੰਦੀਆਂ ਨੂੰ ਮੂਹਰੇ ਲਾ ਕੇ ਈਸਾਈ ਬਣੇ ਲੋਕਾਂ ਨੂੰ ਮੁੜ ਸਿੱਖ ਪੰਥ ਵਿੱਚ ਮੋੜ ਲਿਆਉਣ ਲਈ ਹਥਿਆਰਬੰਦ ਹੋ ਕੇ ਬਹੁੜਨ ਲਈ ਪ੍ਰੇਰਿਆ ਹੈ। ਇਹ ਕੇਹੀ ਹਾਸੋਹੀਣੀ, ਬੇਤੁਕੀ ਤੇ ਘਟੀਆ ਗੱਲ ਹੈ ਕਿ ਇੱਕ ਜ਼ੁੰਮੇਵਾਰ ਸ਼ਖ਼ਸ ਇਹ ਕਹਿ ਰਿਹਾ ਹੈ ਕਿ ਈਸਾਈਆਂ ਦੀ ਧਰਮ ਚਰਚਾ ਰੋਕ ਦਿਓ। ਵਾਹ ਜੱਥੇਦਾਰ ਜੀ ਵਾਹ! ਨਹੀਂ ਰੀਸਾਂ! ਪਿਛਲੇ ਦਿਨੀਂ ਜੋ ਕੁਝ ਮਾਝੇ ਵਿੱਚ ਵਾਪਰਿਆ ਹੈ, ਉਹ ਬਹੁਤ ਹੀ ਨਿੰਦਣਯੋਗ ਹੈ। ਧਰਮ ਹਰ ਇਕ ਦਾ ਨਿੱਜੀ ਮਸਲਾ ਹੈ। ਕਿਸੇ ਨੂੰ ਧੱਕੇ ਨਾਲ਼ ਨਹੀਂ ਮਨਾਇਆ ਜਾ ਸਕਦਾ। ਇਤਿਹਾਸ ਗਵਾਹ ਹੈ ਕਿ ਜਦੋਂ ਔਰੰਗਜ਼ੇਬ ਨੇ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ਼ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਤਿੰਨ ਅੰਨਿਨ ਸਿੱਖਾਂ ਸਮੇਤ ਦਿੱਲੀ ਦੇ ਚਾਂਦਨੀ ਚੌਕ ਵਿੱਚ ਸੀਸ ਕਟਵਾ ਲਿਆ ਸੀ ਪਰ ਮੁਗਲ ਹਕੂਮਤ ਦੀ ਧੱਕੇਸ਼ਾਹੀ ਪ੍ਰਵਾਨ ਨਹੀਂ ਕੀਤੀ ਸੀ।

ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲ਼ਿਆਂ ਨੇ ਸੋਟਾ ਆਪਣੀ ਪੀੜ੍ਹੀ ਹੇਠਾਂ ਫੇਰਨ ਦੀ ਬਜਾਏ ਉਨ੍ਹਾਂ ਗਰੀਬਾਂ ਉਪਰ ਫੇਰਨਾ ਸ਼ੁਰੂ ਕਰ ਦਿੱਤਾ ਹੈ ਜਿਨ੍ਹਾਂ ਨੂੰ ਅੱਧੀ ਸਦੀ ਤੋਂ ਪਿੰਡਾਂ ਦੇ ਗੁਰਦੁਆਰਿਆਂ ਵਿੱਚੋਂ ਬਾਹੋਂ ਫੜ ਫੜ ਬਾਹਰ ਕੱਢਿਆ ਜਾਂਦਾ ਸੀ। ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਾਤਾਂ ਗੋਤਾਂ ਦੇ ਨਾਮ ਤੇ ਗੁਰਦੁਆਰੇ ਬਣੇ ਹੋਏ ਹਨ। ਸ਼ਮਸ਼ਾਨਘਾਟ ਤਾਂ ਹਰ ਪਿੰਡ ਵਿੱਚ ਪਹਿਲਾਂ ਤੋਂ ਹੀ ਵੱਖੋ ਵੱਖ ਹਨ। ਪੰਜਾਬ ਦੇ ਕਈ ਪਿੰਡਾਂ ਦੇ ਗੁਰਦੁਆਰਿਆਂ ਅਤੇ ਡੇਰਿਆਂ ਨੇ ਵੱਖ-ਵੱਖ ਜਾਤਾਂ ਲਈ ਭਾਂਡੇ ਵੀ ਵੱਖਰੇ ਬਣਾਏ ਹੋਏ ਹਨ।ਗੁਰੂ ਨਾਨਕ ਪਾਤਸ਼ਾਹ ਜੀ ਨੇ ਚਾਰ ਉਦਾਸੀਆਂ ਕਰਕੇ ਮੁਲਤਾਨ ਤੋਂ ਬੰਗਾਲ ਤੇ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਦੇ ਸਮਾਜਵਾਦੀ ਤੇ ਇਨਕਲਾਬੀ ਮਹਾਂਪੁਰਖਾਂ ਦੀ ਬਾਣੀ ਇਕੱਤਰ ਕੀਤੀ ਜਿਸਨੂੰ ਉਨ੍ਹਾਂ ਤੋਂ ਬਾਅਦ ਇਕ ਥਾਲ਼ ਵਿੱਚ ਸਜਾ ਕੇ ਦੁਨੀਆਂ ਭਰ ਦੇ ਲੋਕਾਂ ਅੱਗੇ ਪਰੋਸ ਦਿੱਤਾ ਗਿਆ। ਗੁਰੂ ਗ੍ਰੰਥ ਸਾਹਿਬ ਰੂਪੀ ਇਸ ਥਾਲ਼ ਰਾਹੀਂ ਪਖੰਡੀ ਪੁਜਾਰੀਆਂ ਦੇ ਜਾਲ਼ ਵਿੱਚ ਫਸੇ ਲੋਕਾਂ ਨੂੰ ਕੁਦਰਤੀ ਵਿਧਾਨ ਅਧੀਨ ਬਣੇ ਆਦਿ ਜੁਗਾਦੀ ਸੱਚ ਧਰਮ ਨਾਲ਼ ਜੋੜਿਆ ਗਿਆ। ਉਨ੍ਹਾਂ ਸਮਿਆਂ ਵਿੱਚ ਤਾਂ ਆਵਾਜਾਈ ਦਾ ਕੋਈ ਸਾਧਨ ਵੀ ਨਹੀਂ ਸੀ ਤੇ ਗੁਰੂ ਜੀ ਨੇ ਮਨੁੱਖਤਾ ਦੇ ਭਲੇ ਲਈ ਪੱਚੀ ਸਾਲਾਂ ਦੌਰਾਨ ਪੈਂਤੀ ਹਜ਼ਾਰ ਮੀਲਾਂ ਦਾ ਸਫ਼ਰ ਪੈਦਲ ਹੀ ਤੈਅ ਕੀਤਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਦੇ ਚਲਾਏ ਸੱਚ ਧਰਮ ਦੀ ਰਾਖੀ ਕਰਦਿਆਂ ਭਾਵੇਂ ਆਪਣਾ ਸਾਰਾ ਪਰਿਵਾਰ ਵਾਰਨਾ ਪੈ ਗਿਆ ਪਰ ਉਨ੍ਹਾਂ ਨੇ ਸਮੇਂ ਦੀ ਹਕੂਮਤ ਦੀ ਈਨ ਨਾ ਮੰਨੀ।

ਹੁਣ ਸ਼੍ਰੋਮਣੀ ਕਮੇਟੀ ਕੋਲ਼ ਘਾਟਾ ਕਿਸ ਗੱਲ ਦਾ ਹੈ? ਅਰਬਾਂ ਦਾ ਸਲਾਨਾ ਬੱਜਟ ਹੈ। ਬਾਹਰ ਅੰਦਰ ਆਉਣ ਜਾਣ ਲਈ ਹਰ ਤਰ੍ਹਾਂ ਦੇ ਸਾਧਨ ਹਨ। ਲੰਗਰ ਛਕਣ ਤੇ ਛਕਾਉਣ ਵਾਲ਼ਿਆਂ ਦੀ ਵੱਡੀ ਫੌਜ ਹੈ। ਉਹ ਫੌਜ ਜੋ ਆਪਣਿਆਂ ਨੂੰ ਹੀ ਕੁੱਟਣ ਮਾਰਨ ਤੇ ਛੇਕਣ ਛੇਕਾਉਣ ਲਈ ਹਰ ਵੇਲ਼ੇ ਤਿਆਰ ਬਰ ਤਿਆਰ ਰਹਿੰਦੀ ਹੈ। ਪਿਛਲੇ ਤੀਹ ਸਾਲਾਂ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਵਿਹੜੇ ਅੰਦਰ ਸਿੱਖਾਂ ਨੇ ਕਈ ਵਾਰ ਆਪਸ ਵਿੱਚ ਤਲਵਾਰਬਾਜ਼ੀ ਕੀਤੀ ਹੈ ਤੇ ਡਾਂਗ ਸੋਟਾ ਵੀ ਖੜਕਾਇਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਗੱਲ ਦਾ ਜਵਾਬ ਸਿੱਖ ਸੰਗਤਾਂ ਨੂੰ ਕਦੋਂ ਦੇਵੇਗੀ ਕਿ ਅਰਬਾਂ ਦੇ ਬਜਟ ਨਾਲ਼ ਹੁਣ ਤੱਕ ਕੌਮ ਦਾ ਕੀ ਕੁਝ ਸਵਾਰਿਆ ਗਿਆ ਹੈ ?ਸ਼੍ਰੋਮਣੀ ਕਮੇਟੀ ਕੋਲ਼ ਹਰ ਗੱਲ ਦਾ ਘੜਿਆ ਘੜਾਇਆ ਜਵਾਬ ਮੌਜੂਦ ਹੈ ਕਿ ਉਨ੍ਹਾਂ ਨੇ ਪੁਰਾਤਨ ਗੁਰਦੁਆਰਿਆਂ ਦੀਆਂ ਕੱਚੀਆਂ ਪਿੱਲੀਆਂ ਇਮਾਰਤਾਂ ਢਾਹ ਕੇ ਨਵੀਆਂ ਉਸਾਰ ਦਿੱਤੀਆਂ ਹਨ ਤੇ ਅੰਦਰ ਬਾਹਰ ਚੁਫੇਰੇ ਪੱਕੇ ਫਰਸ਼ਾਂ ਉਪਰ ਸੰਗਮਰਮਰ ਲਗਾ ਦਿੱਤਾ ਹੈ ਜਦੋਂਕਿ ਅਸਲ ਵਿੱਚ ਕਾਰ ਸੇਵਾ ਦੇ ਨਾਂ ਤੇ ਆਮ ਲੋਕਾਂ ਹੱਥੋਂ ਇਤਿਹਾਸਕ ਯਾਦਗਾਰਾਂ ਦਾ ਹਮੇਸ਼ਾ ਲਈ ਭੋਗ



ਪਵਾਇਆ ਹੈ। ਵੱਡੀਆਂ ਤੇ ਮਹਿੰਗੀਆਂ ਗੱਡੀਆਂ ਖਰੀਦੀਆਂ ਹਨ ਤੇ ਦੇਸ਼ਾਂ ਵਿਦੇਸ਼ਾਂ ਦੀ ਸੈਰ ਕੀਤੀ ਹੈ। ਉਹ ਧਾਰਮਿਕ ਲਿਟਰੇਚਰ ਛਾਪ ਛਾਪ ਕੇ ਧਰਮ ਦਾ ਦੂਰ ਦੂਰ ਤੱਕ ਪ੍ਰਚਾਰ ਕਰਨ ਅਤੇ ਲੱਖਾਂ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲ਼ੇ ਬਣਾਉਣ ਦੇ ਦਾਅਵੇ ਵੀ ਪੇਸ਼ ਕਰਦੇ ਰਹਿੰਦੇ ਹਨ ਵਗੈਰਾ ਵਗੈਰਾ...।

ਪਰ ਸੱਚ ਤੋਂ ਮੁਨਕਰ ਹੋਣਾ ਔਖਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਸਿੱਖੀ ਦੇ ਪ੍ਰਚਾਰ ਤੇ ਪਸਾਰ ਦੇ ਨਤੀਜੇ ਪਿਛਲੇ ਵੀਹ ਸਾਲਾਂ ਤੋਂ ਸਾਹਮਣੇ ਆਉਣੇ ਸ਼ੁਰੂ ਹੋਏ ਹਨ। ਪੰਜਾਬ ਵਿੱਚ ਪਖੰਡੀ ਸਾਧਾਂ ਦੇ ਹਜ਼ਾਰਾਂ ਡੇਰੇ ਖੁੱਲ੍ਹ ਗਏ ਹਨ। ਲੱਖਾਂ ਸਿੱਖ ਪਹਿਲਾਂ ਸੌਦਾ ਸਾਧ ਦੇ ਪ੍ਰੇਮੀ ਬਣੇ ਤੇ ਹੁਣ ਈਸਾਈ ਬਣ ਰਹੇ ਹਨ। ਉਹ ਸਿੱਖ ਗੁਰੂ ਨਾਨਕ ਪਾਤਸ਼ਾਹ ਜੀ ਦੀ ਲਿਖੀ ਤੇ ਇਕੱਠੀ ਕੀਤੀ ਮਾਖਿਓ ਮਿੱਠੀ ਸਰਬ ਸਾਂਝੀ ਗੁਰਬਾਣੀ ਨੂੰ ਛੱਡ ਕੇ ਸਾਧਾਂ ਦੀ ਮਹਿਮਾ ਮੰਡਨ ਕਰਨ ਵਾਲ਼ਾ ਭਜਨ ਕੀਰਤਨ ਸੁਣਨ ਡੇਰਿਆਂ ਵੱਲ ਕਿਉਂ ਜਾ ਰਹੇ ਹਨ? ਕੀ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਜਾਂ ਪੰਥ ਦੇ ਨਾਂ ਤੇ ਲੁੱਟਮਾਰ ਕਰਨ ਵਾਲ਼ੀਆਂ ਅਣਗਿਣਤ ਜਥੇਬੰਦੀਆਂ ਨੇ ਆਪਣੇ ਗੁਰੂ ਨੂੰ ਹਾਜ਼ਰ ਨਾਜ਼ਰ ਜਾਣਕੇ ਇਸ ਭਗੌੜੇਪਨ ਪਿੱਛੇ ਵਰਤ ਰਹੇ ਵਰਤਾਰੇ ਦੀ ਕੋਈ ਮਨੋਵਿਗਿਆਨਕ ਖੋਜ ਕਰਵਾਈ ਹੈ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਅਧੀਨ ਆਉਂਦੇ ਇਤਹਾਸਕ ਗੁਰਦੁਆਰਿਆਂ ਤੇ ਜੱਟ ਬਰਾਦਰੀ ਦਾ ਕਬਜ਼ਾ ਹੋਣ ਤੋਂ ਬਾਅਦ ਉਹਨਾਂ ਵਿੱਚੋਂ ਬਹੁਤਿਆਂ 'ਚ ਮਨੂੰਵਾਦੀ ਵਿਚਾਰਧਾਰਾ ਲਾਗੂ ਹੋ ਚੁੱਕੀ ਹੈ। ਇਹ ਬੀਮਾਰੀ ਨਾਗਪੁਰ ਤੋਂ ਪ੍ਰਕਾਸ਼ ਸਿੰਘ ਬਾਦਲ ਰਾਹੀਂ ਪੰਜਾਬ ਦੇ ਗੁਰਦੁਆਰਿਆਂ ਵਿੱਚ ਅਜਿਹੀ ਫੈਲਾਈ ਗਈ ਹੈ ਕਿ ਹੁਣ ਸਿੱਖ ਹੀ ਸਿੱਖ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗ ਪਿਆ ਹੈ। ਪਿਛਲੀ ਅੱਧੀ ਸਦੀ ਦੌਰਾਨ ਬਾਦਲ ਪਰਵਾਰ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਆਪਣੀ ਕਠਪੁਤਲੀ ਕਿਵੇਂ ਬਣਾਇਆ ਹੈ, ਇਹ ਹੁਣ ਕੋਈ ਲੁਕਿਆ ਛਿਪਿਆ ਰਾਜ ਨਹੀਂ ਰਹਿ ਗਿਆ। ਨਾਗਪੁਰੀਆਂ ਦੇ ਤਨਖ਼ਾਹਦਾਰ ਪੰਜੇ ਤਖ਼ਤਾਂ ਦੇ ਜਥੇਦਾਰ ਕਿਵੇਂ ਬਾਦਲ ਦੇ ਇਸ਼ਾਰਿਆਂ ਤੇ ਨੱਚਦੇ ਰਹੇ ਤੇ ਨਾਗਪੁਰੋਂ ਟਾਈਪ ਹੋ ਕੇ ਆਏ ਹੁਕਮਨਾਮੇ ਜਾਰੀ ਕਰਦੇ ਰਹੇ ਹਨ, ਇਹ ਸਭ ਹੁਣ ਇਤਿਹਾਸ ਦਾ ਹਿੱਸਾ ਬਣ ਚੁੱਕਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜਿੰਨੀਆਂ ਬੇਅਦਬੀਆਂ ਬਾਦਲ ਹਕੂਮਤ ਦੌਰਾਨ ਕਰਵਾਈਆਂ ਗਈਆਂ ਹਨ, ਉਹ ਕੌਣ ਤੇ ਕਿਸਦੇ ਇਸ਼ਾਰੇ ਤੇ ਕਰਵਾ ਰਿਹਾ ਸੀ, ਇਹ ਵੀ ਜੱਗ ਜ਼ਾਹਰ ਹੋ ਚੁੱਕਿਆ ਹੈ। ਲੋਕ ਸਭ ਕੁਝ ਜਾਣ ਗਏ ਹਨ। ਕਈ ਝੂਠੀਆਂ ਸੱਚੀਆਂ ਜਾਂਚਾਂ ਪਹਿਲਾਂ ਹੋ ਚੁੱਕੀਆਂ ਹਨ ਤੇ ਅੱਗੋਂ ਵੀ ਹੁੰਦੀਆਂ ਰਹਿਣਗੀਆਂ। ਇਹ ਬੇਅਦਬੀਆਂ ਕੀਹਨੇ ਕਰਵਾਈਆਂ ਹਨ, ਕਿਸ ਨੂੰ ਨਹੀਂ ਪਤਾ? ਪੰਜਾਬ ਦਾ ਬੱਚਾ ਬੱਚਾ ਉਨ੍ਹਾਂ ਨੂੰ ਜਾਣਦਾ ਤੇ ਪਛਾਣਦਾ ਹੈ। ਜਿਸ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖੀ ਭੇਸ ਧਾਰਕੇ ਸਿੱਖੀ ਦੀਆਂ ਜੜ੍ਹਾਂ ਵਿੱਚ ਮੰਨੂਵਾਦ ਦਾ ਜਿਹੜਾ ਕੌੜਾ ਤੇਲ ਪਾਇਆ ਹੈ ਅਜਿਹਾ ਤਾਂ ਪਹਿਲਾਂ ਕੋਈ ਮੁਗਲ, ਅੰਗਰੇਜ਼ ਜਾਂ ਕੋਈ ਅਖੌਤੀ ਰਾਸ਼ਟਰਵਾਦੀ ਹਕੂਮਤ ਵੀ ਨਹੀਂ ਕਰ ਸਕੀ ਸੀ। ਸਿੱਖਾਂ ਦਾ ਮਾਣ ਮੱਤਾ ਇਤਿਹਾਸ ਡੇਰਿਆਂ ਵਾਲ਼ਿਆਂ ਨੇ ਰੋਲ਼ ਕੇ ਰੱਖ ਦਿੱਤਾ ਹੈ। ਇਹ ਹੀ ਮੁੱਖ ਕਾਰਨ ਹਨ ਜਿਨ੍ਹਾਂ ਕਰਕੇ ਅੱਜ ਪੰਜਾਬ ਦੇ ਪਿੰਡਾਂ ਵਿੱਚੋਂ ਪੰਜਾਬੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ।

ਕੁੱਝ ਦਿਨਾਂ ਤੋਂ ਸਾਡੇ ਇਲਾਕੇ ਵਿੱਚ ਪਿੰਡਾਂ ਦੀਆਂ ਗੁੱਗਾ ਮਾੜੀਆਂ 'ਤੇ ਮੇਲੇ ਲੱਗ ਰਹੇ ਹਨ ਤੇ ਛਿੰਵਾਂ ਭਰ ਰਹੀਆਂ ਹਨ। ਅਸੀਂ ਉਚੇਚੇ ਤੌਰ 'ਤੇ ਇਨ੍ਹਾਂ ਮੇਲਿਆਂ ਦਾ ਸਰਵੇਖਣ ਕੀਤਾ ਹੈ। ਮੇਲਿਆਂ ਵਿਚ ਪੰਜਾਬੀਆਂ ਤੇ ਸਿੱਖਾਂ ਦੀ ਹਾਜ਼ਰੀ ਪੋਟਿਆਂ ਤੇ ਗਿਣੀ ਜਾਣ ਜੋਗੀ ਹੀ ਰਹਿ ਗਈ ਹੈ। ਮੇਲਿਆਂ 'ਚ ਦੁਕਾਨਾਂ ਲਾਉਣ ਵਾਲ਼ੇ ਤੇ ਉਨ੍ਹਾਂ ਤੋਂ ਸੌਦਾ ਸੂਤ ਖਰੀਦਣ ਵਾਲ਼ੇ ਸਭ ਘੋਨ ਮੋਨ ਤੇ ਓਪਰੇ ਸਭਿਆਚਾਰ ਵਾਲ਼ੇ ਨਜ਼ਰ ਆ ਰਹੇ ਸਨ।

ਸਰਹੰਦ ਨਹਿਰ ਕਿਨਾਰੇ ਗਣੇਸ਼ ਦੀਆਂ ਮੂਰਤੀਆਂ ਜਲ ਪ੍ਰਵਾਹ ਕਰਨ ਵਾਲ਼ਿਆਂ ਨੇ ਨਹਿਰਾਂ ਭਰ ਦਿੱਤੀਆਂ ਹਨ। ਪੰਜਾਬੀ ਸਭਿਆਚਾਰ ਦਾ ਹਿੱਸਾ ਨਾ ਹੋਣ ਦੇ ਬਾਵਜੂਦ ਗਣੇਸ਼ ਪੂਜਾ ਤੇ ਛਟ ਪੂਜਾ ਤੋਂ ਬਾਅਦ ਮੂਰਤੀਆਂ ਦਾ ਬੇਤਹਾਸ਼ਾ ਵਿਸਰਜਨ ਜੀਵਨ ਦੇਣ ਵਾਲ਼ੀਆਂ ਨਹਿਰਾਂ ਵਿੱਚ ਕਰਵਾ ਕੇ ਪੰਜਾਬ ਦੀਆਂ ਹਕੂਮਤਾਂ ਨੇ ਪੌਣ ਪਾਣੀ ਸੁਰੱਖਿਆ ਵਾਲ਼ੀ ਧੰਨ ਧੰਨ ਕਰਵਾ ਦਿੱਤੀ ਹੈ।ਸਾਡੇ ਮੂਹਰੇ ਤੁਰੇ ਜਾ ਰਹੇ ਸਾਡੇ ਵਰਗੇ ਕੁਝ ਫ਼ਿਕਰਮੰਦ ਨੌਜਵਾਨਾਂ ਦੇ ਬੋਲ ਮੇਰੇ ਕੰਨਾਂ ਵਿੱਚ ਪਏ, 'ਇਸ ਵਾਰ ਮੇਲੇ ਵਿੱਚੋਂ ਪੰਜਾਬੀ ਤੇ ਸਿੱਖ ਬਿਲਕੁਲ ਗਾਇਬ ਹਨ, ਕਿੱਥੇ ਚਲੇ ਗਏ ਇਹ ਲੋਕ ?'ਸਲਵਾਰਾਂ ਦੀ ਥਾਂ ਪਲਾਜੇ ਤੇ ਸਾੜ੍ਹੀਆਂ ਅਤੇ ਸਿਰ ਤੇ ਸੰਧੂਰ ਪਾਉਣ ਵਾਲ਼ੀਆਂ ਬੀਬੀਆਂ ਦੀ ਹੀ ਭੀੜ ਸੀ। ਮੈਂ ਮੇਲੇ ਵਿੱਚ ਗੁਆਚੇ ਡੌਰ ਭੌਰ ਬਾਲ ਵਾਂਗੂੰ ਕਿਸੇ ਪੰਜਾਬੀ ਤੇ ਸਿੱਖ ਨੂੰ ਲੱਭ ਰਿਹਾ ਸੀ।ਪੰਜਾਬੀ ਸੱਭਿਆਚਾਰਕ ਰੰਗ ਤਮਾਸ਼ਿਆਂ ਵਿੱਚ ਓਪਰੀਆਂ ਰਹੁ ਰੀਤਾਂ ਦੀ ਮਿਲਾਵਟ ਕਰਕੇ ਪੰਜਾਬ ਦੇ ਮੇਲਿਆਂ ਵਿੱਚੋਂ ਪੰਜਾਬੀਅਤ ਨੂੰ ਖ਼ਾਰਿਜ਼ ਕਰਵਾਉਣ ਲਈ ਕੌਣ ਜਿੰਮੇਵਾਰ ਹੈ? ਪੰਜਾਬ ਦੇ ਰੰਗਲੇ ਸਭਿਆਚਾਰ ਨੂੰ ਆਪਣੇ ਹੱਥੀਂ ਦੂਜਿਆਂ ਦੇ ਹੱਥ ਫੜਾਉਣ ਲਈ ਕੌਣ ਜ਼ਿੰਮੇਵਾਰ ਹੈ?



ਕਲਮਾਂ ਦੇ ਜਜ਼ਬਾਤ

# ਖ਼ਾਲਸਾਈ ਜਲੌਅ ਦਾ ਰੰਗ ਸਮੇਂ ਦੀ ਹਕੀਕਤ



ਅਰਪਿੰਦਰ ਸਿੰਘ ਬਿੱਟੂ
ਫਰੈਂਕਫੋਰਟ, ਜਰਮਨੀ

**ਅਜੋਕੇ ਸਮਿਆਂ ਦੀ ਗੱਲ ਕਰੀਏ ਤਾਂ ਕੁਝ ਦਹਾਕੇ ਪਹਿਲਾਂ ਹਿੰਦ ਹਕੂਮਤ ਦੇ ਕਹਿਰ ਨੇ ਮੁਗਲਾਂ ਦੇ ਜ਼ੁਲਮ ਵੀ ਮਾਤ ਪਾ ਦਿੱਤੇ। ਸਾਡੇ ਮਾਝੇ ਵਾਲੇ ਪਾਸੇ ਉਹ ਦੌਰ ਵੀ ਆਇਆ ਕਿ ਕਈ ਸਾਲ ਕਈ ਕਈ ਪਿੰਡਾਂ ’ਚੋਂ ਬਰਾਤ ਈ ਨਹੀਂ ਚੜ੍ਹੀ। ਨਸਲਾਂ ਖਤਮ ਕਰ ਦਿੱਤੀਆਂ ਹਾਕਮਾਂ ਨੇ। ਪਰ ਗੁਰੂ ਦੀ ਕ੍ਰਿਪਾ ਨਾਲ ਜੋ ਬਚ ਗਏ ਸਨ ਜਵਾਨ ਹੋਏ।**

1699 ਈ: ਵਿੱਚ ਪ੍ਰਗਟ ਹੋਏ ਖਾਲਸਾ ਪੰਥ ਨੇ ਸਵਾ ਕੁ ਤਿੰਨ ਸੌ ਸਾਲ ਦੀ ਬਾਲੜੀ ਉਮਰ ਵਿੱਚ ਬੜੇ ਉਤਰਾਅ ਚੜਾਅ ਵੇਖੇ ਹਨ। ਕਦੇ ਸਾਡੇ ਸਿਰਾਂ ਦੇ ਮੁੱਲ ਪਏ ਤੇ ਕਦੇ ਅਸੀਂ ਨਾਨਕਸ਼ਾਹੀ ਸਿੱਕੇ ਚਲਾਏ। ‘ਇਨ ਗਰੀਬ ਸਿੱਖਨ ਕੋ ਦੂੰ ਪਾਤਸ਼ਾਹੀ’ ਵਾਲੇ ਗੁਰੂ ਦੇ ਇਕਰਾਰ ਨੂੰ ਨਹੀਂ ਭੁੱਲੇ ਤੇ ਸਦੈਵ ਪਾਤਸ਼ਾਹੀ ਦਾਅਵੇ ਦੇ ਦਾਵੇਦਾਰ ਰਹੇ।

ਅਜੋਕੇ ਸਮਿਆਂ ਦੀ ਗੱਲ ਕਰੀਏ ਤਾਂ ਕੁਝ ਦਹਾਕੇ ਪਹਿਲਾਂ ਹਿੰਦ ਹਕੂਮਤ ਦੇ ਕਹਿਰ ਨੇ ਮੁਗਲਾਂ ਦੇ ਜ਼ੁਲਮ ਵੀ ਮਾਤ ਪਾ ਦਿੱਤੇ। ਸਾਡੇ ਮਾਝੇ ਵਾਲੇ ਪਾਸੇ ਉਹ ਦੌਰ ਵੀ ਆਇਆ ਕਿ ਕਈ ਸਾਲ ਕਈ ਕਈ ਪਿੰਡਾਂ ’ਚੋਂ ਬਰਾਤ ਈ ਨਹੀਂ ਚੜ੍ਹੀ। ਨਸਲਾਂ ਖਤਮ ਕਰ ਦਿੱਤੀਆਂ ਹਾਕਮਾਂ ਨੇ। ਪਰ ਗੁਰੂ ਦੀ ਕ੍ਰਿਪਾ ਨਾਲ ਜੋ ਬਚ ਗਏ ਸਨ ਜਵਾਨ ਹੋਏ।

ਸਮਾਂ ਆਇਆ ਗੁਜ਼ਰਿਆ ਕੂਹ ਪੰਥਕ ਮਖੌਟਿਆਂ ਆਲੇ ਪੰਜਾਬ ਨੂੰ ਚੰਬੜੇ ਚਿੱਚੜਾਂ ਤੇ ਯਕੀਨ ਕੀਤਾ। ਉਨ੍ਹਾਂ ਸਾਡੀ ਨਸਲਕੁਸ਼ੀ ਦੇ ਢੰਗ ਬਦਲੇ ਨਸ਼ਿਆਂ ਦਾ ਛੇਵਾਂ ਦਰਿਆ ਵਗਾਇਆ। ਸਾਡੀ ਅਣਖ ਪਰਖਣ ਲਈ ਸਾਡੇ ਇਸ਼ਟ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਤੱਕ ਅਕ੍ਰਿਤਘਣਾ ਨੇ ਕੀਤਾ ਤੇ ਕਰਵਾਇਆ। ਅਸੀਂ ਗੁਰੂ ਦੇ ਥਾਪੜੇ ਨਾਲ ਫੇਰ ਉੱਠੇ ਤੇ ਹਕੂਮਤ ਨੂੰ ਦਸਿਆ ਬਈ ਹੈਗੇ ਆਂ। ਕਦੇ ਰਾਜੋਆਣੇ ਦੀ ਫਾਂਸੀ ਰੁਕਵਾਉਣ ਲਈ ਪੰਜਾਬ ਨੂੰ ਕੇਸਰੀ ਰੰਗ ਵਿੱਚ ਰੰਗਿਆ। ਕਦੇ ਚੱਬੇ ਦੀ ਧਰਤੀ ਤੇ ਲੱਖਾਂ ’ਚ, ਪਹੁੰਚ ਤੇ ਭਾਈ ਹਵਾਰਾ ਜੀ ਨੂੰ ਜਥੇਦਾਰੀ ਨਾਲ ਨਿਵਾਜਿਆ ਤੇ ਇਕ ਵਾਰ ਫਿਰ ਹੋਂਦ ਦਾ ਪ੍ਰਗਟਾਵਾ ਕੀਤਾ।

ਕਿਸਾਨ ਮੋਰਚੇ ਦੌਰਾਨ ਤੇ ਖਾਲਸਾਈ ਜਾਹੋ ਜਲਾਲ ਦਾ ਕੋਈ ਪੱਖ ਸਿੰਘਾਂ ਛੱਡਿਆ ਈ ਨਹੀਂ ਜੋ ਪ੍ਰਗਟ ਨਾ ਕੀਤਾ ਹੋਵੇ। ਸੰਗਤ ਪੰਗਤ ਸਾਂਝੀਵਾਲਤਾ, ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਤੋ ਇਲਾਵਾ ਦਿੱਲੀ ਦੀ ਹਿੱਕ ਤੇ ਖਾਲਸਾਈ ਨਿਸ਼ਾਨ ਗੱਡਾ ਕੇ ਬੀਰਰਸ ਦਾ ਸਵਾਦ ਵੀ ਚਖਾਤਾ।

ਪੰਜਾਬ ਪੰਜਾਬੀਅਤ ਨਾਲ ਮੋਹ ਤੇ ਪੰਥ ਲਈ ਦਰਦ ਰੱਖਣ ਵਾਲੀ ਇਕ ਰੂਹ ਮਾਇਆ ਨਗਰੀ ਬਾਲੀਵੁਡ ਦੇ ਸੁੱਖ ਅਰਾਮ ਤਿਆਗ ਤੱਪੜਾਂ ਤੇ ਆਣ ਬੈਠੀ। ਭਾਈ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਕਿਸਾਨ ਮੋਰਚੇ ਦੌਰਾਨ ਨੌਜਵਾਨਾਂ ਲਈ ਇਕ ਆਸ ਬਣ ਕੇ ਉੱਭਰਿਆ। ਦੀਪ ਨੇ ਦਹਾਕਿਆਂ ਬਾਅਦ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਮਿਸ਼ਨ, ਪੰਜਾਬ ਨਾਲ ਹੁੰਦਿਆਂ ਧੱਕਿਆਂ ਸਹੀਦਾਂ ਦੇ ਸੁਪਨਿਆਂ, ਤਿੰਨ ਬਿੱਲਾਂ ਤੋਂ ਵੀ ਅਗਾਂਹ ਹੋਂਦ ਦੀ ਲੜਾਈ ਤੇ ਪਾਤਸ਼ਾਹੀ ਦਾਅਵੇ ਬਾਰੇ ਬੜੀ ਸਰਲਤਾ ਨਾਲ ਸੰਗਤਾਂ ਨੂੰ ਜਾਣੂ ਕਰਵਾਇਆ। ਪਰ ਸਮੇਂ ਨੇ ਸਾਥ ਨਾ ਦਿੱਤਾ ਤੇ ਓਹ ਪੰਥ ਲਈ ਅਥਾਹ ਅਰਮਾਨ ਲੈ ਸਾਥੋਂ ਵਿਛੜ ਗਿਆ। ਪੰਜਾਬ ਧਾਹਾਂ ਮਾਰ ਕੇ ਰੋਇਆ ਨੌਜਵਾਨ ਆਪਣੇ ਆਪ ਲਾਵਾਰਿਸ ਮਹਿਸੂਸ ਕਰਨ ਲੱਗੇ। ਮਾਹੌਲ ਗ਼ਮਗੀਨ ਹੋ ਗਿਆ।

ਆਸ ਦੀ ਕਿਰਨ ਓਦੋਂ ਦਿਸੀ ਜਦੋਂ ਭਾਈ ਅੰਮ੍ਰਿਤਪਾਲ ਸਿੰਘ ਨੂੰ ‘ਵਾਰਿਸ ਪੰਜਾਬ ਦੇ’ ਜੱਥੇਬੰਦੀ ਦਾ ਆਗੂ ਚੁਣ ਲਿਆ ਗਿਆ। ਜਿਹੜੇ ਅੰਮ੍ਰਿਤਪਾਲ ਨੂੰ ਜਾਣਦੇ ਸਨ ਉਨ੍ਹਾਂ ਨੂੰ ਓਦੋਂ ਵੀ ਕੋਈ ਸ਼ੱਕ ਨਹੀਂ ਸੀ। ਦਾਸ ਅੰਮ੍ਰਿਤਪਾਲ ਨੂੰ ਅਰਸੇ ਤੋਂ ਜਾਣਦਾ ਏ ਤੇ ਮੈਂ ਉਸੇ ਦਿਨ ਹੀ ਲਿਖ ਕੇ ਪਾ ਦਿੱਤਾ ਸੀ ਇਹ ਵਧੀਆ ਫੈਸਲਾ ਹੈ। ਸੋ ਉਹਨੂੰ ਸੇਵਾ ਦਾ ਮੌਕਾ ਦਿਓ ਤੇ ਆਪ ਇੱਕੋ ਸੇਵਾ ਕਰੋ ਤੇ ਚੁੱਪ ਦਾ ਦਾਨ ਬਖਸ਼ੋ। ਢਹਿੰਦੀ ਕਲਾ ’ਚੋਂ ਬਾਹਰ ਆਓ ਤੇ ਸ੍ਰੀ ਚੌਪਈ ਸਾਹਿਬ ਦੇ ਪਾਠ ਕਰੋ। ਕੱਲ੍ਹ ਗੁਰੂ ਨੂੰ ਕੀ ਮਨਜ਼ੂਰ ਗੁਰੂ ਜਾਣੇ। ਪਰ ਜੋ ਨਜ਼ਾਰਾ ਰੋਡੇ ਨਗਰ ਵੇਖਿਆ, ਉਹ ਦੀਪ ਦੇ ਕਹੇ ਸ਼ਬਦ ਨੇ, ਬੱਸ ‘ਖਾਲਸਾ ਤੇ ਪ੍ਰਗਟ ਈ ਹੁੰਦਾ, ਹੋ ਸੋ ਗਿਆ।

ਨੱਬੇ ਇਕੱਨਵੇਂ ਦਾ ਦੌਰ ਤੇ ਰੋਡੇ ਪਿੰਡ ਦਾ ਖ਼ਾਲਸਾਈ ਜਲੌਅ ਵੇਖ ਕੇ ਦਾਦੀ ਮਾਂ ਜੀ ਦੇ ਨਿੱਕੇ ਹੁੰਦਿਆਂ ਸੁਣੇ ਬੋਲ ਪ੍ਰਤੱਖ ਸੱਚ ਲੱਗੇ, ‘ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ ਜਿੰਉ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ’।

ਢਹਿੰਦੀ ਕਲਾ ’ਚ, ਹਾਰ ਪਾਹਰਿਆ ਦਾ ਰਾਗ ਅਲਾਪਣ ਵਾਲ਼ਿਆਂ ਨੂੰ ਬੇਨਤੀ ਆ ਕਿ ਕਿਹੇ ਗੱਲ ਤੇ ਟਿਕਣ ਪਹਿਲਾਂ ਆਖਦੇ ਸੀ ਪੰਜਾਬ ਆ ਕੇ ਗੱਲ ਕਰੋ। ਅੰਮ੍ਰਿਤਪਾਲ ਪੰਜਾਬ ਵੀ ਆ ਗਿਆ ਤੇ ਖਾਲਸਾ ਵੀ ਸੱਜ ਗਿਆ।

ਇਕ ਦਿਨ ’ਚ, ਇਕ ਹਜ਼ਾਰ ਪ੍ਰਾਣੀਆਂ ਨੂੰ ਗੁਰੂ ਲੜ ਲਾਤਾ। ਰੋਜ਼ਾਨਾ ਇਕ ਹਜ਼ਾਰ ਨਸ਼ੇ ਨਾਲ ਮਰਦੇ, ਸਾਰਿਆਂ ਨੂੰ ਸੱਪ ਸੁੰਘ ਜਾਂਦਾ। ਸਮਝਣ ਵਾਲੀ ਗੱਲ ਨਫ਼ਰਤ ਸਿੱਖੀ ਤੋਂ ਏ, ਬਾਣੀ ਤੋਂ ਏ, ਬਾਣੇ ਤੋਂ ਏ, ਤੇ ਰੋਲਾ ਮਰਜਾਂਗੇ, ਨੁਕਸਾਨ ਹੋਜੂ। ਜਿਦਾਂ ਪਹਿਲਾਂ ਬੜੇ ਵਜ਼ੀਫ਼ੇ ਲੱਗੇ ਹੁੰਦੇ ਨੌਜਵਾਨੀ ਦੇ ਜਿਹੜੇ ਕੱਟ ਚੱਲੇ।

ਸੋ ਖਾਲਸਾ ਰਾਜ ਕੱਲ੍ਹ ਬਣੇ ਦਸਾਂ ਸਾਲਾਂ ਨੂੰ ਬਣੇ, ਸੌ ਸਾਲਾਂ ਨੂੰ ਬਣੇ ਪਰ ਹੋਂਦ ਦਾ ਪ੍ਰਗਟਾਵਾ ਤੇ ਪਾਤਸ਼ਾਹੀ ਦਾਵਾ ਜੋ ਬਾਬਾ ਗਰਜਾ ਸਿੰਘ ਜੀ ਤੇ ਬੋਤਾ ਸਿੰਘ ਜੀ ਦੱਸਗੇ ‘ਸਰਕਾਰ ਏ ਖਾਲਸਾ’ ਦਾ ਰਾਹ ਉੱਥੋਂ ਈ ਨਿਕਲਣਾ ਤੇ ਨਿਕਲਿਆ।

ਇਹ ਪੰਜਾਬ ਦੀ ਜ਼ਰਖੇਜ ਸਰਜ਼ਮੀਨ ਏ, ਸੂਰਮੇ ਜੰਮਦੇ ਨਹੀਂ ਪ੍ਰਗਟ ਹੁੰਦੇ ਨੇ, ਰੋਡੇ ਪਿੰਡ ਦਾ ਵਰਤਾਰਾ ਵੇਖ ਲਿਆ ਹੋਣਾ, ਇਤਿਹਾਸ ਦੁਹਰਾਏ ਜਾਂਦੇ ਆ, ਤੇ ਪਿਛਲੇ ਦਹਾਕਿਆਂ ’ਚ, ਸਾਡੀਆਂ ਪੀੜ੍ਹੀਆਂ ਨੇ ਵੇਖੇ ਆ। ਹੁਣ ਫੇਰ ਹਿਸਟਰੀ ਦਾ ਇਕ ਚੈਪਟਰ ਲਿਖਿਆ ਜਾਣਾ, ਬਾਬੇ ਕਿਆਂ ਤੇ ਬਾਬਰ ਕਿਆਂ ਦਾ ਫੈਸਲਾ ਵਕਤ ਨੇ ਕਰਨਾ।





# ਜੇਕਰ ਪੁਰਾਤਨ ਸਿੱਖ ਸੀਮਤ ਸਾਧਨਾਂ ਦੇ ਬਾਵਜੂਦ ਕੌਮੀ ਏਕਤਾ ਕਰਕੇ ਸਿੱਖ ਰਾਜ ਸਥਾਪਤ ਕਰ ਸਕਦੇ ਹਨ, ਫਿਰ ਅੱਜ ਦੇ ਯੁੱਗ ਵਿੱਚ ਕੌਮੀ ਏਕਤਾ ਕਿਉਂ ਨਹੀਂ ?

ਵਿਸ਼ੇਸ਼ ਲੇਖ

ਬਘੇਲ ਸਿੰਘ ਧਾਲੀਵਾਲ
ਮੋ. 99142-58142

ਕੋਈ ਸਮਾਂ ਸੀ ਜਦੋਂ ਖਾਲਸਾ ਪੰਥ ਛੋਟੇ ਛੋਟੇ ਜਥਿਆਂ ਦੇ ਰੂਪ ਵਿੱਚ ਪਰਿਵਾਰਾਂ ਸਮੇਤ ਜੰਗਲਾਂ ਵਿੱਚ ਲੁਕ ਛੁਪ ਕੇ ਤੇ ਦਿਨ ਰਾਤ ਘੋੜਿਆਂ ਦੀਆਂ ਕਾਠੀਆਂ ’ਤੇ ਹੀ ਸਮਾਂ ਗੁਜਾਰਦਾ ਸੀ। ਫਿਰ ਵੀ ਖਾਲਸੇ ਨੇ ਵੱਡੇ ਵੱਡੇ ਧਾੜਵੀਆਂ ਨੂੰ ਆਪਣੀ ਹੋਂਦ ਦਾ ਬੜੀ ਸ਼ਿੱਦਤ ਨਾਲ ਅਹਿਸਾਸ ਕਰਵਾਇਆ। ਅਫਗਾਨ ਤੋਂ ਚੜਕੇ ਮਾਰੋ ਮਾਰ ਕਰਦੀਆਂ ਆਉਂਦੀਆਂ ਅਬਦਾਲੀ, ਦੁਰਾਨੀ ਦੀਆਂ ਫੌਜਾਂ ਜਦੋਂ ਹਿੰਦੁਸਤਾਨ ਨੂੰ ਲੁੱਟ ਪੁੱਟ ਕੇ ਵਾਪਸ ਮੁੜਦੀਆਂ ਤਾਂ ਉਹਨਾਂ ਨੂੰ ਰਸਤੇ ਵਿੱਚ ਖਾਲਸੇ ਦੇ ਹਮਲਿਆਂ ਦਾ ਟਾਕਰਾ ਨਾ ਕਰ ਸਕਦੇ ਹੋਏ ਮਾਲ, ਅਸਬਾਬ ਛੱਡ ਕੇ ਭੱਜਣ ਲਈ ਮਜਬੂਰ ਹੋਣਾ ਪੈਂਦਾ ਸੀ। ਗੁਰੂ ਗੋਬਿੰਦ ਸਿੰਘ ਵੱਲੋਂ ਬਖਸ਼ੀ ਸਰਦਾਰੀ ਨੂੰ ਕਾਇਮ ਰੱਖਣ ਲਈ ਖਾਲਸੇ ਦੇ ਵਖਰੇ ਵੱਖਰੇ ਜਥਿਆਂ ਨੇ ਆਪਣੇ ਆਪਣੇ ਜਥੇਦਾਰਾਂ ਦੀ ਅਗਵਾਈ ਵਿੱਚ ਆਪਣੇ ਆਪਣੇ ਖੇਤਰ ਵਿੱਚ ਅਧਿਕਾਰ ਜਮਾ ਲਏ ਤੇ ਮਿਸਲਾਂ ਦੇ ਰੂਪ ਵਿੱਚ ਆਪਣੀਆਂ ਰਿਆਸਤਾਂ ਸਥਾਪਤ ਕਰ ਲਈਆਂ। ਦਰਜਨਾਂ ਮਿਸਲਾਂ ਵਿੱਚ ਵੰਡਿਆ ਖਾਲਸਾ ਪੰਥ ਸ੍ਰੀ ਅਕਾਲ



ਤਖਤ ਸਹਿਬ ਦੀ ਅਗਵਾਈ ਵਿੱਚ ਇਕੱਠਾ ਹੋ ਕੇ ਕੌਮ ਦੀ ਭਲਾਈ ਲਈ ਗੁਰਮਤੇ ਪਾਸ ਕਰਦਾ ਤੇ ਉਨ੍ਹਾਂ ਗੁਰਮਤਿਆਂ ’ਤੇ ਪਹਿਰਾ ਵੀ ਦਿੰਦਾ ਰਿਹਾ ਹੈ। ਇਹੋ ਕਾਰਨ ਸੀ ਕਿ ਉਸ ਮੌਕੇ ਦਾ ਖਾਲਸਾ ਪੰਥ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਆਪਣਾ ਵਿਸ਼ਾਲ ਸਿੱਖ ਰਾਜ ਸਥਾਪਤ ਕਰਨ ਵਿੱਚ ਕਾਮਯਾਬੀ ਹਾਸਲ ਕਰ ਗਿਆ ਸੀ। ਅਜਿਹਾ ਹਲੇਮੀ ਸਿੱਖ ਰਾਜ, ਜਿਸ ਦੇ ਪੰਜਾਹ ਸਾਲਾਂ ਦੇ ਕਾਰਜਕਾਲ ਦੌਰਾਨ ਕਿਸੇ ਇੱਕ ਵੀ ਵਿਅਕਤੀ ਨੂੰ ਮੌਤ ਦੀ ਸਜ਼ਾ ਨਹੀਂ ਸੀ ਦਿੱਤੀ ਗਈ। ਇੱਕ ਅਜਿਹੀ ਬਹਾਦਰ ਕੌਮ ਦਾ ਖਾਲਸਾ ਰਾਜ ਜਿਸ ਨੇ ਦੁਨੀਆਂ ਨੂੰ ਲੁੱਟਣ ਪੁੱਟਣ ਵਾਲੇ ਤੇ ਅਜੇਤੂ ਪਠਾਣਾਂ ਦੇ ਕਾਬਲ ਕੰਧਾਰ ਤੱਕ ਦੇ ਇਲਾਕੇ ਤੋਂ ਲੈ ਕੇ ਕਸ਼ਮੀਰ, ਲੱਦਾਖ ਤੱਕ ਨੂੰ ਆਪਣੇ ਰਾਜ ਭਾਗ ਵਿੱਚ ਸ਼ਾਮਲ ਕਰਕੇ ਆਪਣੀ ਬਹਾਦਰੀ ਦਾ ਲੋਹਾ ਮਨਵਾਇਆ ਸੀ। ਕਹਿੰਦੇ ਹਨ ਕਿ ਇੱਕ ਵਾਰੀ ਜਦੋਂ ਸ੍ਰੀ ਅਕਾਲ ਤਖਤ ਸਹਿਬ ਦੇ ਤਤਕਾਲੀ ਜਥੇਦਾਰ ਸਿੰਘ ਸਹਿਬ ਬਾਬਾ ਫੂਲਾ ਸਿੰਘ ਅਕਾਲੀ ਨੇ ਕਿਸੇ ਅਵੱਗਿਆ ਬਦਲੇ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਹਿਬ ਤੇ ਤਲਬ ਕਰਨ ਦਾ ਹੁਕਮ ਕੀਤਾ ਸੀ। ਜਿੰਨੀ ਦੇਰ ਸਿੰਘ ਸਾਹਿਬ ਵੱਲੋਂ ਲਾਈ ਸਜ਼ਾ ਮਹਾਰਾਜਾ ਤਖਤ ਸਹਿਬ ਤੇ ਪੇਸ਼ ਹੋ ਕੇ ਆਪਣੀ ਭੁੱਲ ਬਖਸ਼ਾ ਕੇ ਸਜਾ ਨਹੀ ਭੁਗਤ ਲੈਂਦਾ ਓਨੀ ਦੇਰ ਸਿੱਖ ਪੰਥ ਨੂੰ ਉਹਦੇ ਨਾਲ ਫਤਿਹ ਦੀ ਸਾਂਝ ਪਾਉਂਣ ਤੋਂ ਵੀ ਵਰਜਿਆ ਗਿਆ ਸੀ। ਇਸ ਦੌਰਾਨ ਜਦੋਂ ਮਹਾਰਾਜੇ ਦਾ ਸੇਵਾਦਾਰ ਸਵੇਰੇ ਮਹਾਰਾਜੇ ਦੇ ਕਮਰੇ ਵਿੱਚ ਗਿਆ ਤਾਂ ਉਹਨੇ ਦੁਨਿਆਵੀ ਤਖਤ ਦੇ ਸ਼ਕਤੀਸ਼ਾਲੀ ਮਹਾਰਾਜੇ ਨੂੰ ਵੀ ਫਤਿਹ ਨਹੀਂ ਸੀ ਬੁਲਾਈ, ਪੁੱਛਣ ਤੇ ਦੱਸਿਆ ਗਿਆ ਸੀ ਕਿ ਅਜਿਹਾ ਨਾ ਕਰਨ ਦੇ ਹੁਕਮ ਰੁਹਾਨੀਅਤ ਦੇ ਉੱਚੇ ਤਖਤ ਸ੍ਰੀ ਅਕਾਲ ਤਖਤ ਸਹਿਬ ਤੋਂ ਆਏ ਹਨ, ਜਿਸ ਤੇ ਮਹਾਰਾਜਾ ਸਾਹਿਬ ਨੇ ਸੇਵਾਦਾਰ ਨੂੰ ਸਜ਼ਾ ਦੇਣ ਦੀ ਬਜਾਏ ਆਪ ਆਪਣੀ ਗਲਤੀ ਦੀ ਤਖਤ ਸਾਹਿਬ ’ਤੇ ਪੇਸ਼ ਹੋ ਕੇ ਸਜ਼ਾ ਲਗਵਾਈ ਸੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੌਮ ਵਿੱਚ ਗਿਰਾਵਟ ਕਿਵੇਂ ਆਈ, ਕਿੱਥੋਂ ਆਈ ਤੇ ਕਿਉਂ ਆਈ ? ਨਿੱਜੀ ਖੁਦਗਰਜੀਆਂ ਨੇ ਸਿੱਖ ਦੀ ਅਣਖ ਗੈਰਤ ਨੂੰ ਕਿਉਂ ਜਕੜ ਲਿਆ ਹੈ ? ਜੇਕਰ ਸਾਡੇ ਅਠਾਰਵੀਂ ਸਦੀ ਦੇ ਸਿੱਖ ਪੁਰਖੇ ਜੰਗਲਾਂ ਵਿੱਚ ਰਹਿਣ ਸਮੇਂ ਤੇ ਵੱਖ-ਵੱਖ ਮਿਸਲਾਂ ਵਿੱਚ ਵੰਡੇ ਹੋਣ ਦੇ ਬਾਵਜੂਦ ਸੀਮਤ ਸਾਧਨਾਂ ਨਾਲ ਵੀ ਇੱਕ ਝੰਡੇ ਨਿਸ਼ਾਨ ਸਾਹਿਬ ਥੱਲੇ ਇਕੱਠੇ ਹੋ ਕੇ ਵਿਸ਼ਾਲ ਖਾਲਸਾ ਰਾਜ ਸਥਾਪਤ ਕਰ ਸਕਦੇ ਹਨ ਤਾਂ ਫਿਰ ਹੁਣ ਜਦੋਂ ਸਿੱਖ ਦੁਨੀਆਂ ਦੇ ਹਰ ਕੋਨੇ ਵਿੱਚ ਵਸਦੇ ਹੀ ਨਹੀਂ ਸਥਾਪਤ ਹੋ ਚੁੱਕੇ ਹਨ ਫਿਰ ਹੁਣ ਇੱਕੀਵੀਂ ਸਦੀ ਵਿੱਚ ਅਜਿਹਾ ਕਿਉਂ ਨਹੀਂ ਹੋ ਸਕਦਾ ? ਇਨ੍ਹਾਂ ਸਾਰੇ ਸਵਾਲਾਂ ਦੇ ਠੋਸ ਜਵਾਬ ਅਤੇ ਹੱਲ ਕਿਸ ਤਰ੍ਹਾਂ ਹੋ ਸਕਦੇ ਹਨ ? ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਿਸ਼ਵ ਗ੍ਰੰਥ ਅਤੇ ਸਿੱਖ ਕੌਮ ਨੂੰ ਵਿਸ਼ਵ ਦਾ ਧਰਮ ਬਨਾਉਣਾ ਹੈ ਜਾਂ ਫਿਰ ਆਉਣ ਵਾਲੇ ਪੰਜਾਹ ਸਾਲਾਂ ਤੱਕ ਕੌਮ ਦੀ ਪਛਾਣ ਹੀ ਗਵਾਉਣੀ ਹੈ, ਇਹ ਫੈਸਲਾ ਕਿਸੇ ਹੋਰ ਨੇ ਨਹੀਂ ਬਲਕਿ ਖੁਦ ਸਿੱਖ ਕੌਮ ਨੇ ਕਰਨਾ ਹੈ। ਸੂਬੇ ਦੇ ਸ਼ਾਸ਼ਕ ਰਹੇ ਸਿੱਖ ਕੌਮ ਦੇ ਮੌਜੂਦਾ ਆਗੂ ਪਦਾਰਥਵਾਦ ਦੀ ਤੇਜ਼ ਹਨੇਰੀ ਵਿੱਚ ਵਹਿ ਕੇ ਆਪਣਾ ਸੰਤੁਲਿਨ ਖੋ ਬੈਠੇ ਹਨ। ਉਨ੍ਹਾਂ ਨੇ ਰਾਜ ਭਾਗ ਦੀ ਸਲਾਮਤੀ ਖਾਤਰ ਖਾਲਸਾ ਪੰਥ ਤੇ ਨਹੀਂ ਬਲਕਿ ਉਨ੍ਹਾਂ ਪੰਥ ਵਿਰੋਧੀ ਤਾਕਤਾਂ ਤੇ ਟੇਕ ਰੱਖੀ, ਜਿਨ੍ਹਾਂ ਨੇ ਆਉਣ ਵਾਲੇ ਪੰਜਾਹ ਸਾਲਾਂ ਵਿੱਚ ਸਿੱਖ ਕੌਮ ਦੀ ਪਛਾਣ ਖਤਮ ਕਰਨ ਦਾ ਟੀਚਾ ਮਿਥ ਰੱਖਿਆ ਹੈ।

(ਬਾਕੀ ਸਫ਼ਾ 31 ’ਤੇ)

# ਧੰਨੁ ਧੰਨੁ ਰਾਮਦਾਸ ਗੁਰੂ ਜਿਨਿ ਸਿਰਿਆ ਤਿਨੈ ਸਵਾਰਿਆ ॥

## ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਅਤੇ ਸੰਦੇਸ਼



ਕਰਮਜੀਤ ਸਿੰਘ (ਡਾ.)
ਉਪ ਕੁਲਪਤੀ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਜਨਮ 25 ਅੱਸੂ, ਸੰਮਤ 1591 ਨੂੰ ਚੂਨਾ ਮੰਡੀ, ਲਾਹੌਰ ਦੀ ਪੁਰਾਣੀ ਕੋਤਵਾਲੀ ਚੌਂਕ ਵਿਖੇ ਮਾਤਾ ਅਨੂਪ ਦੇਵੀ (ਦਇਆ ਕੌਰ) ਅਤੇ ਪਿਤਾ ਭਾਈ ਹਰੀ ਦਾਸ ਜੀ ਦੇ ਘਰ ਹੋਇਆ। ਆਰਥਿਕ ਪੱਖੋਂ ਬੇਸ਼ੱਕ ਪਰਿਵਾਰ ਬੇਹੱਦ ਕਮਜ਼ੋਰ ਸੀ ਪਰ ਆਪਣੀ ਰੋਜ਼ੀ-ਰੋਟੀ ਲਈ ਤਨਦੇਹੀ ਨਾਲ ਕੰਮ ਕਰਦੇ ਸਨ ਅਤੇ ਆਪਣੇ ਇਸ ਜੀਵਨ ਤੋਂ ਉਹ ਪੂਰੀ ਤਰ੍ਹਾਂ ਸੰਤੁਸ਼ਟ ਸਨ। ਅੰਮ੍ਰਿਤ ਵੇਲੇ ਉੱਠਣਾ ਪ੍ਰਮਾਤਮਾ ਦੀ ਬੰਦਗੀ 'ਚ ਲੀਨ ਹੋਣਾ ਤੇ ਬਾਕੀ ਦਾ ਕੁੱਲ ਸਮਾਂ ਕਿਰਤ ਕਰਦਿਆਂ ਬਤੀਤ ਕਰਨਾ, ਇਹ ਉਨ੍ਹਾਂ ਦੀ ਦਿਨ ਚਰਿਯਾ ਸੀ। ਬਾਰਾਂ ਸਾਲਾਂ ਦੇ ਵਿਆਹੁਤਾ ਜੀਵਨ ਤੋਂ ਬਾਅਦ ਅਕਾਲ ਪੁਰਖ ਦੀ ਕ੍ਰਿਪਾ ਹੋਈ ਤੇ ਘਰ ਵਿੱਚ ਪੁੱਤਰ ਦੀਆਂ ਕਿਲਕਾਰੀਆਂ ਗੂੰਜੀਆਂ। ਬਾਲ ਦਾ ਨਾਮ 'ਜੇਠਾ' ਰੱਖਿਆ। ਸੂਰਜ ਪ੍ਰਕਾਸ਼ ਗ੍ਰੰਥ ਉਨ੍ਹਾਂ ਦੀ ਆਭਾ ਬਿਆਨ ਕਰਦੇ ਲਿਖਦੇ ਹਨ ਕਿ ਆਪ ਜੀ ਦੇ ਮੱਥੇ ਤੇ ਰਾਜਯੋਗ, ਗੋਰਾ ਰੰਗ, ਸੋਹਣੇ ਨਕਸ਼, ਪ੍ਰਸੰਨ ਚਿਤ ਅਤੇ ਮੁਸਕਰਾਉਂਦਾ ਚਿਹਰਾ ਹਰੇਕ ਵੇਖਣ ਵਾਲੇ ਨੂੰ ਅਚੰਭਤ ਵੀ ਕਰਦਾ ਤੇ ਆਕਰਸ਼ਕ ਵੀ। ਬਚਪਨ 'ਚ ਉਹ ਬਾਲਾਂ ਨਾਲ ਖੇਡਦੇ ਮੱਲਦੇ ਜਰੂਰ ਸਨ ਪਰ ਬਾਲ-ਵਰੇਸ਼ ਵਾਲਾ ਸੁਭਾਓ ਉਨ੍ਹਾਂ ਵਿੱਚੋਂ ਬਿਲਕੁਲ ਗੁੰਮ ਸੀ। ਉਹ ਸਦਾ ਕਿਸੇ ਰਮਜ਼ ਵਿੱਚ ਵਿਚਰਦੇ, ਡੂੰਘੀ ਸੋਚ ਦਾ ਇਸ਼ਾਰਾ ਉਨ੍ਹਾਂ ਦੇ ਮਸਤਕ 'ਚੋਂ ਪ੍ਰਗਟ ਹੁੰਦਾ ਦਿਸਦਾ ਫਲਸਰੂਪ ਉਨਾਂ ਦੇ ਦੋਸਤ ਉਸ ਨੂੰ ਉਸਦੇ ਵਿਵਹਾਰ ਅਤੇ ਦੋਸਤਾਨਾ ਸੁਭਾਅ ਲਈ ਪਸੰਦ ਕਰਦੇ ਸਨ, ਜਦੋਂ ਕਿ ਬਜ਼ੁਰਗ ਉਨ੍ਹਾਂ ਨੂੰ ਸ਼ਾਂਤ ਅਤੇ ਨਿਮਰ ਹੋਣ ਲਈ ਪਸੰਦ ਕਰਦੇ ਸਨ। ਉਹ ਬਹੁਤਾ ਸਮਾਂ ਆਪਣੇ ਮਾਤਾ-ਪਿਤਾ ਨਾਲ ਘਰ ਵਿੱਚ ਹੀ ਬਿਤਾਉਂਦੇ, ਘਰ ਦੇ ਕੰਮਾਂ ਵਿੱਚ ਆਪਣੀ ਮਾਂ ਦੀ ਮਦਦ ਕਰਨਾ ਅਤੇ ਆਪਣੇ ਪਿਤਾ ਲਈ ਕੰਮ ਕਰਨਾ ਪਸੰਦ ਕਰਦੇ ਸਨ। ਉਹ ਅਕਸਰ ਆਪਣੇ ਮਾਤਾ-ਪਿਤਾ ਕੋਲ ਬੈਠਦੇ ਸਨ। ਉਹ ਰੋਜ਼ਾਨਾ ਪਰਮੇਸ਼ਵਰ ਦੀ ਉਸਤਤ ਕਰ ਪ੍ਰਾਥਨਾ ਵਿੱਚ ਲੀਨ ਹੁੰਦੇ ਸਨ, ਇੱਥੋਂ ਤੱਕ ਕਿ ਜਦੋਂ ਉਹ ਬਾਹਰ ਵੀ ਖੇਡ ਰਹੇ ਹੁੰਦੇ ਸਨ, ਜਦੋਂ ਈ ਪ੍ਰਾਰਥਨਾ ਦਾ ਸਮਾਂ ਹੁੰਦਾ ਤਾਂ ਉਹ ਘਰ ਨੂੰ ਭੱਜ ਆਉਂਦੇ।

ਪਰਿਵਾਰ ਗਰੀਬ ਸੀ ਤੇ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨੀਆਂ ਸਹਿਜ ਨਹੀਂ ਸਨ। ਰੋਜ਼ੀ-ਰੋਟੀ ਦਾ ਇਕ ਹੀ ਸਾਧਨ ਸੀ ਘੁੰਗਣੀਆਂ ਤਿਆਰ ਕਰਨੀਆਂ ਅਤੇ ਹਰੀ ਦਾਸ ਜੀ ਦੁਆਰਾ ਮੰਡੀ ਵਿੱਚ ਵੇਚ ਆਉਣੀਆਂ ਤੇ ਔਖੇ-ਸੌਖੇ ਆਪਣਾ ਪਰਿਵਾਰ ਪਾਲਣਾ। ਰੱਬ ਦੀ ਕਰਨੀ ਕਿ ਉਹ ਅਜੇ ਬਾਲ ਅਵਸਥਾ ਵਿੱਚ ਹੀ ਸਨ ਕਿ ਅਚਾਨਕ ਮਾਤਾ ਪਿਤਾ ਚਲਾਣਾ ਕਰ ਗਏ। ਸ਼ਰੀਕਾ ਭਾਈਚਾਰਾ ਅੱਖਾਂ ਫੇਰ ਗਿਆ ਤੇ ਕੁੱਲ ਜਿੰਮੇਵਾਰੀ ਉਨ੍ਹਾਂ ਦੀ ਨਾਨੀ ਦੇ ਸਿਰ ਪੈ ਗਈ। ਨਾਨੀ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਨਾਨੀ ਵੀ ਬਹੁਤ ਗਰੀਬ ਸੀ ਤੇ ਉਹ ਵੀ ਘੁੰਗਣੀਆਂ ਵੇਚਕੇ ਹੀ ਗੁਜਾਰਾ ਕਰਦੀ ਸੀ ਬਾਅਦ ਵਿੱਚ ਇਹੀ ਕੰਮ ਭਾਈ ਜੇਠਾ ਜੀ ਕਰਨ ਲੱਗੇ।

ਇੱਕ ਵਾਰ ਭਾਈ ਜੇਠਾ ਜੀ ਨੇ ਗੁਰੂ ਅਮਰਦਾਸ ਜੀ ਬਾਰੇ ਸੁਣਿਆ ਅਤੇ ਫਿਰ ਉਹ ਗੋਇੰਦਵਾਲ ਵਿਖੇ ਉਨ੍ਹਾਂ ਦੇ ਦਰਸ਼ਨ ਕਰਨ ਲਈ ਸੰਗਤਾਂ ਦੇ ਇੱਕ ਸਮੂਹ ਵਿੱਚ ਸ਼ਾਮਲ ਹੋਏ। ਉਥੇ ਹੀ ਗੋਇੰਦਵਾਲ ਦੇ ਪਵਿੱਤਰ ਮਾਹੌਲ ਨਾਲ ਉਹ ਮੋਹਿਤ ਹੋ ਗਏ ਅਤੇ ਉੱਥੇ ਵਸਣ ਦਾ ਫੈਸਲਾ ਕੀਤਾ। ਉੱਥੇ ਉਹਨਾਂ ਨੇ ਉਹੀ ਆਪਣਾ ਪੁਰਾਣਾ ਕੰਮ ਘੁੰਗਣੀਆਂ ਵੇਚਣ ਦਾ ਇੱਥੇ ਵੀ ਸ਼ੁਰੂ ਕਰ ਦਿੱਤਾ ਅਤੇ ਗੁਰੂ ਅਮਰਦਾਸ ਜੀ ਦੁਆਰਾ ਆਯੋਜਿਤ ਧਾਰਮਿਕ ਸਭਾਵਾਂ ਵਿੱਚ ਵੀ ਭਾਗ ਲੈਣਾ ਸ਼ੁਰੂ ਕਰ ਦਿੱਤਾ। ਜਦ ਵਿਹਲੇ ਹੁੰਦੇ ਤਾਂ ਗੁਰੂ ਦੁਆਰ ਵਿੱਚ ਆਉਂਦੀ ਸਾਧ-ਸੰਗਤ ਦੀ ਸੇਵਾ ਵਿੱਚ ਲੱਗ ਜਾਂਦੇ। ਗੁਰੂ ਅਮਰਦਾਸ ਜੀ ਬਹੁਤ ਨੀਝ ਨਾਲ ਇਸ ਬਾਲ ਵੱਲ ਵੇਖਦੇ ਅਤੇ ਅਤਿ-ਪ੍ਰਸੰਨ ਹੁੰਦੇ। ਗੁਰੂ ਪਾਤਸ਼ਾਹ ਦੀ ਸੰਗਤ ਵਿੱਚ ਹੀ ਉਨ੍ਹਾਂ ਨੇ ਅੱਖਰ ਉਠਾਲਣੇ ਸ਼ੁਰੂ ਕਰ ਦਿੱਤੇ ਸਨ। ਫਲਸਰੂਪ ਕਈ ਭਾਸ਼ਾਵਾਂ ਦੇ ਜਾਣੂ ਹੋ ਗਏ।

ਇੱਕ ਦਿਨ ਗੁਰੂ ਅਮਰਦਾਸ ਜੀ ਦੀ ਪਤਨੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਬੀਬੀ ਭਾਨੀ ਜੀ ਵੱਡੇ ਹੋ ਗਏ ਹਨ ਅਤੇ ਸਾਨੂੰ ਉਨ੍ਹਾਂ ਦਾ ਵਿਆਹ ਕਰਨ ਦੀ ਲੋੜ ਹੈ। ਗੁਰੂ ਜੀ ਸਹਿਮਤ ਹੋ ਗਏ ਅਤੇ ਉਸ ਲਈ ਪਤੀ ਦੀ ਭਾਲ ਕਰਨ ਦਾ ਹੁਕਮ ਦਿੱਤਾ। ਬੀਬੀ ਭਾਨੀ ਦੀ ਮਾਂ ਨੇ ਆਪਣੇ ਦਰਵਾਜ਼ੇ ਦੇ ਬਾਹਰ ਇੱਕ ਲੜਕੇ ਨੂੰ ਭੋਜਨ ਦੀਆਂ ਕੁਝ ਵਸਤੂਆਂ ਰੱਖਦਿਆਂ ਦੇਖਿਆ। ਉਸ ਨੂੰ ਧਿਆਨ ਨਾਲ ਦੇਖਣ 'ਤੇ, ਉਸਨੇ ਕਿਹਾ, 'ਉਸ ਵਰਗੇ ਨੌਜਵਾਨ ਨੂੰ ਲੱਭੋ'। ਇਹ ਸੁਣ ਕੇ ਗੁਰੂ ਜੀ ਨੇ ਕਿਹਾ, 'ਉਹ ਆਪਣੇ ਵਰਗਾ ਆਪ ਹੈ, ਕਿਉਂਕਿ ਪ੍ਰਮਾਤਮਾ ਨੇ ਉਸ ਵਰਗਾ ਹੋਰ ਕੋਈ ਨਹੀਂ ਬਣਾਇਆ'। ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦੇ ਚਰਿੱਤਰ, ਆਚਰਣ ਅਤੇ ਸ਼ਖ਼ਸੀਅਤ ਤੋਂ ਇਤਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੀ ਛੋਟੀ ਬੇਟੀ ਦਾ ਵਿਆਹ ਉਨ੍ਹਾਂ ਨਾਲ ਕਰਨ ਦਾ ਫੈਸਲਾ ਕੀਤਾ ਅਤੇ 1545 ਵਿਚ ਵਿਆਹ ਦੀ ਰਸਮ ਅਦਾ ਕੀਤੀ ਗਈ।

ਗੁਰੂ ਅਮਰਦਾਸ ਜੀ (ਜਿਹੜੇ ਕਿ ਆਪ ਜੀ ਦੇ ਸਾਹੁਰੇ ਸਨ) ਨੂੰ ਭਾਈ ਜੇਠਾ ਜੀ ਨੇ 'ਗੁਰੂ' ਮੰਨਿਆ ਅਤੇ ਵਿਆਹ ਤੋਂ ਬਾਅਦ, ਉਹ ਪੂਰਨ ਤੌਰ 'ਤੇ ਗੁਰੂ ਮਹਾਰਾਜ ਦੀ ਸੰਗਤ ਨੂੰ ਸਮਰਪਤ ਹੋ ਗਏ ਅਤੇ ਗੁਰਦੁਆਰਾ ਸਾਹਿਬ ਵਿਚ ਸਿੱਖ ਧਰਮ ਦੀਆਂ ਗਤੀਵਿਧੀਆਂ ਨਾਲ ਡੂੰਘੀ ਤਰ੍ਹਾਂ ਜੁੜ ਗਏ। ਬੀਬੀ ਭਾਨੀ ਜੀ ਨੇ ਭਾਈ ਜੇਠਾ ਜੀ ਦੀ ਸਿਰਫ਼ ਆਪਣੇ ਪਿਆਰੇ ਪਤੀ ਵਜੋਂ ਹੀ ਨਹੀਂ ਸਗੋਂ ਇੱਕ ਸੰਤ ਵਜੋਂ ਵੀ ਸੇਵਾ ਕੀਤੀ। ਉਨ੍ਹਾਂ ਦੇ ਤਿੰਨ ਪੁੱਤਰ ਸਨ; ਪ੍ਰਿਥੀ ਚੰਦ (1547 ਈ.), ਮਹਾਦੇਵ (1551) ਅਤੇ ਗੁਰੂ ਅਰਜਨ ਦੇਵ ਜੀ (1553)। ਗੁਰੂ ਅਮਰਦਾਸ ਜੀ ਨਾਲ ਆਪ ਭਾਰਤ ਦੇ ਵੱਖ-ਵੱਖ ਹਿੱਸਿਆਂ ਦੇ ਲੰਬੇ ਮਿਸ਼ਨਰੀ ਦੌਰਿਆਂ 'ਤੇ ਜਾਂਦੇ ਸਨ।

ਭਾਈ ਜੇਠਾ ਨੂੰ ਗੁਰੂ ਅਮਰਦਾਸ ਜੀ ਦੁਆਰਾ ਇੱਕ ਨਵੀਂ ਨਗਰੀ ਸਥਾਪਤ ਕਰਨ ਲਈ ਨਿਰਦੇਸ਼ ਦਿੱਤਾ ਗਿਆ। ਇਸ ਸਥਾਨ ਨੂੰ 'ਗੁਰੂ ਕਾ ਚੱਕ' ਕਿਹਾ ਜਾਂਦਾ ਸੀ, ਜੋ ਬਾਅਦ ਵਿੱਚ ਚੱਕ ਰਾਮਦਾਸ ਜਾਂ ਰਾਮਦਾਸਪੁਰਾ ਵਜੋਂ ਜਾਣਿਆ ਗਿਆ। ਭਾਈ ਜੇਠਾ ਜੀ ਨੇ ਪਿੰਡ ਤੁੰਗ ਦੇ ਜ਼ਿਮੀਦਾਰ ਪਾਸੋਂ 700 ਰੁਪਏ ਦੀ ਅਦਾਇਗੀ 'ਤੇ ਜੰਗਲੀ ਬੂਟੇ (ਬੇਰ ਦੇ ਰੁੱਖ) ਅਤੇ ਜੰਗਲਾਂ ਨਾਲ ਇਹ ਇਲਾਕਾ ਖਰੀਦਿਆ। ਸਿੱਖ ਕੇਂਦਰ ਬਣਾਉਣ ਦੇ ਉਦੇਸ਼ ਲਈ ਜ਼ਮੀਨ ਪ੍ਰਾਪਤ ਕਰਨ ਤੋਂ ਬਾਅਦ, ਉਨ੍ਹਾਂ ਨੂੰ ਗੁਰੂ ਅਮਰਦਾਸ ਜੀ ਦੁਆਰਾ ਇੱਕ ਸਰੋਵਰ (ਜੋ ਹੁਣ ਬਾਬਾ ਅਟੱਲ ਵਿਖੇ ਸੰਤੋਖਸਰ ਦੇ ਨਾਮ ਨਾਲ ਸੁਸ਼ੋਭਿਤ ਹੈ) ਦੀ ਖੁਦਾਈ ਕਰਨ ਲਈ ਕਿਹਾ ਗਿਆ ਅਤੇ ਨਾਲ ਹੀ ਆਪਣੇ ਲਈ ਇੱਕ ਛੋਟਾ ਜਿਹਾ ਘਰ ਬਣਾਉਣਲਈ ਕਿਹਾ। ਸੰਨ 1577 ਵਿਚ ਗੁਰੂ ਅਮਰਦਾਸ ਜੀ ਨੇ ਆਪ ਨੂੰ ਇਕ ਹੋਰ ਸਰੋਵਰ ਦੀ ਖੁਦਾਈ ਕਰਨ ਲਈ ਕਿਹਾ, ਇਹ ਹਰਿਮੰਦਰ ਸਾਹਿਬ ਦਾ ਮੌਜੂਦਾ ਸਰੋਵਰ ਹੈ। ਇਸ ਤੋਂ ਬਾਅਦ ਜਦੋਂ ਗੁਰੂ ਰਾਮਦਾਸ ਜੀ ਨੇ ਇਸ ਅਸਥਾਨ 'ਤੇ ਪਵਿੱਤਰ ਸਰੋਵਰ ਬਣਵਾਇਆ, ਤਾਂ ਇਸ ਸਥਾਨ ਨੂੰ ਅੰਮ੍ਰਿਤਸਰ ਜਾਂ 'ਅਮਰਤਾ ਦਾ ਸਰੋਵਰ' ਕਿਹਾ ਜਾਣ ਲੱਗਾ। ਇਸ 'ਅਮਰਤਾ ਦੇ ਸਰੋਵਰ' ਬਾਰੇ ਬਾਣੀ ਵਿਚ ਵੀ ਇਸ ਦੀ ਮਹਿਮਾ ਨੂੰ ਅੰਕਿਤ ਕੀਤਾ ਗਿਆ ਹੈ :

ਰਾਮਦਾਸ ਸਰੋਵਰਿ ਨਾਤੇ, ਸਭਿ ਉਤਰੇ ਪਾਪ ਕਮਾਤੇ ॥

ਨਵਾਂ ਸ਼ਹਿਰ (ਚੱਕ ਰਾਮਦਾਸ ਪੁਰ) ਵਪਾਰ ਮਾਰਗਾਂ ਦੇ ਕੇਂਦਰ ਵਿੱਚ ਸਥਿਤ ਹੋਣ ਕਾਰਨ ਜਲਦੀ ਹੀ ਹਰਮਨ ਪਿਆਰਾ ਸਥਾਨ ਬਣ ਗਿਆ। ਇਹ ਲਾਹੌਰ ਤੋਂ ਬਾਅਦ ਪੰਜਾਬ ਵਿੱਚ ਵਪਾਰ ਦਾ ਇੱਕ ਮਹੱਤਵਪੂਰਨ ਕੇਂਦਰ ਬਣਿਆ। ਗੁਰੂ ਰਾਮਦਾਸ ਸਾਹਿਬ ਨੇ ਖ਼ੁਦ ਜੀਵਨ ਦੇ ਵੱਖ-ਵੱਖ ਖੇਤਰਾਂ ਅਤੇ ਵਪਾਰ ਦੇ ਬਹੁਤ ਸਾਰੇ ਵਪਾਰੀਆਂ ਅਤੇ ਕਾਰੀਗਰਾਂ ਨੂੰ ਇੱਥੇ ਆਉਣ ਦਾ ਸੱਦਾ ਦਿੱਤਾ। ਬਾਅਦ ਵਿੱਚ, ਇਹ ਦੂਰਗਾਮੀ ਮਹੱਤਵ ਵਾਲਾ ਕਦਮ ਸਾਬਤ ਹੋਇਆ। ਇਸ ਨੇ ਸਿੱਖਾਂ ਨੂੰ ਇੱਕ ਸਾਂਝਾ ਪੂਜਾ ਸਥਾਨ ਪ੍ਰਦਾਨ ਕੀਤਾ ਅਤੇ ਸਿੱਖ ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਭਵਿੱਖ ਦੇ ਦਿਸ਼ਾ-ਨਿਰਦੇਸ਼ਾਂ ਲਈ ਰਾਹ ਪੱਧਰਾ ਕੀਤਾ। ਗੁਰੂ ਰਾਮਦਾਸ ਸਾਹਿਬ ਨੇ ਮੰਜੀ ਪ੍ਰਥਾ ਦੀ ਥਾਂ ਮਸੰਦ ਪ੍ਰਥਾ ਦੀ ਸ਼ੁਰੂਆਤ ਕੀਤੀ ਅਤੇ ਇਸ ਕਦਮ ਨੇ ਸਿੱਖ ਧਰਮ ਦੀ ਮਜ਼ਬੂਤੀ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ।

ਜਿਵੇਂ-ਜਿਵੇਂ ਗੁਰੂ ਅਮਰਦਾਸ ਜੀ ਦੀ ਉਮਰ ਵੱਧ ਰਹੀ ਸੀ, ਉਹ ਆਪਣੇ ਉੱਤਰਾਧਿਕਾਰੀ ਦੀ ਭਾਲ ਵਿੱਚ ਸਨ। ਗੁਰੂ ਜੀ ਦੀ ਸਭ ਤੋਂ ਵੱਡੀ ਪੁੱਤਰੀ, ਬੀਬੀ ਦਾਨੀ ਦਾ ਵਿਆਹ ਰਾਮਾ ਜੀ ਨਾਲ ਹੋਇਆ ਸੀ, ਜੋ ਇੱਕ ਜੋਸ਼ੀਲੇ ਸਿੱਖ ਸਨ। ਉਹ ਗੁਰੂ ਦੀ ਰਸੋਈ ਵਿੱਚ ਕੰਮ ਕਰਦਾ ਸੀ ਅਤੇ ਸ਼ਰਧਾਲੂਆਂ ਦੀਆਂ ਜ਼ਰੂਰਤਾਂ ਦਾ ਪ੍ਰਬੰਧ ਕਰਦਾ ਸੀ। ਇੱਕ ਦਿਨ ਉਸਨੇ ਆਪਣੇ ਦੋਨੋਂ ਜਵਾਈ ਰਾਮਾ ਜੀ ਅਤੇ ਭਾਈ ਜੇਠਾ ਜੀ ਨੂੰ ਪਰਖ ਲਈ ਸੱਦਿਆ। ਉਨ੍ਹਾਂ ਨੂੰ ਬਾਉਲੀ ਦੇ ਕੋਲ ਇੱਕ ਥੜ੍ਹਾ ਬਣਾਉਣ ਲਈ ਕਿਹਾ। ਦੋਵਾਂ ਨੇ ਕਈ ਵਾਰ ਥੜ੍ਹਾ ਬਣਾਇਆ, ਪਰ ਗੁਰੂ ਜੀ ਨੇ ਇਹ ਕਹਿ ਕੇ ਕਿਸੇ ਨੂੰ ਵੀ ਮਨਜ਼ੂਰ ਨਹੀਂ ਕੀਤਾ ਕਿ ਇਹ ਉਹ ਨਹੀਂ ਹੈ ਜੋ ਮੈਂ ਚਾਹੁੰਦਾ ਸੀ। ਇਸ 'ਤੇ ਰਾਮਾ ਜੀ ਨੇ ਅੱਕ ਕੇ ਥੜ੍ਹਾ ਬਣਾਉਣਾ ਤਿਆਗ ਦਿੱਤਾ ਅਤੇ ਅਸਹਿਮਤੀ ਪ੍ਰਗਟ ਕੀਤੀ ਤੇ ਕਿਹਾ ਕਿ ਇਹ ਬਿਲਕੁਲ ਉਸੇ ਤਰ੍ਹਾਂ ਬਣਾਇਆ ਹੈ ਜਿਵੇਂ ਗੁਰੂ ਜੀ ਨੇ ਕਿਹਾ ਸੀ। ਲੰਮੀ ਬਹਿਸ ਤੋਂ ਬਾਅਦ ਉਸਨੇ ਤੀਜੀ ਵਾਰ ਇਸਨੂੰ ਬਣਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਗੁਰੂ ਜੀ ਦੀ ਉਮਰ ਵਧਣ ਕਾਰਨ ਯਾਦਦਾਸ਼ਤ ਦੀ ਘਾਟ ਹੋ ਗਈ ਹੈ। ਭਾਈ ਜੇਠਾ ਜੀ ਨੇ ਗੁਰੂ ਅੱਗੇ ਬੇਨਤੀ ਕੀਤੀ ਕਿ 'ਮੈਂ ਮੂਰਖ ਹਾਂ, ਮੈਂ ਗਲਤ ਅਤੇ ਘਟੀਆ ਸਮਝ ਵਾਲਾ ਹਾਂ, ਜਦੋਂ ਕਿ ਤੁਹਾਡੇ ਕੋਲ ਸਾਰਾ ਗਿਆਨ ਹੈ'। ਉਸਨੇ ਇਸਨੂੰ ਦੁਬਾਰਾ ਢਾਹ ਦਿੱਤਾ ਅਤੇ ਤੀਜੀ ਵਾਰ ਦੁਬਾਰਾ ਬਣਾਇਆ। ਗੁਰੂ ਜੀ ਇਸ ਵਿੱਚ ਨੁਕਸ ਲੱਭਦੇ ਰਹੇ ਜਦੋਂ ਤੱਕ ਇਹ ਸੱਤ ਵਾਰ ਦੁਬਾਰਾ ਨਹੀਂ ਬਣਾਇਆ ਗਿਆ। ਇਸ ਵਾਰ ਜੇਠਾ ਜੀ ਹੰਝੂ ਬਹਾਉਂਦੇ ਹੋਏ ਗੁਰੂ ਜੀ ਦੇ ਚਰਨਾਂ ਵਿੱਚ ਡਿੱਗ ਪਏ ਅਤੇ ਬੇਨਤੀ ਕੀਤੀ, 'ਮੈਂ ਇੱਕ ਮੂਰਖ ਹਾਂ ਅਤੇ ਆਪਣੀ ਸੀਮਤ ਸਮਝ ਨਾਲ, ਤੁਹਾਡੇ ਇਸ਼ਾਰੇ ਨੂੰ ਨਹੀਂ ਸਮਝ ਸਕਦਾ। ਕ੍ਰਿਪਾ ਕਰਕੇ ਮੈਨੂੰ ਆਸ਼ੀਰਵਾਦ ਦਿਓ ਤਾਂ ਜੋ ਮੇਰੇ ਹੱਥ ਤੁਹਾਡਾ ਬੋਲ ਜਾਣ ਕੇ ਤੁਹਾਡੇ ਲਈ ਥੜ੍ਹਾ ਬਣਾ ਸਕਾਂ।' ਇਹ ਸੁਣ ਕੇ ਗੁਰੂ ਅਮਰਦਾਸ ਜੀ ਨੇ ਮੁਸਕਰਾ ਕੇ ਆਪ ਜੀ ਨੂੰ ਆਸ਼ੀਰਵਾਦ ਦਿੱਤਾ, 'ਮੇਰਾ ਹੁਕਮ ਮੰਨ ਕੇ, ਤੁਸੀਂ ਬਿਨਾਂ ਕਿਸੇ ਆਸ ਦੇ ਸੱਤ ਵਾਰ ਥੜ੍ਹਾ ਬਣਵਾਇਆ ਹੈ। ਇਸ ਲਈ ਗੁਰੂ ਦੀ ਗੱਦੀ ਆਪ ਦੀ ਸੇਵਾ ਕਰਕੇ ਤੁਹਾਨੂੰ ਦਿੱਤੀ ਜਾਂਦੀ ਹੈ।'

ਬਾਬਾ ਬੁੱਢਾ ਜੀ ਨੇ ਜੇਠਾ ਜੀ ਦਾ ਨਾਮ ਬਦਲ ਕੇ ਗੁਰੂ ਰਾਮਦਾਸ ਰੱਖ ਦਿੱਤਾ। ਗੁਰੂ ਅਮਰਦਾਸ ਜੀ ਨੇ ਆਪਣੀ ਫਿਰਨੀ 'ਤੇ ਨਾਰੀਅਲ ਅਤੇ ਪੰਜ ਪੈਸੇ ਰੱਖੇ ਅਤੇ ਉਨ੍ਹਾਂ ਨੂੰ ਆਪਣਾ ਉੱਤਰਾਧਿਕਾਰੀ ਗੁਰੂ ਘੋਸ਼ਿਤ ਕਰ ਕੀਤਾ। ਆਪਣੇ ਜਾਣ ਤੋਂ ਪਹਿਲਾਂ, ਗੁਰੂ ਅਮਰਦਾਸ ਜੀ ਨੇ ਆਪਣੇ ਉਤਰਾਧਿਕਾਰੀ ਨੂੰ ਪਿਛਲੇ ਗੁਰੂਆਂ ਦੀ ਬਾਣੀ ਸੌਂਪ ਦਿੱਤੀ।

ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਦੀ ਕੀਰਤਨ, ਲੰਗਰ ਅਤੇ ਸੇਵਾ ਦੀ ਪਰੰਪਰਾ ਨੂੰ ਜਾਰੀ ਰੱਖਿਆ। ਗੁਰੂ ਰਾਮਦਾਸ ਜੀ ਨੇ ਆਪਣੇ ਗੁਰਗੱਦੀ ਕਾਲ ਦੌਰਾਨ ਸੇਵਾ ਦੀ ਭਾਵਨਾ 'ਤੇ ਹਮੇਸ਼ਾ ਜ਼ੋਰ ਦਿੱਤਾ, ਜੋ ਹਰ ਸਿੱਖ ਅਤੇ ਉਸ ਦੇ ਪਰਿਵਾਰ ਦਾ ਮੁੱਢਲਾ ਫਰਜ਼ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹਰ ਸਿੱਖ ਨੂੰ ਇਮਾਨਦਾਰੀ ਨਾਲ ਕਿਰਤ ਕਰਨੀ ਚਾਹੀਦੀ ਹੈ, ਜਿਸ ਦੌਰਾਨ ਪ੍ਰਮਾਤਮਾ ਦਾ ਨਾਮ ਸਦਾ ਉਸ ਨੂੰ ਯਾਦ ਰਹੇ। ਇਸ ਨਾਲ ਸੰਸਾਰ ਵਿੱਚ ਖੁਸ਼ੀ ਅਤੇ ਜਨਮ ਮਰਨ ਦੀ ਦੁਖਦਾਈ ਪ੍ਰਕਿਰਿਆ ਤੋਂ ਮੁਕਤੀ ਮਿਲੇਗੀ।

ਗੁਰੂ ਰਾਮਦਾਸ ਜੀ ਨੇ ਚਾਰ ਲਾਵਾਂ ਦੀ ਰਚਨਾ ਕਰਕੇ ਸਿੱਖ ਧਰਮ ਨੂੰ ਹੋਰ ਮਜ਼ਬੂਤ ਕੀਤਾ ਅਤੇ ਸਿੱਖਾਂ ਨੂੰ ਆਪਣੇ ਬੱਚਿਆਂ ਦੇ ਵਿਆਹਾਂ ਨੂੰ ਸੰਪੂਰਨ ਕਰਨ ਲਈ ਉਨ੍ਹਾਂ ਦਾ ਪਾਠ ਕਰਨ ਦੀ ਸਲਾਹ ਦਿੱਤੀ। ਇਸ ਤਰ੍ਹਾਂ ਹਿੰਦੂ ਦੀ ਵੇਦੀ ਪ੍ਰਣਾਲੀ ਦੀ ਬਜਾਏ ਸਿੱਖ ਧਰਮ 'ਤੇ ਅਧਾਰਤ ਇੱਕ ਨਵੀਂ ਵਿਆਹ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਗਈ। ਇਸ ਤਰ੍ਹਾਂ ਸਿੱਖਾਂ ਲਈ ਇਸ ਵੱਖਰੇ ਵਿਆਹ ਪ੍ਰਬੰਧ ਨੇ ਉਨ੍ਹਾਂ ਨੂੰ ਰਵਾਇਤੀ ਹਿੰਦੂ ਪ੍ਰਣਾਲੀ ਤੋਂ ਵੱਖ ਕਰ ਦਿੱਤਾ। ਬਾਬਾ ਸ਼੍ਰੀ ਚੰਦ ਜੀ ਦੁਆਰਾ ਉਦਾਸੀਆਂ ਦੀਆਂ ਵੱਖ-ਵੱਖ ਸੰਪਰਦਾਵਾਂ ਨਾਲ ਵੀ ਮੇਲ-ਮਿਲਾਪ ਕੀਤਾ। ਉਨ੍ਹਾਂ ਨੇ ਆਪਣੇ ਪੂਰਵਜਾਂ ਵਾਂਗ ਵਹਿਮਾਂ-ਭਰਮਾਂ, ਜਾਤ-ਪਾਤ ਅਤੇ ਤੀਰਥ ਯਾਤਰਾਵਾਂ ਦੀ ਸਖ਼ਤ ਨਿਖੇਧੀ ਕੀਤੀ।

ਆਪ ਜੀ ਦਾ ਸਭ ਤੋਂ ਮਹੱਤਵਪੂਰਣ ਕਾਰਜ 30 ਰਾਗਾਂ ਵਿੱਚ 638 ਸ਼ਬਦਾਂ ਦੀ ਰਚਨਾ ਕਰਨਾ ਹੈ। ਇਸ ਰਚਨਾ ਵਿੱਚ 246 ਪਦੇ, 138 ਸ਼ਲੋਕ, 31 ਅਸ਼ਟਪਦੀਆਂ ਅਤੇ 8 ਵਾਰਾਂ ਸ਼ਾਮਲ ਹਨ ਅਤੇ ਇਹ ਗੁਰੂ ਗ੍ਰੰਥ ਸਾਹਿਬ ਦਾ ਅੰਗ ਹਨ।

ਗੁਰੂ ਰਾਮਦਾਸ ਜੀ ਨੇ ਆਪਣੇ ਸਭ ਤੋਂ ਛੋਟੇ ਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ ਪੰਜਵੇਂ ਨਾਨਕ ਵਜੋਂ ਨਾਮਜ਼ਦ ਕੀਤਾ। ਇਸ ਤੋਂ ਬਾਅਦ ਉਹ ਅੰਮ੍ਰਿਤਸਰ ਛੱਡ ਕੇ ਗੋਇੰਦਵਾਲ ਸਾਹਿਬ ਆ ਗਏ। ਉਥੇ ਕੁਝ ਦਿਨਾਂ ਬਾਅਦ 1 ਸਤੰਬਰ 1581 (ਭਾਦੋਂ ਸੁਦੀ 3, 2 ਅੱਸੂ) ਸੰਮਤ 1638 ਨੂੰ ਆਪ ਜੀ ਜੋਤੀ ਜੋਤ ਸਮਾ ਗਏ।

ਗੁਰੂ ਰਾਮਦਾਸ ਜੀ ਦਾ ਯੋਗਦਾਨ ਅਤੇ ਸੰਦੇਸ਼

1. ਗੁਰੂ ਰਾਮਦਾਸ ਜੀ ਦਾਸਮੁੱਚਾ ਜੀਵਨ ਪਿਆਰ, ਸ਼ਰਧਾ, ਸਮਰਪਣ ਅਤੇ ਸੇਵਾ ਦਾ ਰੂਪ ਸੀ। ਆਪ ਜੀ ਨੇ ਬੜੀ ਨਿਮਰਤਾ ਨਾਲ ਨਿਸ਼ਕਾਮ ਜੀਵਨ ਬਤੀਤ ਕਰਕੇ ਸਾਨੂੰ ਪ੍ਰੇਮ ਸਹਿਤ ਨਿਮਰ ਜੀਵਣ ਜਿਉਣ ਦਾ ਸੰਦੇਸ਼ ਦਿੱਤਾ।

2. ਗੁਰੂ ਨਾਨਕ ਸਾਹਿਬ ਨੇ 19 ਰਾਗਾਂ ਵਿੱਚ ਬ੍ਰਹਮ ਸੰਦੇਸ਼ ਦਿੱਤਾ, ਗੁਰੂ ਰਾਮਦਾਸ ਜੀ ਨੇ 11 ਹੋਰ ਰਾਗਾਂ ਨੂੰ ਇਸ ਵਿਚ ਜੋੜਿਆ, ਜਿਸ ਨਾਲ ਗੁਰੂਗ੍ਰੰਥ ਸਾਹਿਬ ਦੇ ਮੁਕੰਮਲ 30 ਰਾਗ ਬਣ ਗਏ। ਉਸ ਤੋਂ ਬਾਅਦ ਕੇਵਲ ਇੱਕ ਰਾਗ (ਜੈਜਾਵੰਤੀ ਰਾਗ) ਗੁਰੂ ਤੇਗ ਬਹਾਦਰ ਜੀ ਦਾ ਇਸ ਵਿਚ ਅੰਕਿਤ ਕੀਤਾ ਗਿਆ।

3. ਗੁਰੂ ਰਾਮਦਾਸ ਜੀ ਮਹਾਨ ਸਿਰਜਣਹਾਰ ਅਤੇ ਦੂਰਦਰਸ਼ੀ ਸਨ। ਇਸ ਦੂਰਦਰਸ਼ਤਾ ਨਾਲ ਗੁਰੂ ਜੀ ਨੇ ਸਾਡਾ ਮਾਰਗਦਰਸ਼ਨ ਕੀਤਾ ਅਤੇ ਰਾਮਦਾਸਪੁਰ ਦੀ ਨਗਰੀ ਦੀ ਰਚਨਾ ਅਤੇ ਵਿਉਂਤਬੰਦੀ ਕੀਤੀ, ਜੋ ਬਾਅਦ ਵਿੱਚ ਅੰਮ੍ਰਿਤਸਰ ਦਾ ਪਵਿੱਤਰ ਸ਼ਹਿਰ ਬਣ ਗਿਆ, ਜਿਹੜਾ ਅੱਜ ਤੱਕ ਸਿੱਖ ਧਰਮ ਦਾ ਅਧਿਆਤਮਿਕ ਅਤੇ ਰਾਜਨੀਤਿਕ ਕੇਂਦਰ ਹੈ। ਗੁਰੂ ਰਾਮਦਾਸ ਕੇਵਲ ਇੱਕ ਦੂਰਦਰਸ਼ੀ ਪ੍ਰਤਿਭਾ ਹੀ ਨਹੀਂ ਸਨ, ਜਿਨ੍ਹਾਂ ਨੇ ਇੱਕ ਨਵੇਂ ਸ਼ਹਿਰ ਦੀ ਯੋਜਨਾ ਬਣਾਈ ਅਤੇ ਉਸ ਦੀ ਸਥਾਪਨਾ ਕੀਤੀ ਬਲਕਿ ਇੱਕ ਅਸਲ ਮਿਸ਼ਨਰੀ ਵਾਂਗ ਧਰਮ ਦਾ ਪ੍ਰਚਾਰ-ਪਾਸਾਰ ਕੀਤਾ।

4. ਗੁਰੂ ਰਾਮਦਾਸ ਜੀ ਨੇ ਸ਼ਕਤੀਸ਼ਾਲੀ ਰਾਜਨੀਤੀ ਅਤੇ ਲੋਟੂ ਸੰਸਥਾਵਾਂ ਦੇ ਸਾਹਮਣੇ ਸਿੱਖ ਕੌਮ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਲੰਗਰ ਅਤੇ ਮਿਸ਼ਨਰੀ ਭਾਵਨਾਵਾਂ ਨਾਲ ਭਰਪੂਰ ਸੰਸਥਾਵਾਂ ਦੀ ਸਥਾਪਨਾ ਕੀਤੀ ।

5. ਗੁਰੂ ਰਾਮਦਾਸ ਜੀ ਨੇਹਰੇਕ ਮਨੁੱਖ ਨੂੰ ਗੁਰਸਿੱਖ ਦਾ ਜੀਵਨ ਜਿਉਣਾ ਸਿਖਾਇਆ। ਗੁਰਸਿੱਖ ਦਾ ਜੀਵਨ ਮਰਿਯਾਦਾਮਈ ਜੀਵਨ ਹੈ, ਜਿਸ ਜੀਵਨ ਵਿਚ ਅਨੁਸ਼ਾਸ਼ਨ ਤਹਿਤ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥



(ਬਾਕੀ ਸਫ਼ਾ 31 'ਤੇ)

# ਪੰਜਾਬ ਵਿਚ 'ਵਾਰਿਸ ਪੰਜਾਬ ਦੇ' ਦੀ ਰਾਜਸੀ ਸਪੇਸ

# ਚੁਣੌਤੀਆਂ ਅਤੇ ਸੰਭਾਵਨਾਵਾਂ



ਭਾਈ ਹਰਿਸਿਮਰਨ ਸਿੰਘ
ਮੋ. 9872591713

ਪੰਜਾਬ ਦੀ ਵਿਰਾਸਤ, ਇਸ ਦੀ ਆਤਮਾ, ਰੌਸ਼ਨ ਇਤਿਹਾਸ ਅਤੇ ਭਾਈਚਾਰਕ ਸਾਂਝ ਨੂੰ ਪਿਆਰ ਕਰਨ ਵਾਲਾ, ਇਸ ਦੇ ਉਜਵੱਲ ਭਵਿੱਖ ਲਈ ਚਿੰਤਾਤੁਰ ਅਤੇ ਇਸ ਦੇ ਅਧਿਕਾਰਾਂ ਲਈ ਸੰਘਰਸ਼ ਕਰਨ ਵਾਲਾ ਹਰ ਪੰਜਾਬੀ ਇਸ ਦਾ ਵਾਰਿਸ ਹੈ। ਪਰ ਹੁਣ ਜਦੋਂ 'ਵਾਰਿਸ ਪੰਜਾਬ ਦੇ' ਨਾਂ ਦੀ ਜਥੇਬੰਦੀ ਪਿਛਲੇ ਕੁਝ ਸਮੇਂ ਤੋਂ ਅਤੇ ਹੁਣ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਇਕ ਨਵੇਂ ਅਕੀਦੇ ਅਤੇ ਜੋਸ਼ ਨਾਲ ਪੰਜਾਬ ਦੇ ਰਾਜਸੀ ਦ੍ਰਿਸ਼ ਵਿਚ ਆਪਣੀ ਸਪੇਸ ਬਣਾ ਚੁੱਕੀ ਹੈ, ਤਾਂ ਸਾਨੂੰ ਇਸ ਜਥੇਬੰਦੀ ਦਾ ਵਿਚਾਰ ਵਿਸ਼ਲੇਸ਼ਣ ਇਸੇ ਰੌਸ਼ਨੀ ਵਿਚ ਹੀ ਕਰਨਾ ਹੋਵੇਗਾ। ਅੱਜ ਪੰਜਾਬ ਦੇ ਧਾਰਮਿਕ, ਵਿਚਾਰਧਾਰਕ, ਇਤਿਹਾਸ ਨਾਲ ਜੁੜੇ ਘਟਨਾਕ੍ਰਮਾਂ ਦੇ ਰਾਜਸੀ ਅਤੇ ਸੱਤਧਾਰੀ ਗਲਿਆਰਿਆਂ ਵਿਚ ਇਸ ਦੇ ਨਵੇਂ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੀ ਪਿੰਡ ਰੋਡੇ, ਜ਼ਿਲ੍ਹਾ ਮੋਗਾ ਵਿਖੇ ਹੋਈ ਪ੍ਰਧਾਨਗੀ ਦੀ ਤਾਜਪੋਸ਼ੀ ਤੋਂ ਬਾਅਦ, ਕਈ ਵਿਦਵਾਨ, ਰਾਜਸੀ ਵਿਸ਼ਲੇਸ਼ਕ, ਵੱਖ-ਵੱਖ ਜਥੇਬੰਦੀਆਂ ਦੇ ਕਾਰਕੁੰਨ, ਸੋਸ਼ਲ ਮੀਡੀਆ, ਪੱਤਰਕਾਰ ਅਤੇ ਹਰ ਤਰਜ਼ ਦੇ ਰਾਜਸੀ ਆਗੂਆਂ ਵੱਲੋਂ ਆਪੋ-ਆਪਣੇ ਦ੍ਰਿਸ਼ਟੀਕੋਣਾਂ ਤੋਂ ਚਰਚਾ ਕੀਤੀ ਜਾ ਰਹੀ ਹੈ। ਮਾਝੇ ਦੇ ਵਸਨੀਕ ਅਤੇ ਦੁਬਈ ਤੋਂ ਪਰਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਹੋਏ ਅਚਾਨਕ ਉਭਾਰ ਨੂੰ ਸ਼ੱਕ, ਸ਼ਰਧਾ, ਪੰਥਕ ਪਿਆਰ ਅਤੇ ਸਿੱਖ ਪੰਥ ਦੇ ਭਵਿੱਖ ਦੀ ਉੱਜਵਲ ਦਿਸ਼ਾ ਆਦਿ ਦ੍ਰਿਸ਼ਟੀਕੋਣਾਂ ਤੋਂ ਵੀ ਵੇਖਿਆ ਜਾ ਰਿਹਾ ਹੈ।

ਸਮਾਜ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਕਿਸੇ ਵੀ ਵਿਚਾਰ, ਜਥੇਬੰਦੀ ਜਾਂ ਵਿਅਕਤੀ-ਵਿਅਕਤੀਆਂ ਦੇ ਉਭਾਰ ਪਿੱਛੇ ਇਕ ਸਮਾਜ ਦੀਆਂ ਸਮੁੱਚੀਆਂ ਸਥਿਤੀਆਂ, ਲੋਕਾਂ ਦੇ ਅਰਮਾਨ ਅਤੇ ਚੇਤਨਾਵਾਂ ਆਦਿ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਦੂਸਰਾ, ਇਨ੍ਹਾਂ ਦੀ ਸਤ੍ਹਾ ਦੇ ਹੇਠਾਂ ਦੀ ਹਲਚਲ ਅਤੇ ਜਵਾਲਾਮੁੱਖੀ ਵਾਂਗ ਅੰਕੁਰ ਦੇ ਫੁੱਟਣ ਦਾ ਪਹਿਲੂ ਵੀ ਮਹੱਤਵਪੂਰਨ ਹੁੰਦਾ ਹੈ। 1947, ਵਿਸ਼ੇਸ਼ ਕਰਕੇ 1984 ਤੋਂ ਬਾਅਦ ਦੀਆਂ ਸਥਿਤੀਆਂ ਵਿਚ ਪੰਜਾਬ-ਸਿੱਖ ਪੰਥ ਦੀ ਰਾਜਨੀਤੀ ਅਤੇ ਅਕਾਲੀ ਰਾਜਨੀਤੀ 2022 ਤੱਕ ਜਿਸ ਮੁਕਾਮ 'ਤੇ ਪਹੁੰਚ ਚੁੱਕੀ ਹੈ, ਉਸ ਵਿਚ ਤਿੰਨ ਚਾਰ ਕਾਰਨ ਮਹੱਤਵਪੂਰਨ ਹਨ। ਸਿੱਖ ਪੰਥ ਦੇ ਅੰਦਰ ਉਦਾਰ ਅਤੇ ਪੰਥਕ ਮੂਲ ਜੜ੍ਹਾਂ ਨਾਲ ਜੁੜੇ ਹੋਏ ਸਿੱਖਾਂ ਵਿਚਕਾਰ ਵਿਸ਼ਵ ਦੀ ਹਰ ਕੌਮ ਵਾਂਗ ਵਿਚਾਰਧਾਰਕ ਟਕਰਾਅ ਤਾਂ ਚੱਲਦੇ ਹੀ ਆ ਰਹੇ ਹਨ। ਪਰ ਜਿਨ੍ਹਾਂ ਹਾਲਾਤ, ਸਥਿਤੀਆਂ ਅਤੇ 2007 ਤੋਂ ਬਾਅਦ ਸ. ਪ੍ਰਕਾਸ਼ ਸਿੰਘ ਬਾਦਲ-ਸ. ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਪੰਜਾਬ ਦੇ ਲੋਕਾਂ ਨੇ ਨਾਕਾਰਿਆ ਹੈ, ਉਸ ਨਾਲ ਪੰਜਾਬ ਦੀ ਰਾਜਨੀਤੀ ਵਿਚ ਖਲਾਅ ਪੈਣਾ ਸੁਭਾਵਿਕ ਸੀ। ਪਰ ਪੰਥਕ ਮੂਲ ਆਤਮਾ ਨਾਲ ਜੁੜੇ ਅਕਾਲੀ ਦਲਾਂ, ਦਲ ਖਾਲਸਾ, ਸ਼੍ਰੋਮਣੀ ਖਾਲਸਾ ਦਲ, ਵਿਦਵਾਨ ਅਤੇ ਨੌਜਵਾਨ ਜਥੇਬੰਦੀਆਂ ਅਤੇ ਧਰਮ ਆਗੂਆਂ ਨੂੰ ਬਦਲਵੀਂ ਰਾਜਨੀਤੀ ਦੇਣ ਦੇ ਪੈਂਤੜੇ ਅਨੁਸਾਰ ਸਾਰਥਿਕ ਰਾਜਸੀ ਬਦਲ ਦੀ ਇਮਾਰਤ ਸਿਰਜਣੀ ਚਾਹੀਦੀ ਸੀ। ਜਿਸ ਵਿਚ ਉਹ ਅਸਫ਼ਲ ਰਹੇ ਹਨ। ਪਰ ਸਤ੍ਹਾ ਦੇ ਹੇਠਾਂ ਜਜ਼ਬਿਆਂ ਦਾ ਹੜ੍ਹ ਤਾਂ ਉਸੇ ਤਰ੍ਹਾਂ ਹੀ ਵੱਗਦਾ ਰਿਹਾ ਸੀ (ਹੈ)। ਨਤੀਜਾ, ਕਾਂਗਰਸ, ਅਕਾਲੀ ਦਲ ਅਤੇ ਅਕਾਲੀ ਦਲ ਮਾਨ ਨੂੰ ਨਕਾਰ ਕੇ ਪੰਜਾਬ ਦੇ ਲੋਕਾਂ ਨੇ ਮਜਬੂਰੀ ਵੱਸ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਸੱਤਾ ਉੱਤੇ ਬਿਠਾ ਦਿੱਤਾ। ਜਿਸ ਬਦਲਾਅ ਦੇ ਨਾਅਰੇ ਨਾਲ ਆਮ ਆਦਮੀ ਪਾਰਟੀ ਸੱਤਾ ਵਿਚ ਆਈ ਸੀ, ਉਹ ਆਸਾਂ ਉਮੀਦਾਂ ਪੂਰੀਆਂ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ ਹਨ। ਅਜਿਹੇ ਹਾਲਾਤ ਵਿਚ ਰਾਜਸੀ ਸਪੇਸ ਤਾਂ ਉਸ ਤਰ੍ਹਾਂ ਬਣੀ ਹੋਈ ਹੈ।

'ਵਾਰਿਸ ਪੰਜਾਬ ਦੇ' ਅਤੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਦੋਂ ਪਿਛਲੇ ਸਮਿਆਂ ਵਿਚ ਜਿਸ ਵੀ ਤਰ੍ਹਾਂ ਜਿਨ੍ਹਾਂ ਅਕੀਦਿਆਂ ਅਨੁਸਾਰ ਆਪਣੀਆਂ ਸਰਗਰਮੀਆਂ ਸ਼ੁਰੂ ਕੀਤੀਆਂ ਸਨ, ਉਨ੍ਹਾਂ ਨੂੰ ਇਸ ਸਬੰਧੀ ਖਾਲੀ ਪਿੜ ਸੁੱਤੇਸਿੱਧ ਮਿਲ ਗਿਆ। ਪਰ ਅਜਿਹਾ ਨਹੀਂ ਕਿ ਪਿਛਲੇ ਕਈ ਦਹਾਕਿਆਂ ਤੋਂ ਕੰਮ ਕਰਦੀਆਂ ਉਪਰ ਬਿਆਨ ਕੀਤੀਆਂ ਜਥੇਬੰਦੀਆਂ ਬਦਲਾਅ ਲਈ ਯਤਨਸ਼ੀਲ ਨਹੀਂ ਸਨ। ਪਰ ਉਹ ਕਿਉਂ ਅਸਫ਼ਲ ਰਹੀਆਂ, ਇਹ ਵਿਚਾਰ ਦਾ ਵੱਖਰਾ ਵਿਸ਼ਾ ਹੈ।




ਭਾਈ ਅੰਮ੍ਰਿਤਪਾਲ ਸਿੰਘ ਵਰਤਾਰੇ ਦੇ ਉਭਰਨ ਦੇ ਮੁੱਖ ਤੌਰ 'ਤੇ ਪੰਜ ਕਾਰਨ ਹਨ। ਇਕ, ਪਿਛਲੀਆਂ ਪੰਜ ਸਦੀਆਂ ਦੇ ਦਿੱਲੀ ਨਾਲ ਵੈਰ ਦੀ ਲਗਾਤਾਰਤਾ ਵਿਚ ਵਰਤਮਾਨ ਤੱਕ ਸਿੱਖ ਪੰਥ ਨੂੰ ਮਿਲ ਰਹੇ ਦਰਦ। ਦੋ, ਸੰਦੀਪ ਸਿੰਘ ਸਿੱਧੂ (ਦੀਪ ਸਿੱਧੂ) ਵੱਲੋਂ ਕਿਸਾਨੀ ਮੋਰਚੇ ਨਾਲ ਜੁੜੇ ਅਤੇ ਹੋਰ ਮੌਕਿਆਂ ਉੱਤੇ ਦਿੱਤੇ ਗਏ ਪੰਜਾਬ ਅਤੇ ਸਿੱਖੀ ਸਬੰਧੀ ਵਿਚਾਰਾਂ ਨਾਲ ਪੰਜਾਬ ਦੀ ਨੌਜੁਆਨੀ ਵਿਚ ਬਣਿਆ ਉਸ ਦਾ ਅਕਸ, ਤਿੰਨ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵਿਚਾਰਾਂ, ਸ਼ਖ਼ਸੀਅਤ ਅਤੇ ਵਿਰਾਸਤ ਦਾ ਹਾਲਾਤ ਵੱਸ ਭਾਈ ਅੰਮ੍ਰਿਤਪਾਲ ਸਿੰਘ ਦੀ ਸ਼ਖ਼ਸੀਅਤ ਦੁਆਰਾ, ਉਸ ਦੁਆਰਾ ਨਿਵੇਕਲੇ ਅੰਦਾਜ਼ ਵਿਚ ਪੰਥ-ਪੰਜਾਬ ਦੀ ਦੁਖਦੀ ਰਗ ਨੂੰ ਸ਼ਬਦ, ਬੋਲ ਅਤੇ ਅਰਥ ਦੇਣੇ ਅਤੇ ਪੰਜਵਾਂ ਸਿੱਖ ਸੰਗਤ, ਵਿਸ਼ੇਸ਼ ਕਰਕੇ ਪਿੰਡਾਂ ਵਿਚ ਵੱਸਦੇ ਪੰਜਾਬ ਦੇ ਲੋਕਾਂ ਵੱਲੋਂ ਧਾਰਮਿਕ ਮੁਹਾਵਰੇ ਵਿਚ ਵਿਚਰਦੇ ਹਰ ਸੰਘਰਸ਼ਸ਼ੀਲ ਆਗੂ ਨੂੰ ਸਨਮਾਨ ਦੇਣ ਦੀ ਬਿਰਤੀ। ਕੁਝ ਇਨ੍ਹਾਂ ਹਾਲਾਤ ਦੇ ਮਿਲਵੇਂ ਕਾਰਨਾਂ ਵਿਚੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਨੂੰ ਸੁਤੇਸਿੱਧ ਸਮਰਥਨ ਮਿਲਣਾ ਆਪਣੇ ਆਪ ਵਿਚ ਹੀ ਨਿਵੇਕਲਾ ਘਟਨਾਕ੍ਰਮ ਹੈ, ਪਰ ਉਨ੍ਹਾਂ ਨੂੰ ਰਾਜਨੀਤਿਕਾਂ, ਸੱਤਾਧਾਰੀਆਂ, ਰਵਾਇਤੀ ਸੋਚ ਵਾਲੇ ਵਿਦਵਾਨਾਂ, ਪ੍ਰਸ਼ਾਸਨਿਕ ਹਲਕਿਆਂ ਅਤੇ ਸੋਸ਼ਲ ਮੀਡੀਆ ਵਿਚ ਹਿਮਾਇਤ ਦੇ ਨਾਲ-ਨਾਲ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਭਾਵੇਂ ਕਿ ਅਕਾਲ ਤਖ਼ਤ ਸਾਹਿਬ, ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਬੁਝਾਰਤੀ ਚੁੱਪ ਧਾਰਨ ਕੀਤੀ ਹੋਈ ਹੈ। ਵਿਰੋਧ ਅਤੇ ਹਿਮਾਇਤ ਦਾ ਵਿਗਿਆਨ ਕਿਸੇ ਵੀ ਵਿਚਾਰ, ਜਥੇਬੰਦੀ ਅਤੇ ਸ਼ਖ਼ਸੀਅਤ ਨੂੰ ਸਿੱਧੇ ਅਸਿੱਧੇ ਰੂਪ ਵਿਚ ਸਥਾਪਿਤ ਵੀ ਕਰ ਰਿਹਾ ਹੁੰਦਾ ਹੈ। ਇਸ ਨਾਲ ਸਬੰਧਿਤ ਸ਼ਖ਼ਸੀਅਤਾਂ ਅਤੇ ਜਥੇਬੰਦੀ ਦੀ ਮਜ਼ਬੂਤੀ ਵਿਚ ਨਿਕਲਣ ਨਾਲ ਨਵੀਆਂ ਕ੍ਰਾਂਤੀਆਂ ਦੇ ਰਾਹ ਵੀ ਪੱਧਰੇ ਹੁੰਦੇ ਜਾਂਦੇ ਹਨ।

(ਬਾਕੀ ਸਫ਼ਾ 30 'ਤੇ)



ਖੇਡ ਸੰਸਾਰ

# ਖ਼ੁਸ਼ਪ੍ਰੀਤ ਕੌਰ ਕਿੱਕ ਬਾਕਸਿੰਗ ਵਿਚ ਇਟਲੀ ਵਿਖੇ ਜੌਹਰ ਵਿਖਾਏਗੀ

ਗੁਰਤੇਜ ਸਿੰਘ




ਖ਼ੁਸ਼ਪ੍ਰੀਤ ਕੌਰ ਮੋਗਾ ਜ਼ਿਲ੍ਹੇ ਦੇ ਕਸਬਾ ਨਿਹਾਲ ਸਿੰਘ ਵਾਲਾ ਅਧੀਨ ਪੈਂਦੇ ਪਿੰਡ ਰਣਸੀਂਹ ਖੁਰਦ ਦੀ ਰਹਿਣ ਵਾਲੀ ਪਿਤਾ ਜਗਸੀਰ ਸਿੰਘ ਦੀ ਲਾਡਲੀ ਖ਼ੁਸ਼ਪ੍ਰੀਤ ਕੌਰ ਹੁਣ ਤੱਕ 23 ਸੋਨ ਤਗਮੇ ਸਟੇਟ ਚੈਂਪੀਅਨਸ਼ਿਪ 'ਚੋਂ ਅਤੇ 13 ਸੋਨ ਤਮਗੇ ਨੈਸ਼ਨਲ ਚੈਂਪੀਅਨਸਿਪ 'ਚੋਂ ਜਿੱਤ ਚੁੱਕੀ ਹੈ। 12ਵੀਂ ਦੀ ਵਿਦਿਆਰਥਣ 18 ਸਾਲਾ ਖ਼ੁਸ਼ਪ੍ਰੀਤ ਕੌਰ ਨੇ ਕਲਕੱਤਾ ਵਿਖੇ ਹੋਈ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ 'ਚੋਂ ਸੋਨ ਤਮਗਾ ਜਿੱਤ ਕੇ ਇਟਲੀ ਵਿਚ 30 ਸਤੰਬਰ ਤੋਂ 9 ਅਕਤੂਬਰ ਤੱਕ ਹੋਣ ਵਾਲੀ ਵਾਕੋ ਵਰਲਡ ਚਿਲਡਰਨ ਅਤੇ ਜੂਨੀਅਰ ਕਿੱਕ ਬਾਕਸਿੰਗ 2022 ਵਿਚ ਪੂਰੇ ਭਾਰਤ ਦੀ ਪ੍ਰਤੀਨਿਧਤਾ ਕਰਨ ਦਾ ਮਾਣ ਹਾਸਲ ਕੀਤਾ ਹੈ।

ਉਸ ਦੀਆਂ ਲਗਾਤਾਰ ਪ੍ਰਾਪਤੀਆਂ ਸਦਕਾ ਉਸ ਨੂੰ ਸਾਲ 2018-2019 'ਚ ਸਪੋਰਟਸ ਅਥਾਰਟੀ ਆਫ਼ ਇੰਡੀਆ ਵਲੋਂ ਵੀ ਖੇਡਣ ਦਾ ਸੁਭਾਗ ਪ੍ਰਾਪਤ ਹੋਇਆ ਪਰ ਉਸ ਦੀਆਂ ਪ੍ਰਾਪਤੀਆਂ ਦੇ ਪਿੱਛੇ ਵੱਡਾ ਹੱਥ ਉਸ ਦੇ ਕੋਚ ਪਿਤਾ ਜਗਸੀਰ ਸਿੰਘ ਦਾ ਹੈ, ਜਿਸ ਨੇ ਪਿੰਡ 'ਚ ਹੀ ਖ਼ੁਸ਼ਪ੍ਰੀਤ ਕੌਰ ਨੂੰ ਕਿੱਕ ਬਾਕਸਿੰਗ ਵਿਚ ਤਰਾਸ਼ਿਆ। ਖ਼ੁਸ਼ਪ੍ਰੀਤ ਕੌਰ ਨੂੰ ਪਿਛਲੇ ਦਿਨੀਂ ਮੋਗਾ ਦੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਵੀ ਸਨਮਾਨਿਤ ਕਰਨ ਦੇ ਨਾਲ ਪੰਜਾਹ ਹਜ਼ਾਰ ਦੀ ਨਕਦ ਰਾਸ਼ੀ ਨਾਲ ਉਸ ਦੀ ਹੌਸਲਾ ਅਫ਼ਜ਼ਾਈ ਕੀਤੀ ਸੀ ਅਤੇ ਪਿੰਡ ਦੇ ਹੀ ਕੁਲਦੀਪ ਸਿੰਘ ਪੁੱਤਰ ਜਗਸੀਰ ਸਿੰਘ ਕੈਨੇਡਾ ਵੀ ਸਮੇਂ-ਸਮੇਂ ਖ਼ੁਸ਼ਪ੍ਰੀਤ ਕੌਰ ਦੀ ਆਰਥਿਕ ਮਦਦ ਕਰਦੇ ਰਹਿੰਦੇ ਹਨ ਤਾਂ ਕਿ ਖ਼ੁਸ਼ਪ੍ਰੀਤ ਕੌਰ ਦੀ ਟ੍ਰੇਨਿੰਗ ਵਿਚ ਕੋਈ ਖੜੋਤ ਨਾ ਆਵੇ। ਖ਼ੁਸ਼ਪ੍ਰੀਤ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਦਾ ਸੁਪਨਾ ਹੈ ਕਿ ਉਹ ਉਲੰਪਿਕ ਵਿਚ ਸੋਨ ਤਮਗਾ ਜਿੱਤੇ ਅਤੇ ਭਾਰਤ ਦਾ ਨਾਂ ਰੌਸ਼ਨ ਕਰੇ।

# ਹਰਮਨਪ੍ਰੀਤ ਸਿੰਘ ਐੱਫ਼ਆਈਐੱਚ ਸਾਲ ਦੇ ਸਰਬੋਤਮ ਖਿਡਾਰੀ ਚੁਣੇ ਗਏ

## ਲਗਾਤਾਰ ਦੂਜੀ ਵਾਰ ਹਾਸਲ ਕੀਤਾ ਇਹ ਪੁਰਸਕਾਰ



ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤੀ ਮਰਦ ਹਾਕੀ ਟੀਮ ਦੇ ਡਿਫੈਂਡਰ ਹਰਮਨਪ੍ਰੀਤ ਸਿੰਘ ਨੂੰ ਬੀਤੇ ਦਿਨੀਂ ਇੱਥੇ ਲਗਾਤਾਰ ਦੂਜੀ ਵਾਰ ਮਰਦ ਵਰਗ ਵਿਚ ਐੱਫਆਈਐੱਚ ਦਾ ਸਾਲ ਦਾ ਸਰਬੋਤਮ ਖਿਡਾਰੀ ਚੁਣਿਆ ਗਿਆ।

ਹਰਮਨਪ੍ਰੀਤ ਲਗਾਤਾਰ ਸਾਲਾਂ ਵਿਚ ਮਰਦ ਵਰਗ ਵਿਚ ਸਾਲ ਦਾ ਸਰਬੋਤਮ ਖਿਡਾਰੀ ਦਾ ਪੁਰਸਕਾਰ ਜਿੱਤਣ ਵਾਲੇ ਚੌਥੇ ਖਿਡਾਰੀ ਹਨ। ਉਹ ਇਸ ਤਰ੍ਹਾਂ ਨੀਦਰਲੈਂਡ ਦੇ ਤੇਯੁਨ ਡੀ ਨੂਜੀਅਰ, ਆਸਟ੍ਰੇਲੀਆ ਦੇ ਜੇਮੀ ਡਵੇਅਰ ਤੇ ਬੈਲਜੀਅਮ ਦੇ ਆਰਥਰ ਵਾਨ ਡੋਰੇਨ ਦੇ ਨਾਲ ਇਸ ਏਲੀਟ ਸੂਚੀ ਵਿਚ ਸ਼ਾਮਲ ਹੋ ਗਏ ਹਨ। ਐੱਫਆਈਐੱਚ ਨੇ ਇਕ ਬਿਆਨ ਵਿਚ ਕਿਹਾ ਕਿ ਹਰਮਨਪ੍ਰੀਤ ਇਕ ਆਧੁਨਿਕ ਯੁਗ ਦੇ ਹਾਕੀ ਸੁਪਰ ਸਟਾਰ ਹਨ। ਉਹ ਸ਼ਾਨਦਾਰ ਡਿਫੈਂਡਰ ਹਨ ਜਿਨ੍ਹਾਂ ਵਿਚ ਵਿਰੋਧੀ ਨੂੰ ਪਛਾੜਨ ਲਈ ਸਹੀ ਸਮੇਂ 'ਤੇ ਸਹੀ ਥਾਂ ਪੁੱਜਣ ਦੀ ਬਿਹਤਰੀਨ ਯੋਗਤਾ ਹੈ। ਹਰਮਨਪ੍ਰੀਤ ਨੂੰ ਕੁੱਲ 29.4 ਅੰਕ ਮਿਲੇ, ਉਨ੍ਹਾਂ ਤੋਂ ਬਾਅਦ ਥਿਏਰੀ ਬ੍ਰਿੰਕਮੈਨ ਦੇ 23.6 ਤੇ ਟਾਮ ਬੂਨ ਦੇ 23.4 ਅੰਕ ਹਨ। ਭਾਰਤੀ ਉੱਪ ਕਪਤਾਨ ਹਰਮਨਪ੍ਰੀਤ ਨੇ ਐੱਫਆਈਐੱਚ ਹਾਕੀ ਪ੍ਰੋ ਲੀਗ 2021-22 ਵਿਚ 16 ਮੈਚਾਂ ਵਿਚ 18 ਗੋਲ ਕੀਤੇ ਹਨ। ਜਿਨ੍ਹਾਂ ਵਿਚ ਦੋ ਹੈਟ੍ਰਿਕਾਂ ਵੀ ਸ਼ਾਮਲ ਹਨ। ਇਨ੍ਹਾਂ 18 ਗੋਲਾਂ ਦੀ ਬਦੌਲਤ ਉਹ ਭਾਰਤ ਲਈ ਸੈਸ਼ਨ ਦੇ ਅੰਤ ਵਿਚ ਸਰਬੋਤਮ ਗੋਲ ਕਰਨ ਵਾਲੇ ਖਿਡਾਰੀ ਰਹੇ ਤੇ ਉਨ੍ਹਾਂ ਦੇ ਨਾਂ ਪ੍ਰੋ ਲੀਗ ਦੇ ਇਕ ਹੀ ਸੈਸ਼ਨ ਵਿਚ ਸਭ ਤੋਂ ਵੱਧ ਗੋਲ ਕਰਨ ਦਾ ਰਿਕਾਰਡ ਵੀ ਦਰਜ ਹੋ ਗਿਆ ਹੈ। ਹਰਮਨਪ੍ਰੀਤ ਪਿਛਲੇ ਸਾਲ ਢਾਕਾ ਵਿਚ ਏਸ਼ਿਆਈ ਚੈਂਪੀਅਨਜ਼ ਟਰਾਫੀ ਵਿਚ ਸ਼ਾਨਦਾਰ ਲੈਅ ਵਿਚ ਸਨ ਜਿਸ ਵਿਚ ਉਨ੍ਹਾਂ ਨੇ (ਬਾਕੀ ਸਫ਼ਾ 31 'ਤੇ)

# ਭਾਰਤ ਦੀਆਂ ਨਾਮਵਰ ਹਾਕੀ ਟੀਮਾਂ ਨੂੰ ਹਰਾ ਕੇ ਸ਼੍ਰੋਮਣੀ ਕਮੇਟੀ ਦੀ ਟੀਮ ਬਣੀ ਚੈਂਪੀਅਨ




ਅੰਮ੍ਰਿਤਸਰ/ਏ.ਟੀ.ਨਿਊਜ਼:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਦਿਆਂ ਚਲਾਈਆਂ ਜਾ ਰਹੀਆਂ ਵੱਖ-ਵੱਖ ਖੇਡਾਂ ਦੀਆਂ ਅਕੈਡਮੀਆਂ ਨੂੰ ਉਸ ਸਮੇਂ ਇਕ ਵੱਡਾ ਹੁਲਾਰਾ ਮਿਲਿਆ ਜਦ ਸ਼੍ਰੋਮਣੀ ਕਮੇਟੀ ਦੇ ਖੇਡ ਸਕੱਤਰ ਸ. ਤੇਜਿੰਦਰ ਸਿੰਘ ਪੱਡਾ ਤੇ ਹਾਕੀ ਅਡਵਾਈਜ਼ਰ ਸ. ਗੁਰਮੀਤ ਸਿੰਘ, ਕੋਚ ਸ. ਪ੍ਰੇਮ ਸਿੰਘ ਤੇ ਸ. ਸੁਰਜੀਤ ਸਿੰਘ ਵੱਲੋਂ ਤਿਆਰ ਕੀਤੀ ਗਈ ਹਾਕੀ ਟੀਮ ਦੇ ਨੌਜਵਾਨਾਂ ਨੇ ਭਾਰਤ ਦੀਆਂ ਵੱਖ-ਵੱਖ ਨਾਮਵਰ ਕੰਪਨੀਆਂ ਦੀਆਂ ਹਾਕੀ ਟੀਮਾਂ ਨੂੰ ਸਮੂਹ ਚੈਂਪੀਅਨਸ਼ਿਪ ਦੇ ਮੈਚਾਂ ਵਿੱਚ ਵੱਡੇ ਫ਼ਰਕ ਨਾਲ ਹਰਾ ਕੇ 6ਵੀਂ ਐਸਐਨਬੀਪੀ ਚੈਂਪੀਅਨਸ਼ਿਪ ਪੂਨਾ ਦਾ ਫਾਈਨਲ ਮੁਕਾਬਲਾ ਜਿੱਤ ਕੇ ਸ਼੍ਰੋਮਣੀ ਕਮੇਟੀ ਦੀ ਟੀਮ ਨੇ ਚੈਂਪੀਅਨਸ਼ਿਪ ਆਪਣੇ ਨਾਮ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਖੇਡ ਸਕੱਤਰ ਡਾ. ਤਜਿੰਦਰ ਸਿੰਘ ਪੱਡਾ ਹਾਕੀ ਟੀਮ ਦੇ ਅਡਵਾਈਜ਼ਰ ਸ੍ਰ ਗੁਰਮੀਤ ਸਿੰਘ ਨੇ ਸਾਂਝੇ ਤੌਰ ਉੱਤੇ ਦੱਸਿਆ ਕਿ ਭਾਰਤ ਦੇ ਪ੍ਰਸਿੱਧ ਸ਼ਹਿਰ ਪੂਨਾ ਵਿਖੇ ਐਸਐਨਬੀਪੀ ਹਾਕੀ ਆਲ ਇੰਡੀਆ ਚੈਂਪੀਅਨਸ਼ਿਪ ਵਿੱਚ ਸਮੁੱਚੇ ਭਾਰਤ ਤੋਂ 32 ਨਾਮਵਰ ਹਾਕੀ ਟੀਮਾਂ ਨੇ ਸ਼ਿਰਕਤ ਕੀਤੀ, ਜਿਸ ਦੌਰਾਨ ਚੈਂਪੀਅਨਸ਼ਿਪ ਵਿੱਚ ਸ਼੍ਰੋਮਣੀ ਕਮੇਟੀ ਦੀ ਟੀਮ ਨੇ ਪਹਿਲੇ ਮੈਚ ਵਿੱਚ ਮਣੀਪੁਰ ਨੂੰ 12-0 ਨਾਵਲ ਟਾਟਾ ਨੂੰ 2-0 ਕੁਆਰਟਰ ਫਾਈਨਲ ਵਿੱਚ ਸੇਲ ਨੂੰ 5-0 ਨਾਲ ਤੇ ਸੈਮੀਫਾਈਨਲ ਮੁਕਾਬਲੇ ਵਿੱਚ ਅਨਵਰ ਹਾਕੀ ਅਕੈਡਮੀ ਯੂ.ਪੀ. ਨੂੰ 4-0 ਤੇ ਫਾਈਨਲ ਮੁਕਾਬਲਾ ਚੈਂਪੀਅਨਸ਼ਿਪ ਦਾ ਭਾਰਤ ਦੀ ਪ੍ਰਸਿੱਧ ਹਾਕੀ ਅਕੈਡਮੀ ਟੀਮ ਧਿਆਨ ਚੰਦ ਨੂੰ 4-3 ਨਾਲ ਹਰਾ ਕੇ ਚੈਂਪੀਅਨਸ਼ਿਪ ਦਾ ਫਾਈਨਲ ਖ਼ਿਤਾਬ ਸ਼੍ਰੋਮਣੀ ਕਮੇਟੀ ਦੇ ਨਾਮ ਲਗਵਾਇਆ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਬਾਬਾ ਬਕਾਲਾ ਸਾਹਿਬ ਤੇ ਫਰੀਦਕੋਟ ਵਿਖੇ ਹਾਕੀ ਅਕੈਡਮੀਆਂ ਚਲਾਈਆਂ ਜਾ ਰਹੀਆਂ ਹਨ ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਕੋਚ ਤੇ ਅਡਵਾਈਜ਼ਰ ਇਨ੍ਹਾਂ ਨੌਜਵਾਨਾਂ ਨੂੰ ਹਾਕੀ ਖੇਡ ਪ੍ਰਤੀ ਤਿਆਰ ਕਰਦੇ ਹੋਏ ਦਿਨ ਰਾਤ ਮਿਹਨਤ ਕਰਵਾ ਰਹੇ ਹਨ ਜਿਸ ਦੇ ਨਤੀਜੇ ਉਨ੍ਹਾਂ ਚੈਂਪੀਅਨਸ਼ਿਪ ਜਿੱਤੀ ਤੇ ਸ਼੍ਰੋਮਣੀ ਕਮੇਟੀ ਦਾ ਨਾਮ ਪੂਰੇ ਭਾਰਤ ਵਿੱਚ ਨਹੀਂ ਪੂਰੀ ਦੁਨੀਆਂ ਦੇ ਖੇਡ ਜਗਤ ਵਿਚ ਸ਼ਾਮਲ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਦੀ ਹਾਕੀ ਟੀਮ ਦੇ ਕਪਤਾਨ ਕਮਲਜੀਤ ਸਿੰਘ ਤੇ ਜਗਜੀਤ ਸਿੰਘ ਤੇ ਟੀਮ ਦੇ ਹੋਰ ਹਾਕੀ ਖਿਡਾਰੀਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕਰਦਿਆਂ ਸਾਰੇ ਮੈਚਾਂ ਵਿੱਚ ਜਿੱਤ ਪ੍ਰਾਪਤ ਕੀਤੀ ਤੇ ਆਪਣੀ ਟੀਮ ਦਾ ਨਾਮ ਰੌਸ਼ਨ ਕੀਤਾ।

ਫ਼ਿਲਮ ਸੰਸਾਰ

# ਸਿਨੇਮਾਘਰਾਂ ਵਿਚ ਧੁੰਮਾਂ ਪਾ ਰਹੀ ਦਿਲਜੀਤ ਦੋਸਾਂਝ ਦੀ ਫ਼ਿਲਮ 'ਬਾਬੇ ਭੰਗੜਾ ਪਾਉਂਦੇ ਨੇ'




ਪੰਜਾਬੀ ਫ਼ਿਲਮ 'ਬਾਬੇ ਭੰਗੜਾ ਪਾਉਂਦੇ ਨੇ' 5 ਅਕਤੂਬਰ ਨੂੰ ਰਿਲੀਜ਼ ਹੋਈ ਜੋ ਸਿਨੇਮਾਘਰਾਂ ਵਿਚ ਧੁੰਮਾਂ ਪਾ ਰਹੀ ਹੈ। ਇਸ ਫ਼ਿਲਮ ਨੂੰ ਦਰਸ਼ਕ ਵੱਧ-ਚੜ੍ਹ ਕੇ ਦੇਖਣ ਆ ਰਹੇ ਹਨ ਤੇ ਸ਼ੋਅਜ਼ ਵੀ ਕਈ ਥਾਵਾਂ 'ਤੇ ਹਾਊਸਫੁੱਲ ਹੋ ਰਹੇ ਹਨ। 'ਬਾਬੇ ਭੰਗੜਾ ਪਾਉਂਦੇ ਨੇ' ਇਕ ਮਨੋਰੰਜਨ ਭਰਪੂਰ ਫ਼ਿਲਮ ਹੈ, ਜੋ ਬਜ਼ੁਰਗਾਂ ਨੂੰ ਲੈ ਕੇ ਵੱਡਾ ਸੁਨੇਹਾ ਵੀ ਦਿੰਦੀ ਹੈ। ਫ਼ਿਲਮ ਨੂੰ ਅਮਰਜੀਤ ਸਿੰਘ ਨੇ ਡਾਇਰੈਕਟ ਕੀਤਾ ਹੈ, ਜਿਸ ਦੀ ਕਹਾਣੀ ਨਰੇਸ਼ ਕਥੂਰੀਆ ਨੇ ਲਿਖੀ ਹੈ। ਫ਼ਿਲਮ ਵਿਚ ਦਿਲਜੀਤ ਦੋਸਾਂਝ, ਸਰਗੁਣ ਮਹਿਤਾ, ਗੁਰਪ੍ਰੀਤ ਭੰਗੂ, ਬਲਿੰਦਰ ਜੌਹਲ, ਜੈਸਿਕਾ ਗਿੱਲ, ਬੀ. ਕੇ. ਸਿੰਘ ਰੱਖੜਾ, ਦਵਿੰਦਰ ਦੇਵ ਢਿੱਲੋਂ, ਅਵਤਾਰ ਸਿੰਘ ਗਿੱਲ ਤੇ ਡਾ. ਪਰਗਟ ਸਿੰਘ ਭੁਰਜੀ ਅਹਿਮ ਭੂਮਿਕਾ ਨਿਭਾਅ ਰਹੇ ਹਨ। ਫ਼ਿਲਮ ਨੂੰ ਦਲਜੀਤ ਥਿੰਦ ਤੇ ਦਿਲਜੀਤ ਦੋਸਾਂਝ ਵਲੋਂ ਸਾਂਝੇ ਤੌਰ 'ਤੇ ਪ੍ਰੋਡਿਊਸ ਕੀਤਾ ਗਿਆ ਹੈ।



## ਸੂਫ਼ੀ ਸਾਹਿਤ 'ਤੇ ਵਿਸ਼ੇ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377




ਸੂਫ਼ੀ ਕਾਵਿ ਧਾਰਾ ਰੂਹਾਨੀਅਤ ਦੇ ਰੰਗ ਵਿਚ ਰੰਗੀ ਪ੍ਰੇਮ ਧਾਰਾ ਹੈ। ਜੋ ਲੋਕ ਧਾਰਨਾ ਤੇ ਚਲਦੇ ਆਮ ਵਿਚਾਰਾਂ ਨੂੰ ਸਰਲ ਬੋਲੀ ਵਿਚ ਪੇਸ਼ ਕਰਦੀ ਹੈ। ਇਸ਼ਕ ਹਕੀਕੀ ਨੂੰ ਇਸ਼ਕ ਮਿਜਾਜੀ ਦੀਆਂ ਮਿਸਾਲਾਂ ਦੇ ਕੇ ਗਾਇਆ ਗਿਆ ਹੇ। ਜਿਸ ਤਰ੍ਹਾਂ ਰੂਹਾਨੀਅਤ ਵਿਚ ਰੌਚਿਕਤਾ ਆਉਂਦੀ ਹੈ। ਸੂਫ਼ੀ ਪੰਜਾਬੀ ਕਵਿਤਾ ਰੋਜ਼ਮਰਾ ਦੇ ਪੇਂਡੂ ਜੀਵਨ ਦੇ ਚਿੰਨਾਂ ਪ੍ਰਤੀਕਾਂ ਨਾਲ ਸ਼ਿੰਗਾਰੀ ਗਈ ਹੈ। ਇਸਲਾਮੀ ਪ੍ਰੰਪਰਾ ਦੇ ਹਵਾਲੇ ਨਾਲ ਸੂਫ਼ੀ ਸਾਹਿਤ ਤੇ ਲੋਕ ਸਾਹਿਤ ਦਾ ਡੂੰਘਾ ਪ੍ਰਭਾਵ ਹੈ। ਇਸੇ ਸੰਦਰਭ ਵਿਚ ਬੁੱਲ੍ਹੇ ਸ਼ਾਹ ਸੂਫ਼ੀ ਦਰਵੇਸ਼ ਅਤੇ ਪੰਜਾਬੀ ਦਾ ਮਹਾਨ ਸੂਫ਼ੀ ਕਵੀ ਹੈ। ਬੁੱਲ੍ਹੇ ਸ਼ਾਹ ਇਕ ਅਜਿਹਾ ਵਿਦਵਾਨ ਸੀ ਜਿਸ ਨੇ ਪੰਜਾਬੀ ਸਾਹਿਤ ਨਾਲ ਅਰਬੀ ਫਰਸੀ ਭਾਸ਼ਾਵਾਂ ਦੇ ਰਹੱਸਵਾਦੀ ਸਾਹਿਤ ਦੀ ਵੀ ਡੂੰਘੀ ਜਾਣਕਾਰੀ ਸੀ। ਉਸ ਨੂੰ ਪੰਜਾਬੀ ਰਚਨਾ ਕਾਫੀਆਂ ਵਿਚ ਪ੍ਰਸਿੱਧੀ ਮਿਲੀ। ਉਸ ਦਾ ਇਹ ਕਲਾਮ ਕਵਾਲਾਂ ਵਲੋਂ ਗਾਇਆ ਜਾਂਦਾ ਹੈ। ਉਸ ਦੀ ਰਚਨਾ ਵਿਚ ਰਹੱਸਵਾਦੀ ਵਿਚਾਰ ਪੇਸ਼ ਹੋਏ ਹਨ। ਹੋਰ ਵਿਸਥਾਰ ਵਿਚ ਉਸ ਦੀ ਰਚਨਾ ਵਿਚ ਬਿਰਹਾ ਦੀਆਂ ਭਾਵਨਾਵਾਂ ਹਨ। ਪੰਜਾਬੀ ਵਿਚ ਉਸ ਦੀ ਰਚਨਾ ਵਿਚ 156 ਕਵੀਆਂ, 49 ਦੋਹੜੇ, 40 ਗੰਢਾਂ, 3 ਸੀਹਰਫ਼ੀਆਂ, 1 ਅਠਵਾਹਾ ਅਤੇ ਬਾਰਾਂਮਾਹ ਹਨ। ਬੁੱਲ੍ਹੇ ਦਾ ਕਾਵਿ ਸੰਗੀਤਮਈ ਹੈ।

ਬੁੱਲ੍ਹੇ ਸ਼ਾਹ ਦਾ ਜਨਮ 1680 ਵਿਚ ਸ਼ਹਿਰ ਕਸੂਰ ਦੇ ਨੇੜੇ ਪਿੰਡ ਪਾਂਡੋਕੀ (ਪਾਕਿਸਤਾਨ) ਵਿਚ ਹੋਇਆ। ਪਿਤਾ ਪਿੰਡ ਦੀ ਮਸਜਿਦ ਵਿਚ ਨਮਾਜ਼ ਪੜ੍ਹਾਇਆ ਕਰਦੇ ਸਨ। ਉਹ ਪਿੰਡ ਦੇ ਬੱਚਿਆਂ ਨੂੰ ਅਰਬੀ ਉਰਦੂ ਫਾਰਸੀ ਵਿਚ ਸਿੱਖਿਆ ਦੇਂਦੇ ਸਨ। ਬੁੱਲ੍ਹੇ ਸ਼ਾਹ ਦੀ ਮੁਢਲੀ ਪੜ੍ਹਾਈ ਪਿਤਾ ਕੋਲੋਂ ਹੀ ਹੋਈ। ਉਚੇਰੀ ਵਿਦਿਆ ਲਈ ਕਸੂਰ ਸ਼ਹਿਰ ਜਾ ਕੇ ਹਜ਼ਰਤ ਗੁਲਾਮ ਮੁਰਤਜਾ ਦਾ ਸ਼ਗਿਰਦ ਬਣ ਗਿਆ ਜੋ ਅਰਬੀ ਫਾਰਸੀ ਦਾ ਉੱਚ ਕੋਟੀ ਦਾ ਵਿਦਵਾਨ ਸੀ। ਬੁੱਲ੍ਹੇ ਸ਼ਾਹ ਨੇ ਅਰਬੀ, ਫਾਰਸੀ ਅਤੇ ਕੁਰਾਨ ਦੀ ਅਧਿਐਨ ਕੀਤਾ। ਅਧਿਆਤਮਕ ਮਾਰਗਦਰਸ਼ਕ ਦੀ ਖੋਜ ਕੀਤੀ। ਬੁੱਲ੍ਹੇ ਨੇ ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਸ਼ਾਹ ਸਰਫ ਵਰਗੇ ਕਵੀਆਂ ਦੀ ਸਥਾਪਤ ਪੰਜਾਬੀ ਕਵਿਤਾ ਨੂੰ ਅਗਾਂਹ ਤੋਰਿਆ। ਜਿਸ ਵਿਚ ਜੀਵਨ ਖੋਜ ਦੀ ਰਚਨਾ ਹੈ। ਜਿਵੇਂ ਸਿਰਜਣਹਾਰ ਕੌਣ ਹੈ? ਸੱਚ ਕੀ ਹੈ? ਜ਼ਿੰਦਗੀ ਦਾ ਕੀ ਅਰਥ ਹੈ? ਪ੍ਰਮਾਤਮਾ ਕਿਵੇਂ ਪਾਇਆ ਜਾ ਸਕਦਾ ਹੈ? ਮੈਂ ਕੌਣ ਹਾਂ? ਅਜਿਹੇ ਖੋਜੀ ਸਵਾਲ ਹਨ। ਬੁੱਲ੍ਹਾ ਇਕੱਲਾ ਕਵੀ ਨਹੀਂ ਸੀ ਸਗੋਂ ਬਹੁਤਾ ਫਕੀਰ ਸੀ। ਉਸ ਦੀ ਫਕੀਰੀ ਨੇ ਹੀ ਉਸ ਨੂੰ ਪ੍ਰਸਿੱਧ ਕੀਤਾ ਹੈ। ਫਕੀਰਾਂ ਦੀ ਸੰਗਤ ਤੇ ਦੇਸ਼ ਵਿਚ ਹੋ ਰਹੀ ਰਾਜਗਰਦੀ ਨੇ ਬੁੱਲ੍ਹੇ ਦੇ ਮਨ ਤੇ ਡੂੰਘਾ ਅਸਰ ਕੀਤਾ। ਲਾਹੌਰ ਦੇ ਪੀਰ ਸ਼ਾਹ ਇਨਾਇਤ ਕਾਦਰੀ ਨੂੰ ਆਪਣਾ ਪੀਰ ਧਾਰਿਆ। ਰੂਹਾਨੀ ਸਿੱਖਿਆ ਹਾਸਲ ਕੀਤੀ। ਮੇਰਾ ਮੁਰਸ਼ਦ ਸ਼ਾਹ ਇਨਾਇਤ, ਉਹ ਲੰਘਾਏ ਪਾਰ।

ਜਿਸ ਸਮੇਂ ਬੁੱਲ੍ਹਾ ਪੀਰ ਕੋਲ ਗਿਆ ਤਾਂ ਉਹ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਬੁੱਲ੍ਹੇ ਨੇ ਰੱਬ ਦੀ ਪ੍ਰਾਪਤੀ ਦਾ ਸਾਧਨ ਪੁੱਛਿਆ। ਪੀਰ ਨੇ ਸਹਿਜ ਸੁਭਾਅ ਆਖਿਆ।

ਬੁੱਲ੍ਹਿਆ ਰੱਬ ਦਾ ਕੀ ਪਾਉਣਾ।
ਐਧਰੋਂ ਪੁੱਟਣਾ ਇਧਰ ਲਾਉਣਾ।

ਭਾਵ ਜਿਸ ਤਰ੍ਹਾਂ ਪਨੀਰੀ ਨੂੰ ਇਕ ਥਾਂ ਤੋਂ ਪੁੱਟ ਕੇ ਦੂਜੀ ਥਾਂ ਲਾਇਆ ਜਾਂਦਾ ਹੈ, ਇਸੇ ਤਰ੍ਹਾਂ ਮਾਇਆ ਵਿਚ ਖਚਤ ਮਨ ਨੂੰ ਇਸ ਪਾਸਿਓਂ ਹਟਾ ਕੇ ਹੀ ਰੱਬ ਵਾਲੇ ਪਾਸੇ ਲਾਇਆ ਜਾ ਸਕਦਾ ਹੈ। ਇਸ ਤੋਂ ਬਿਨਾਂ ਰੂਹਾਨੀ ਜੀਵਨ ਪ੍ਰਫੁਲਤ ਨਹੀਂ ਹੁੰਦਾ। ਬੁੱਲ੍ਹਾ ਆਪਣੇ ਮੁਰਸ਼ਦ ਦੇ ਉਪਦੇਸ਼ ਅਨੁਸਾਰ ਕਠਿਨ ਤਪ ਤੇ ਘਾਲਣਾ ਘਾਲਣ ਲੱਗਾ। ਸ਼ਰੀਅਤ ਅਤੇ ਤਰੀਕਤ ਦੀਆਂ ਸਾਰੀਆਂ ਤਰਕੀਬਾਂ ਕੀਤੀਆਂ।

ਸ਼ਰੀਅਤ ਸਾਡੀ ਦਾਈ ਹੈ। ਤਰੀਕਤ ਸਾਡੀ ਮਾਈ ਹੈ।
ਅੱਗੋਂ ਹੱਕ ਹਕੀਅਤ ਆਈ ਹੈ। ਮਾਰਫ਼ਨੋ ਕਿਛੁ ਪਾਇਆ ਹੈ।

ਬੁੱਲ੍ਹਾ ਉਦਾਰਤਾ ਨਾਲ ਰੱਬ ਦੇ ਇਸ਼ਕ ਵਿਚ ਅੱਗੇ ਮੰਜ਼ਿਲ ਵੱਲ ਵਧਦਾ ਹੈ। ਆਪਣੇ ਮੁਰਸ਼ਦ ਦੇ ਗੀਤ ਗਾਉਣ ਲੱਗਾ। ਮੁਰਸ਼ਦ ਲਈ ਪਿਆਰ ਬਿਹਬਲਤਾ ਨੇ ਹੀ ਉਸ ਨੂੰ ਕਵੀ ਬਣਾਇਆ।

ਮੈਂ ਜੁ ਤੈਨੂੰ ਆਖਿਆ, ਕੋਈ ਘੱਲ ਸੁਨੇਹੜਾ,
ਚਸ਼ਮਾ ਸੇਜ ਵਿਛਾਨੀਆਂ, ਦਿਲ ਕੀਤਾ ਡੇਰਾ।
ਮੈਂ ਉਡੀਕਾਂ ਕਰ ਰਹੀ ਕਦੀ ਆ ਕਰ ਫੇਰਾ।
ਢੂੰਡ ਸ਼ਹਿਰ ਸਭ ਭਾਲਿਆ, ਘੱਲਾ ਕਾਸਦ ਕੇਹੜਾ।
ਚੜ੍ਹੀ ਆਂ ਡੋਲੀ ਪ੍ਰੇਮ ਦੀ, ਦਿਲ ਧੜ ਕੇ ਮੇਰਾ।
ਮੈਂ ਉਡੀਕਾਂ ਕਰ ਰਹੀ, ਕਦੀ ਆ ਕੇ ਫੇਰਾ।

ਬੁੱਲ੍ਹਾ ਥਾਂ ਥਾਂ ਦੀਵਾਨਾ ਹੋ ਕੇ ਫਿਰਦਾ ਰਿਹਾ। ਬੁੱਲ੍ਹਾ ਮਸਤ ਕਲੰਦਰ ਹੋ ਕੇ ਥਾਂ ਥਾਂ ਨੱਚਦਾ ਫਿਰਦਾ ਸੀ। ਉਸ ਨੂੰ ਭਾਵੇਂ ਨੱਚਣਾ ਆਉਂਦਾ ਸੀ ਜਾਂ ਨਾ ਪਰ ਤੀਬਰਤਾ ਬੜੇ ਜ਼ੋਰ ਦੀ ਸੀ। ਜੋ ਛਲਕ ਛਲਕ ਪੈਂਦੀ ਸੀ।

ਬਹੁਡੀ ਬਹੁੜੀ ਵੇ ਤਬੀਬਾ, ਮੈਡੀ ਜਿੰਦ ਗਈ ਆ।
ਤੇਰੇ ਇਸ਼ਕ ਨਾਇਆ ਕਰ ਥਈਆ ਥਈਆ।

ਫਕੀਰ ਅੰਦਰ ਪਿਆਰ ਦੀ ਚੰਗਿਆੜੀ ਪ੍ਰਚੰਡ ਹੋ ਜਾਂਦੀ ਹੈ। ਉਹ ਸ਼ਰੀਅਤ ਦੇ ਬੰਧਨਾਂ ਤੋਂ ਅੱਗੇ ਹੋ ਕੇ ਨਿਕਲਦਾ ਹੈ। ਇਸ਼ਕ ਦੀ ਬਹਾਰ ਵਿਚ ਪੁਰਾਣ ਪਤਝੜ ਦੇ ਪੱਤਿਆਂ ਦੀ ਖੜ ਖੜ ਦੀ ਆਵਾਜ ਖਤਮ ਹੋ ਜਾਂਦੀ ਹੈ :-

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ, ਮਸਜਿਦ ਕੋਲੋਂ ਜੀਊੜਾ ਡਰਿਆ।
ਡੇਰੇ ਜਾ ਠਾਕੁਰ ਦੇ ਵੜਿਆ, ਜਿੱਥੇ ਵੱਜਦਾ ਨਾਦ ਹਜ਼ਾਰ,
ਇਛਕ ਦੀ ਨਵੀਉਂ ਨਵੀਂ ਬਹਾਰ।

ਪਰ ਇਸ਼ਕ ਦੀ ਖੇਡ ਕੋਈ ਸੌਖੀ ਜਾਂ ਸੁਆਦਲਾ ਕੰਮ ਨਹੀਂ। ਕੁਸੰਭੜੇ ਦਾ ਚੁਗਣ ਹੈ। ਬੁੱਲ੍ਹੇ ਲੇ ਅਤਿ ਕਠਿਨਾਈ ਦਾ ਸਾਹਮਣਾ ਕੀਤਾ।

ਨੀ ਮੈਂ ਕੁਸੰਭੜੇ ਚੁਗ ਚੁਗ ਹਾਰੀ
ਏ ਕੁਸੰਭੜੇ ਦੇ ਕੰਢੇ ਭਲੇਰੇ, ਅੜ ਅੜ ਚੁਨਰੀ ਪਾੜੀ,
ਭੈਣਾਂ ! ਮੈਂ ਕਤਦੀ ਕਤਦੀ ਹਟੀ,
ਪੜੀ ਪਛੀ ਪਛਵਾੜੇ ਰਹਿ ਗਈ, ਹੱਥ ਵਿਚ ਰਹਿ ਗਈ ਜੱਟੀ,
ਮੈਂ ਇਆਣੀ ਨੇਹੁੰ ਕੀ ਜਾਣਾ, ਇਹ ਕਿਉਂ ਕਰਦਾ ਲੋਕ ਧਿਙਾਣਾ,
ਕਿਆ ਗੁਲ ਮੇਵਾ ਹੋ ਹਿੰਦਵਾਣਾ,
ਮਾਪਿਆਂ ਕੋਲੋਂ ਛਪ ਛਪ ਰੋਵਾਂ ਕਰ ਕਰ ਲੱਖ ਬਹਾਨੇ
ਇਸ਼ਕ ਅਸਾਂ ਨਾਲ ਕੇਦੀ ਕੀਤੀ ਲੋਕ ਮਰੇਂਦੇ ਤਾਹਨੇ,
ਕੀ ਕਰਦਾ ਵੋ ਕੀ ਕਰਦਾ ਵੇ, ਪੁੱਛੋ ਤਾਂ ਦਿਲਬਰ ਕੀਕਰਦਾ ਵੋ,
ਇਕਸੇ ਘਰ ਚ ਵਸਦਿਆਂ ਰਸਦਿਆਂ ਨਹੀਂ ਬਣਦਾ ਵਿਚ ਪੜਦਾ ਵੋ।
ਵਾਹਦਤ ਦਾ ਦਰਿਆ ਉ ਸਤ੍ਹਾਣਾ ਕੋਈ ਡੁੱਬਦਾ ਕੋਈ ਤਰਦਾ ਵੋ।
ਬੁੱਲ੍ਹੇ ਸ਼ਾਹ ਨੂੰ ਆਣ ਮਿਲਾਵੁਹ, ਮਹਿਰਮ ਹੈ ਇਸ ਘਰਦਾ ਵੋ।

ਉਹ ਚਾਹੁੰਦਾ ਹੈ ਕਿ ਪ੍ਰਭੂ ਮਿਲਾਪ ਸਦਾ ਬਣਿਆ ਰਹੇ।

ਘੜਿਆਲੀ ਦੇਹੁ ਨਿਕਾਲ ਨੀ ਅਜ ਪੀਆ, ਘਰ ਆਇਆ ਲਾਲ।

ਰੱਬ ਦੇ ਦੀਦਾਰ ਬਾਅਦ ਬੁੱਲ੍ਹਾ ਇਸ ਮਿਲਾਪ ਨੂੰ ਹੀ ਰਾਂਝੇ ਦੇ ਰੂਪ ਵਿਚ ਗਾਇਨ ਕਰਦਾ ਹੈ। ਨਵੇਂ ਪਿਆਰ ਦੇ ਰੰਗ ਨੇ ਅਨੋਖੀ ਨੁਹਾਰ



ਬਣਾ ਦਿੱਤੀ ਹੈ।

ਰਾਂਝਾ ਜੋਗੀਅੜਾ ਬਣ ਆਯਾ ਨੀਂ।
ਵਾਹ ਵਾਹ ਸਾਂਗੀ ਸਾਂਗ ਰਚਾਯਾ ਨੀਂ।
ਇਸ ਜੋਗੀ ਦੇ ਨੈਣ ਕਟੋਰੇ ਬਾਜਾਂ ਵਾਂਗੂ ਲੈ ਦੇ ਡੋਰੇ
ਮੁੱਖ ਵੇਖਿਆ ਜਾਵਨ ਦੁਖ ਝੋਰੇ, ਇਨ੍ਹਾਂ ਅੱਖੀਆਂ ਲਾਲ ਲਖਾਯਾ ਨੀਂ
ਰਾਂਝਾ ਜੋਗੀਅੜਾ ਬਣ ਆਇਆ ਨੀਂ।
ਬੁੱਲ੍ਹੇ ਸ਼ਾਹ ਦੀ ਹੁਣ ਗਤਿ ਪਾਈ, ਪ੍ਰੀਤ ਪੁਰਾਣੀ ਸ਼ੋਰ ਮਚਾਈ,
ਏਹ ਗਲ ਕੀਕਣ ਛਪੈ ਛਪਾਈ ਲੈ ਤਖਤ ਹਜ਼ਾਰੇ ਨੂੰ ਧਾਇਆ ਨੀ
ਰਾਂਝਾ ਜੋਗੀਅਡਾ ਬਣ ਆਇਆ ਨੀ..।

ਬੁੱਲ੍ਹਾ ਆਪਣੇ ਪਿਆਰੇ ਤੋਂ ਸਦਕੇ ਜਾਂਦਾ ਹੈ ਅਤੇ ਸਵਾਲ ਕਰਦਾ ਹੈ ਕਿ ਤੈਨੂੰ ਵੀ ਸਾਡੀ ਇਤਨੀ ਖਿੱਚ ਹੈ।

ਬੁੱਲ੍ਹਾ ਸ਼ਾਹ ਤੈਂ ਪਹਿ ਵਾਰੇ ਹਾਂ, ਮੁੱਖ ਦੇਖਣ ਦੇ ਵਣਜਾਰੇ ਹਾਂ।
ਕਿਛੁ ਅਸੀਂ ਭਿ ਤੈਨੂੰ ਪਿਆਰੇ ਹਾਂ, ਕਿ ਮਹੀਂਏ ਘੋਲ ਘੁਮਾਈ ?

ਚਿਣਗ ਦੁਵੱਲੀ ਸੁਲਘਦੀ ਹੈ। ਅਖ਼ੀਰ ਇਕਮਿਕ ਹੋ ਨਿਬੜਦੀ ਹੈ, ਇਸ ਅਭੇਦਤਾ ਦਾ ਰੰਗ ਬੜਾ ਨਿਖਰਵਾਂ ਹੈ।

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।
ਸਦੋ ਨੀ, ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।

ਬੁੱਲ੍ਹੇ ਅੰਦਰ ਰੱਬ ਦਾ ਅਜਿਹੇ ਨੂਰੀ ਚਾਨਣ ਆ ਗਿਆ, ਉਹ ਹਰ ਮਨੁੱਖ ਵਿਚ ਉਸ ਦੀ ਵਿਆਪਕਤਾ ਦੇਖਦਾ ਹੈ। ਮਜ਼੍ਹਬੀ ਬੰਧਨਾਂ ਵਿਚ ਫਸੀ ਅੰਧੀ ਦੁਨੀਆ ਵਾਲੀ ਤੁਅੱਸਬ ਦੀ ਐਨਕ ਉਸ ਉਤਾਰ ਦਿੱਤੀ।

ਕਿਤੇ ਰਾਮਦਾਸ ਕਿਤੇ ਫਤੇ ਮੁਹੰਮਦ ਇਹੋ ਕਦੀਮੀ ਸ਼ੋਰ।
ਮੁਸਲਮਾਨ ਸਿਵੇ ਤੋਂ ਚਿੜਦੇ ਹਿੰਦੂ ਚਿੜਦੇ ਗੋਰ।
ਚੁਕ ਗਏ ਸਭ ਝਗੜੇ ਝੇੜੇ ਨਿਕਲ ਗਿਆ ਕੋਈ ਹੋਰ।
ਸਾਧੋ, ਕਿਸ ਨੂੰ ਕੂਕਾ ਸੁਣਾਵਾਂ, ਮੇਰੀ ਬੁੱਕਲ ਦੇ ਵਿਚ ਚੋਰ।

ਬੁੱਲ੍ਹਾ ਸ਼ਰਈ ਜਾਂ ਬਹੁਤ ਪੜ੍ਹਿਆ ਲਿਖਿਆ ਦੋਹਾਂ ਗੱਲਾਂ ਤੋਂ ਅਜਾਦ ਸੀ।

ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜ਼ਾਰੇ,
ਜਿਤ ਵਲ ਯਾਰ ਉਤੇ ਵਲ ਕਾਬਾ, ਵੇਖ ਕਿਤਾਬਾਂ ਚਾਰੇ।
ਭਠ ਨਿਮਾਜਾਂ ਤੇ ਚਿਕੜ ਰੋਜ਼ੇ ਕਲਮ ਤੇ ਫਿਰੀ ਸਿਆਈ।
ਬੁੱਲ੍ਹੇ ਸ਼ਾਹ ਸਹੁ ਅੰਦਰੋਂ ਪਾਇਆ, ਭੁੱਲੀ ਫਿਰੇ ਲੁਕਾਈ।

ਬੁੱਲ੍ਹਾ ਸ਼ਰਈ ਬੰਧਨਾਂ ਤੋਂ ਵੁਪਰ ਉਠ ਕੇ ਹਜ਼ਰਤ ਮੁਹੰਮਦ ਸਾਹਿਬ ਦੇ ਕਰੀਬੀ ਹੋ ਕੇ ਇਕ ਆਸ਼ਕ ਵਾਂਗ ਕਰੀਬ ਹੋ ਕੇ ਮਾਹੀ ਨੂੰ ਪੁਕਾਰਦਾ ਹੈ।

ਪਹਿਲੀ ਪਾਉੜੀ ਪ੍ਰੇਮ ਦੀ ਪੁਲਸਰਾਤੇ ਡੇਰਾ।
ਹਾਜੀ ਮੱਕੇ ਹੱਜ ਕਰਨ, ਮੈਂ ਮੁਖ ਵੇਖਾਂ ਤੇਰਾ।
ਆ ਮੁਹੰਮਦ ਅਰਬੀਆ, ਹੱਥ ਪਕੜੀ ਮੇਰਾ।
ਮੈਂ ਉਡੀਕਾਂ ਕਰ ਰਹੀ, ਕਦੀ ਆ ਕਰ ਫੇਰਾ।

ਬੁੱਲ੍ਹੇ ਦੀ ਅਜਾਦ ਮਿਜਾਜ਼ ਦੇਖ ਕੇ ਤੁਅਸਬੀ ਮੋਮਨ ਉਸ ਨੂੰ ਕਾਫ਼ਰ ਆਖਣ ਲੱਗੇ। ਬੁੱਲ੍ਹੇ ਨੇ ਕੋਈ ਗਿਲਾ ਨਾ ਕੀਤਾ ਤੇ ਕਿਹਾ :

ਬੁੱਲ੍ਹਿਆ ਤੈਨੂੰ ਕਾਫਿਰ ਕਾਫਿਰ ਆਖਦੇ, ਤੂੰ ਆਹੋ ਆਹੋ ਆਖ।

ਬੁੱਲ੍ਹੇ ਨੇ ਸਾਹਿਤਕ ਖੋਜ ਦੇ ਨਾਲ ਨਾਲ ਕੁਰਾਨ ਦਾ ਅਧਿਐਨ ਕੀਤਾ ਸੀ। ਪਰ ਜੋ ਕੁਝ ਵੀ ਉਸ ਨੇ ਪਾਇਆ, ਉਹ ਸੂਫ਼ੀ ਫਕੀਰਾਂ ਦੀ ਸੰਗਤ ਵਿਚੋਂ ਪਾਇਆ। ਉਸ ਨੇ ਆਪਣੇ ਨਿਰੋਲ ਅਨੁਭਵਾਂ ਨੂੰ ਪੰਜਾਬੀ ਰੰਗ ਵਿਚ ਗਾਇਆ। ਜਦੋਂ ਉਹ ਪਿਆਰੇ ਦੀ ਬਿਹਬਲ ਅਸਵਥਾ ਬਿਆਨਦਾ ਹੈ ਤਾਂ ਪੇਂਡੂ ਪੰਜਾਬ ਦਾ ਤ੍ਰਿੰਜਣ ਅੱਖਾਂ ਸਾਹਵੇਂ ਆ ਜਾਂਦਾ ਹੈ। ਚਰਖਾ ਉਸ ਦਾ ਆਪਣਾ ਦਿਲ ਹੈ। ਜੋ ਠੀਕ ਨਹੀਂ ਚੱਲ ਰਿਹਾ।

ਹੱਥੀਂ ਢਿਲਕ ਗਈ ਚਰਖੇ ਦੀ, ਮੈਥੋਂ ਕੱਤਿਆ ਮੂਲ ਨਾ ਜਾਵੇ,
ਤਕਲੇ ਨੂੰ ਵਲ਼ ਪੈ ਪੈ ਜਾਂਦੇ, ਕੌਣ ਲੁਹਾਰ ਲਿਆਵੇ,
ਘੜੀ ਘੜੀ ਇਹ ਝੋਲੇ ਖਾਂਦਾ, ਛੱਲੀ ਇਕ ਨਾ ਲਾਹਵੇ,
ਤ੍ਰਿੰਜਣ ਕੱਤਣ ਸੱਦਣ ਸਈਆਂ, ਬ੍ਰਿਹੋਂ ਢੋਲ ਵਜਾਵੇ,
ਮਾਹੀ ਛਿੜ ਗਿਆ ਨਾਲ ਮੱਝੀ ਦੇ, ਕੱਤਣ ਕਿਸ ਨੂੰ ਭਾਵੇ।

ਮਨੁੱਖ ਨੂੰ ਨੇਕੀ ਦਾ ਸੂਤ ਕੱਤਕੇ ਦਾਜ ਤਿਆਰ ਕਰਨ ਦੀ ਨਸੀਅਤ ਦਿੱਤੀ ਹੈ।

ਕੁਝ ਕਤ ਕੁੜੇ ਨਾ ਵਤ ਕੁੜੇ, ਛਲੀ ਲਾਹ ਭਰੋਟੇ ਘੱਤ ਕੁੜੇ,
ਜੇ ਪੂਣੀ ਪੂਣੀ ਕਤੇਂਗੀ ਤਾਂ ਨੰਗੀ ਮੂਲ ਨਾ ਵਤੇਂਗੀ।
ਸੌ ਵਰ੍ਹਿਆ ਦਾ ਜੇ ਕਤੇਂਗੀ, ਤਾ ਕਾਗ ਮਾਰੀਗਾ ਝੱਟ ਕੁੜੇ,
ਜੇ ਦਾਜ ਵਿਹੂਣੀ ਜਾਵੇਂਗੀ ਤਾਂ ਕਿਸੇ ਭਲੀ ਨਾ ਭਾਵੇਂਗੀ।
ਉੱਥੇ ਸਹੁ ਨੂੰ ਕਿਵੇਂ ਰਿਝਾਵੇਂਗੀ, ਕੁਝ ਲੈ ਫਕਰਾਂ ਦੀ ਮਤ ਕੁੜੇ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਵਿਚ ਆਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਬੁੱਲ੍ਹਾ 19 ਸਾਲ ਦਾ ਜਵਾਨ ਕਸੂਰ ਵਿਚ ਰਹਿੰਦਾ ਸੀ। ਉਸ ਨੂੰ ਸੂਹ ਸੀ ਕਿ ਕਿਵੇਂ ਮੁਗਲ ਬਾਦਸ਼ਾਹ ਸਿੱਖਾਂ ਤੇ ਜ਼ੁਲਮ ਕਰਦੇ ਰਹੇ ਤੇ ਕਿਸ ਤਰ੍ਹਾਂ ਸਿੰਘਾਂ ਨੇ ਅਡੋਲ ਰਹਿ ਕੇ ਸ਼ਹੀਦੀਆਂ ਪਾਈਆਂ। ਬੁੱਲ੍ਹੇ ਸ਼ਾਹ ਇਕ ਸੂਫ਼ੀ ਫਕੀਰ ਸੀ ਜੋ ਸ਼ਰਾ ਸ਼ਰੀਅਤ ਪਸੰਦ ਲੋਕਾਂ ਦੀਆਂ ਇਸਲਾਮ ਦੇ ਨਾਂ ਤੇ ਕੀਤੀਆਂ ਜਾਂਦੀਆਂ ਚਾਲਾਂ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ। ਸਿੰਘਾਂ ਦੀਆਂ ਕੁਰਬਾਨੀਆਂ ਤੇ ਦ੍ਰਿੜਤਾ ਨੂੰ ਵੇਖ ਕੇ ਉਸ ਕਿਹਾ ਕਿ ਜੇਕਰ ਗੁਰੂ ਜੀ ਇਸ ਸ਼ਕਤੀਸ਼ਾਲੀ ਲਹਿਰ ਨੂੰ ਜਨਮ ਨਾ ਦੇਂਦੇ ਤਾਂ ਭਾਰਤੀ ਸੰਸਕ੍ਰਿਤੀ ਦਾ ਨਾਮੋ ਨਿਸ਼ਾਨ ਨਾ ਰਹਿੰਦਾ ਤੇ ਭੁਅੱਸਬੀਆਂ ਦਾ ਝੰਡਾ ਝੂਲਣਾ ਸੀ। ਉਸ ਨੇ ਇਸ ਵਰਤਮਾਨ ਸਚਾਈ ਨੂੰ ਬਿਆਨ ਕੀਤਾ ਕਿ :

ਨਾ ਕਹੂੰ ਜਬ ਕੀ ਨਾ ਕਹੂੰ ਤਬ ਕੀ, ਬਾਤ ਕਹੂੰ ਮੈਂ ਅਬ ਕੀ,
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁਨੰਤ ਹੋਤੀ ਸਬ ਕੀ।

ਬੁੱਲ੍ਹਾ ਅਨੰਦਪੁਰ ਵਿਚ ਕੀਰਤਨ, ਲੰਗਰ ਅਤੇ ਫੌਜੀ ਸਰਗਰਮੀਆਂ ਦੇ ਤਿੰਨ ਰੰਗ ਵੇਖ ਕੇ ਕਹਿੰਦਾ ਹੈ :-

ਇੱਟ-ਖੜਿੱਕਾ, ਦੁਕੜ ਵਜੇ ਨਾਲ ਤਪੇ ਚੁੱਲ੍ਹਾ,
ਏਨੀ ਗੱਲੀਂ ਰੱਬ ਵੀ ਰਾਜੀ, ਨਾਲੇ ਰਾਜ਼ੀ ਬੁੱਲ੍ਹਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਚਰਚਾ ਬੁੱਲ੍ਹੇ ਨੇ ਸੁਣੀ ਸੀ। ਉਹ ਗੁਰੂ ਜੀ ਨੂੰ ਧਰਮ ਲਈ ਲੜ ਮਿਟਣ ਵਾਲਾ ਗਾਜ਼ੀ ਕਹਿ ਕੇ ਯਾਦ ਕਰਦਾ ਹੈ।

ਕਿਤੇ ਚੋਰ ਬਣੇ ਕਿਤੇ ਕਾਜੀ ਹੋ, ਕਿਤੇ ਮਿੰਬਠ ਬਹਿ ਵਾਅਜੀ ਹੋ।
ਕਿਤੇ ਤੇਗ ਬਹਾਦਰ ਗਾਜੀ ਹੋ, ਆਪ ਆਪਣਾ ਕਟਕ ਚੜ੍ਹਾਈਦਾ
ਕਹੁ ਕਿਸ ਥੀ ਆਪ ਛੁਪਾਈਦਾ
ਤੁਸੀਂ ਸਭਨੀਂ ਭੇਖੀ ਥੀਂਦ ਹੋ, ਆਪ ਮਦ ਹੋ ਆਪੇ ਪੀਂਦੇ ਹੋ,
ਤੇ ਹਰ ਜਾਂ ਤੁਸੀ ਦਿਸੀਦੇ ਹੋ, ਆਪੇ ਆਪ ਨੂੰ ਆਪ ਲੁਕਾਈ ਦਾ।

ਬੁੱਲ੍ਹੇ ਦੀ ਫਕੀਰੀ ਨੇ ਉਸ ਨੂੰ ਬੇਪ੍ਰਵਾਹ ਬਣਾਇਆ। ਉਹ ਰਾਜਸੀ ਗੱਲ੍ਹਾਂ ਵੀ ਨਿਧੜਕ ਹੋ ਕੇ ਕਹਿ ਦਿੰਦਾ ਹੈ। ਸਚਾਈ ਦੇ ਸੰਕੋਚ ਬਾਰੇ ਆਖਦਾ ਹੈ :

ਝੂਠ ਆਖਾਂ ਤਾਂ ਕੁਝ ਬਚਦਾ ਹੈ, ਸੱਚ ਆਖਿਆਂ ਭਾਂਬੜ ਮਚਦਾ ਹੈ।
ਦਿਲ ਦੋਹਾਂ ਗੱਲਾਂ ਤੋਂ ਜੱਚਦਾ ਹੈ, ਜਚ ਜਚ ਕੇ ਜੀਭਾ ਕਹਿੰਦੀ ਹੈ।

ਪਰ ਸੱਚ ਤੋਂ ਸੰਕੋਚ ਕਰਦਿਆਂ ਵੀ ਪ੍ਰਗਟ ਹੋ ਜਾਂਦਾ ਹੈ। ਬੁੱਲ੍ਹਾ ਜਾਣਦਾ ਹੈ ਕਿ ਸਿੱਖ ਧਰਮੀ ਹਨ ਅਤੇ ਧਰਮ ਲਈ ਮਰ ਰਹੇ ਹਨ। ਸਮੇਂ ਦੀ ਸਰਕਾਰ ਉਨ੍ਹਾਂ ਨੂੰ ਜਿਉਣ ਨਹੀਂ ਦਿੰਦੀ। ਮਜ਼੍ਹਬੀ ਮੁਲਾਣੇ ਵੀ ਉਨ੍ਹਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਸਿੱਖ ਆਪਣੀ ਤਾਕਤ ਨਾ ਵਧ ਰਹੇ ਹਨ। ਉਹ ਮੁਗਲਾਂ ਦੇ ਇਸ ਆਚਰਣ ਨੂੰ ਨਿੰਦਦਾ ਆਖਦਾ ਹੈ :-

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

ਪੰਜਾਬੀ ਕਹਾਣੀ

# ਲਖ਼ਸ਼



ਅੰਮ੍ਰਿਤ ਕੌਰ

ਸ਼ੂੰ....ਊਂ....... ਊਂ.... ਊਂ ਅਸਮਾਨੋਂ ਸੁਰਮਈ ਬੱਦਲਾਂ ਤੋਂ ਛੁਟੀਆਂ ਕਣੀਆਂ ਵਿੱਚੋਂ ਇੱਕ ਕਣੀ ਸ਼ਰਾਰਤਾਂ ਕਰਦੀ ਨਾਲ ਦੀਆਂ ਕਣੀਆਂ ਨਾਲ ਅਠਖੇਲੀਆਂ ਕਰਦੀ ਸ਼ੂਕਦੀ ਧਰਤੀ ਵੱਲ ਵਧ ਰਹੀ ਸੀ।

'ਤੂੰ ਵੀ ਉੱਥੇ ਈ ਡਿੱਗਣੈ.. ਜਿੱਥੇ ਅਸੀਂ ਡਿੱਗਣੈ...ਹਮੇਸ਼ਾ ਦੀ ਤਰ੍ਹਾਂ ਧਰਤੀ ਦੀ ਹਿੱਕ ਤੇ... ਫਿਰ ਤੈਨੂੰ ਕਾਹਦਾ ਵੱਖਰਾ ਚਾਅ ਚੜ੍ਹਿਆ ਪਿਆ।' ਨਾਲ ਦੀਆਂ ਕਣੀਆਂ ਨੇ ਉਸ ਦੀਆਂ ਝੱਲਵਲੱਲੀਆਂ ਸ਼ਰਾਰਤਾਂ ਤੋਂ ਬਚਦਿਆਂ ਕਿਹਾ।

'ਨਹੀਂ.....ਈਂ.... ਈਂ।'ਉਸ ਨੇ ਹੋਰ ਚਾਂਭਲ ਕੇ ਆਖਿਆ।

'ਅਸੀਂ ਤਾਂ ਚੱਲੀਆਂ ਧਰਤੀ ਤੇ ਬਨਸਪਤੀ ਨੂੰ ਹਰੀ ਭਰੀ ਕਰਨ। ਇਸ ਤੋਂ ਵੱਧ ਸਾਰਥਕ ਵਰਤੋਂ ਕੀ ਹੋ ਸਕਦੀ ਐ।' ਕੁੱਝ ਕਣੀਆਂ ਨੇ ਕਿਹਾ।

'ਬਥੇਰੀ ਵਾਰ ਧਰਤੀ ਤੇ ਆਈ ਅਤੇ ਭਾਫ਼ ਬਣ ਕੇ ਉਡੀ ਪਰ ਹੁਣ ਮੇਰਾ ਵੱਖਰਾ ਲਖ਼ਸ਼ ਐ।'

'ਏ... ਏ....ਅਹੁ ਗਈ ਤੂੰ ਵੀ....। ਨਾਲ ਦੀਆਂ ਹੱਸੀਆਂ। ਉਹ ਸੱਚੀ ਡਿੱਗ ਚੱਲੀ ਸੀ। ਥੋੜ੍ਹਾ ਸੰਭਲੀ।

ਪਪੀਤੇ ਦੇ ਪੱਤਿਆਂ ਨੇ ਕਿਣਮਿਣ ਕਿਣਮਿਣ ਕਰਦੀਆਂ ਕੁੱਝ ਕਣੀਆਂ ਆਪਣੀਆਂ ਤਲ਼ੀਆਂ ਤੇ ਬੋਚ ਲਈਆਂ। ਜਿਹਨਾਂ ਵਿੱਚ ਸ਼ਰਾਰਤੀ ਕਣੀ ਵੀ ਸੀ। ਕਣੀਆਂ ਤੋਂ ਬਣੀਆਂ ਪਾਣੀ ਦੀਆਂ ਇਹ ਸਾਰੀਆਂ ਬੂੰਦਾਂ ਮੋਤੀ ਬਣੀਆਂ ਹਲਕੀ ਜਿਹੀ ਰੁਮਕਦੀ ਹਵਾ ਦੇ ਹੁਲਾਰਿਆਂ ਨਾਲ ਇਧਰ ਉਧਰ ਝੂਟੇ ਲੈਣ ਲੱਗੀਆਂ ।

ਹਵਾ ਥੋੜ੍ਹੀ ਤੇਜ਼ ਹੋਈ ਤਾਂ ਇਹਨਾਂ ਵਿੱਚੋਂ ਕੁੱਝ ਬੂੰਦਾਂ ਪੱਤਿਆਂ ਤੋਂ ਹੇਠਾਂ ਡਿੱਗ ਪਈਆਂ। ਚਾਂਦੀ ਰੰਗੀ ਸ਼ਰਾਰਤੀ ਬੂੰਦ ਪੱਤੇ ਤੋਂ ਡਿੱਗਣ ਲੱਗੀ ਤਾਂ ਉਸ ਨੇ ਪੱਤੇ ਦੇ ਨੁਕੀਲੇ ਹਿੱਸੇ ਨੂੰ ਘੁੱਟ ਕੇ ਫੜ ਲਿਆ ਜਿਵੇਂ ਕੰਮ ਧੰਦੇ ਲੱਗੀ ਮਾਂ ਦੇ ਕੁੱਛੜ ਚੁੱਕਿਆ ਬਾਲ ਡਿੱਗਣ ਦੇ ਡਰੋਂ ਮਾਂ ਦੇ ਗਲੇ ਨੂੰ ਘੁੱਟ ਕੇ ਫੜ ਲੈਂਦਾ ਹੈ। ਹਵਾ ਵੀ ਕੁੱਝ ਦੇਰ ਲਈ ਥੰਮ੍ਹ ਗਈ ਉਸ ਦੇ ਅਨੰਦ ਵਿੱਚ ਭਿੰਗਣਾ ਨਹੀਂ ਸੀ ਪਾਉਣਾ ਚਾਹੁੰਦੀ।

ਹਾਰ ਸ਼ਿੰਗਾਰ ਦੇ ਤਾਂ ਬਹੁਤ ਸਾਰੇ ਪੱਤਿਆਂ ਨਾਲ ਬੂੰਦਾਂ ਚਿੰਬੜੀਆਂ ਪਈਆਂ ਸਨ। ਹਵਾ ਨੇ ਫੇਰ ਹੁਲਾਰਾ ਜਿਹਾ ਮਾਰਿਆ ਤਾਂ ਬਹੁਤ ਸਾਰੀਆਂ ਬੂੰਦਾਂ ਜੜ੍ਹਾਂ ਵਿੱਚ ਸਮਾ ਗਈਆਂ। ਪਰ ਪਪੀਤੇ ਦੇ ਪੱਤੇ ਵਾਲੀ ਬੂੰਦ ਨੇ ਤਾਂ ਜਿਵੇਂ ਹੇਠ ਨਾ ਡਿੱਗਣ ਦੀ ਸਹੁੰ ਖਾ ਰੱਖੀ ਹੋਵੇ। ਇੱਕ ਪਿਦਕੂ ਜਿਹੀ ਚਿੜੀ ਕਨੇਰ ਦੇ ਪੀਲੇ ਪੀਲੇ ਫੁੱਲਾਂ ਦਾ ਰਸ ਚੂਸਦੀ ਫੁਦਕਦੀ ਫਿਰ ਰਹੀ ਸੀ। ਨਿੱਕੀ ਬੂੰਦ ਨੇ ਕਿਹਾ, 'ਹੇ ਪਿਆਰੀ ਸੁੰਦਰ ਚਿੜੀ! ਮੈਨੂੰ ਆਪਣੇ ਖੰਭਾਂ ਤੇ ਬਿਠਾ ਲੈ ਮੈਂ ਹੇਠਾਂ ਨਹੀਂ ਡਿੱਗਣਾ ਚਾਹੁੰਦੀ।'

'ਮੈਨੂੰ ਬਹੁਤ ਸਾਰੇ ਕੰਮ ਨੇ ਮੇਰੇ ਕੋਲ ਵਿਹਲ ਨਹੀਂ ਤੇਰਾ ਭਾਰ ਝੱਲਣ ਦੀ।' ਚਿੜੀ ਉਸੇ ਤਰ੍ਹਾਂ ਟਹਿਣੀਓ ਟਹਿਣੀ ਟਪੂਸੀਆਂ ਮਾਰਦੀ ਫਿਰ ਰਹੀ ਸੀ।

'ਅੱਛਾ.... ਮੇਰੀ ਗੱਲ ਤਾਂ ਸੁਣ ਜਾ... ਮੇਰੇ ਕੋਲ ਆ ਕੇ।' ਉਸ ਨੇ ਫਿਰ ਤਰਲਾ ਲਿਆ।

'ਨਾ... ਮੈਨੂੰ ਪਤੈ ਤੂੰ ਬਹੁਤ ਚਲਾਕ ਏਂ... ਜਦੋਂ ਮੈਂ ਤੇਰੇ ਕੋਲ ਨੂੰ ਹੋਈ, ਤੂੰ ਛਾਲ ਮਾਰ ਕੇ ਮੇਰੇ ਖੰਭਾਂ ਤੇ ਸਵਾਰ ਹੋ ਜਾਣੈ।'

'ਨਹੀਂ ਹੁੰਦੀ.... ਵਾਅਦਾ ਰਿਹਾ।'

ਹਾਰ ਸ਼ਿੰਗਾਰ, ਪਪੀਤਾ, ਅਸ਼ੋਕ ਦੇ ਰੁੱਖ, ਕਨੇਰ, ਗੁਲਮੋਹਰ, ਗੁਲਾਬ ਦੇ ਬੂਟੇ, ਮੋਤੀਆ, ਗੁਲਦਾਊਦੀ ਸਭ ਉਹਨਾਂ ਦੀਆਂ ਗੱਲਾਂ ਤੇ ਮੁਸਕਰਾ ਰਹੇ ਸਨ। ਜਦੋਂ ਹਵਾ ਰੁਮਕਦੀ ਨਿੱਕੀ ਬੂੰਦ ਡਿਗੂੰ ਡਿਗੂੰ ਕਰਦੀ ਮਸਾਂ ਸੰਭਲਦੀ। ਹਵਾ ਦਾ ਤੇਜ਼ ਬੁੱਲਾ ਆਇਆ ਉਹ ਆਪਣੇ ਆਪ ਨੂੰ ਸੰਭਾਲ ਨਾ ਸਕੀ। ਗੁਲਾਬ ਦੀਆਂ ਪੰਖੜੀਆਂ ਨੇ ਉਸ ਨੂੰ ਬੁੱਕਲ ਵਿੱਚ ਲੈ ਲਿਆ। ਕੁੱਝ ਸਮਾਂ ਬੂੰਦ ਚੁੱਪ ਰਹੀ। ਚਿੜੀ ਦੇ ਮਨ ਵਿੱਚ ਪਤਾ ਨਹੀਂ ਕੀ ਆਇਆ ਉਹ ਫੁੱਲ ਕੋਲ ਆਈ। ਬੂੰਦ ਨੇ ਉਸ ਦੇ ਕੰਨ ਵਿੱਚ ਕੁੱਝ ਕਿਹਾ। ਉਸ ਨੇ ਬੂੰਦ ਨੂੰ ਆਪਣੇ ਖੰਭਾਂ ਵਿੱਚ ਸੰਭਾਲਿਆ ਅਤੇ ਦੂਰ ਲੈ ਉਡੀ। ਨਾਲ ਦੀਆਂ ਕਣੀਆਂ ਤੇ ਫੁੱਲ ਬੂਟੇ ਸਾਰੇ ਹੈਰਾਨ ਸਨ ਕਿ ਇਹੋ ਜਿਹਾ ਕੀ ਆਖਿਆ ਬੂੰਦ ਨੇ ਇੱਕ ਸਕਿੰਟ ਵਿੱਚ ਪਿਦਕੂ ਚਿੜੀ ਉਸ ਨੂੰ ਲੈ ਉਡੀ। ਉੱਚੇ ਲੰਮੇ ਰੁੱਖਾਂ ਦੇ ਉੱਪਰ ਦੀ, ਉੱਚੀਆਂ ਉੱਚੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਦੇ ਉੱਪਰ ਦੀ ਚਿੜੀ ਬੂੰਦ ਨੂੰ ਸੰਭਾਲ ਕੇ ਲੈ ਜਾ ਰਹੀ ਸੀ। ਮੰਦਰ, ਮਸੀਤਾਂ, ਗਿਰਜੇ, ਗੁਰਦੁਆਰਿਆਂ ਦੇ ਉੱਪਰ ਦੀ ਲੰਘਦਿਆਂ ਕਿਹਾ, 'ਇਹਨਾਂ ਦਰਾਂ ਤੋਂ ਪਵਿੱਤਰ ਥਾਂ ਨਹੀਂ ਲੱਭਣੀ ਤੈਨੂੰ। ਆਪਣਾ ਧਰਤੀ 'ਤੇ ਆਉਣਾ ਸਫ਼ਲ ਕਰ ਲੈ।' ਚਿੜੀ ਨੇ ਉਸ ਨੂੰ ਸਮਝਾਉਂਦਿਆਂ ਕਿਹਾ। ਉਹ ਕੁੱਝ ਨਾ ਬੋਲੀ। ਚਿੜੀ ਸੋਚ ਰਹੀ ਸੀ ' ਪਤਾ ਨਹੀਂ ਕਿੱਥੇ ਜਾ ਕੇ ਡਿੱਗੂ... ਐਨੀਆਂ ਪੂਜਨੀਕ ਥਾਵਾਂ ਨੂੰ ਛੱਡ ਕੇ.... ਕੀ ਪਤੈ ਮੈਨੂੰ ਊਈਂ ਝੂਠਾ ਲਾਲਚ ਦੇ ਦਿੱਤਾ ਹੋਵੇ ਕਿ ਰਹਿੰਦੀ ਦੁਨੀਆਂ ਤੱਕ ਤੈਨੂੰ ਯਾਦ ਕੀਤਾ ਜਾਊ। ਐਨੇ ਵੱਡੇ ਵੱਡੇ ਮਹਾਂਪੁਰਖਾਂ ਦੀਆਂ ਥਾਵਾਂ ਛੱਡ ਕੇ ਪਤਾ ਨਹੀਂ ਕਿੱਥੇ ਜਾ ਕੇ ਮਰੂ ।' ਚਿੜੀ ਅੰਦਰੋਂ ਅੰਦਰੀ ਔਖੀ ਹੋਈ ਪਈ ਸੀ।

'ਮੈਨੂੰ ਲੱਗਦੈ ਤੂੰ ਮੇਰੇ ਖੰਭਾਂ ਦੇ ਵਿੱਚੋਂ ਈ ਭਾਫ਼ ਬਣ ਕੇ ਉਡ ਜਾਣੈ।' ਚਿੜੀ ਨੇ ਉਸ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ।

'ਨਹੀਂ.... ਇਸ ਤਰ੍ਹਾਂ ਨਹੀਂ ਮੈਂ ਮੁੱਕਣਾ।'

'ਮੈਂ ਤੈਨੂੰ ਇੱਕ ਗੱਲ ਸੁਣਾਉਣ ਲੱਗੀ ਆਂ।'

'ਨਾ..... ਮੈਂ ਨਹੀਂ ਸੁਣਨੀ। ਤੂੰ ਉਡਦੀ ਜਾਹ ਬਸ।' ਬੂੰਦ ਨੇ ਸਰੂਰ ਨਾਲ ਆਖਿਆ।

'ਮੈਂ ਆਪਣੇ ਖੰਭ ਝਟਕਣ ਲੱਗੀ ਆਂ ਫੇਰ।'

'ਨਹੀਂ..... ਨਹੀਂ ਚਲ ਸੁਣਾ ਫੇਰ।' ਬੂੰਦ ਨੇ ਮਜ਼ਬੂਰ ਹੁੰਦਿਆਂ ਆਖਿਆ।

'ਮੈਨੂੰ ਪਤੈ ਤੂੰ ਔਖੀ ਹੋ ਕੇ ਸੁਣੇਂਗੀ। ਪਰ ਬਾਅਦ ਵਿੱਚ ਤੈਨੂੰ ਵਧੀਆ ਲੱਗੂ। ਤੈਨੂੰ ਪਤੈ ਕਿ ਕਹਿਣ ਦੇ ਨਾਲ ਸੁਣਨਾ ਕਿੰਨਾ ਜ਼ਰੂਰੀ ਐ। ਜਿਹੜਾ ਵੀ ਪ੍ਰਾਣੀ ਦੂਜੇ ਨੂੰ ਸੁਣਦਾ ਨਹੀਂ ਜਿੰਨਾ ਮਰਜ਼ੀ ਵੱਡਾ ਵਿਦਵਾਨ ਹੋਵੇ ਉਸ ਲਈ ਅੱਧੀ ਦੁਨੀਆਂ ਦੇ ਦਿਲ ਦੇ ਦਰਵਾਜ਼ੇ ਨਹੀਂ ਖੁੱਲ੍ਹਦੇ। ਉਸ ਕੋਲ ਪੂਰਨ ਗਿਆਨ ਨਹੀਂ ਹੁੰਦਾ। ਬਸ ਓਨਾ ਕੁ ਹੁੰਦੈ ਜਿੰਨਾ ਉਸ ਦਾ ਦਿਮਾਗ ਸੋਚਦੈ...।'

'ਚਲ ਸੁਣਾ ਵੀ ਹੁਣ....।' ਬੂੰਦ ਨੇ ਕਾਹਲੀ ਪੈਂਦਿਆਂ ਕਿਹਾ।

ਚਿੜੀ ਮੁਸਕਰਾਈ ਅਤੇ ਬੋਲੀ, 'ਕਹਿੰਦੇ ਨੇ ਇੱਕ ਵਾਰ ਕਿਸੇ ਰੱਬ ਦੇ ਪਿਆਰੇ ਕੋਲ ਇੱਕ ਦੁਖੀ ਬੰਦਾ ਆਪਣੇ ਦੁੱਖਾਂ ਦਾ ਕਾਰਨ ਪੁੱਛਣ ਗਿਆ। ਰੱਬ ਦੇ ਪਿਆਰੇ ਨੇ ਉਸ ਨੂੰ ਕਿਹਾ, ' ਸਾਹਮਣੇ ਬਗੀਚੇ ਵਿੱਚ ਫੁੱਲ ਖਿੜੇ ਹੋਏ ਨੇ, ਉੱਥੋਂ ਸੁਹਣਾ ਫੁੱਲ ਲੈ ਕੇ ਆਵੀਂ ਪਰ ਇੱਕ ਸ਼ਰਤ ਐ ਕਿ ਜਿੱਥੋਂ ਇੱਕ ਵਾਰ ਲੰਘ ਗਿਆ ਵਾਪਸ ਉਧਰ ਦੀ ਨਹੀਂ ਆਉਣਾ ਦੁਖੀ ਬੰਦਾ ਚਲਿਆ ਗਿਆ ਸੁਹਣੇ ਸੁਹਣੇ ਫੁੱਲਾਂ ਕੋਲ ਦੀ ਲੰਘਦਾ ਗਿਆ ਕਿ ਹੋਰ ਅੱਗੇ ਇਸ ਤੋਂ ਵੀ ਸੁਹਣੇ ਫੁੱਲ ਹੋਣਗੇ। 'ਚਿੜੀ ਥੋੜ੍ਹੀ ਦੇਰ ਲਈ ਚੁੱਪ ਹੋਈ।

'ਅੱਗੇ ਕੀ ਹੋਇਆ ? ' ਬੂੰਦ ਨੇ ਪੁੱਛਿਆ।

'ਉਹ ਲੰਘਦਾ ਗਿਆ ਅੱਗੇ ਗਿਆ ਤਾਂ ਮੁਰਝਾਏ ਫੁੱਲ ਸਨ ਪਿੱਛੇ ਮੁੜਨਾ ਨਹੀਂ ਸੀ। '

'ਫੇਰ ?'

'ਫੇਰ ਕੀ .....ਮੁਰਝਾਇਆ ਫੁੱਲ ਲੈ ਕੇ ਆ ਗਿਆ। ਮਹਾਂਪੁਰਸ਼ ਨੇ ਕਿਹਾ ' ਇਹੀ ਤੇਰੇ ਦੁੱਖਾਂ ਦਾ ਕਾਰਨ ਹੈ। ਤੂੰ ਵਧੀਆ ਤੋਂ ਵਧੀਆ ਮੌਕੇ ਛੱਡ ਰਿਹਾ ਏਂ ਹੋਰ ਵਧੀਆ ਮੌਕਿਆਂ ਦੇ ਲਾਲਚ ਵਿੱਚ.... ਪਰ ਜ਼ਿੰਦਗੀ ਵਾਰ ਵਾਰ ਮੌਕੇ ਨਹੀਂ ਦਿੰਦੀ ਹੁੰਦੀ।'

'ਵਧੀਆ ਕਹਾਣੀ ਸੁਣਾਈ।' ਕਣੀ ਨੇ ਕਿਹਾ।

'ਤੈਨੂੰ ਇਸ ਲਈ ਸੁਣਾਈ ਐ ਕਿ ਤੇਰੇ ਨਾਲ ਵੀ ਦੁਖੀ ਰਾਮ ਵਾਂਗ ਈ ਹੋਣੈ। ਐਨੀਆਂ ਪੂਜਨੀਕ ਥਾਵਾਂ ਛੱਡੀ ਜਾਨੀ ਐਂ। '



'ਤੂੰ ਫ਼ਿਕਰ ਨਾ ਕਰ... ਬਸ ਮੈਂ ਤਾਂ ਇਹੀ ਆਖਣੈ ਕਿ ਮੇਰੇ ਲਖ਼ਸ਼ ਤੇ ਤੈਨੂੰ ਵੀ ਫਖ਼ਰ ਹੋਊ।' ਇਹ ਸੁਣ ਕੇ ਚਿੜੀ ਨੇ ਮੂੰਹ ਜਿਹਾ ਬਣਾਇਆ ਅਤੇ ਬੋਲੀ, 'ਚਲ ਦੇਖ ਲਵਾਂਗੇ।'

ਚਿੜੀ ਨੂੰ ਪਿੱਛੋਂ ਥੋੜ੍ਹੇ ਸ਼ੋਰ ਦੀ ਆਵਾਜ਼ ਸੁਣਾਈ ਦਿੱਤੀ। ਕਿਣਮਿਣ ਵਿੱਚੋਂ ਕੁੱਝ ਕੁ ਕਣੀਆਂ ਹਵਾ ਦੇ ਬੁੱਲਿਆਂ ਦਾ ਸਹਾਰਾ ਲੈਂਦਿਆਂ ਉਹਨਾਂ ਦੇ ਪਿੱਛੇ ਪਿੱਛੇ ਆ ਰਹੀਆਂ ਸਨ।

'ਓ.... ਤੁਸੀਂ ਕਿੱਧਰ ਨੂੰ ਚੱਲੀਆਂ ? ' ਸ਼ਰਾਰਤੀ ਕਣੀ ਨੇ ਪੁੱਛਿਆ।

'ਜਿੱਥੇ ਤੂੰ ਚੱਲੀ ਏਂ, ਅਸੀਂ ਵੀ ਉੱਥੇ ਹੀ ਜਾਣੈ।' ਉਹਨਾਂ ਆਖਿਆ।

'ਤੁਹਾਨੂੰ ਕੀ ਪਤੈ ... ਮੈਂ ਕਿੱਥੇ ਜਾਣੈ ?'

'ਪੱਕਾ ਪਤਾ ਤਾਂ ਨਹੀਂ.... ਪਰ ਅੰਦਾਜ਼ਾ ਜ਼ਰੂਰ ਐ।'

'ਚਲੋ ਆ ਜੋ ਤੁਸੀਂ ਵੀ..... ਮੈਂ 'ਕੱਲੀ ਤਾਂ ਕੁਝ ਨਹੀਂ ਸੀ ਕਰ ਸਕਦੀ।'

'ਪਰ ਤੂੰ ਉੱਥੇ ਕਿਉਂ ਜਾ ਰਹੀ ਏਂ ? ਉਹਨਾਂ ਪੁੱਛਿਆ।

'ਇਹ ਮੌਕੇ ਵਾਰ ਵਾਰ ਨਹੀਂ ਮਿਲਦੇ ਹੁੰਦੇ... ਸਦੀਆਂ ਬਾਅਦ ਇਹੋ ਜਿਹੇ ਮੌਕੇ ਆਉਂਦੇ ਨੇ... ਮੈਂ ਛੱਡਣਾ ਨਹੀਂ ਚਾਹੁੰਦੀ ਇਸ ਮੌਕੇ ਨੂੰ।' ਉਹ ਦੱਸਣ ਲੱਗਿਆਂ ਵੀ ਅਨੰਦਿਤ ਹੋ ਰਹੀ ਸੀ।

'ਮੈਨੂੰ ਵੀ ਦੱਸ ਦਿਓ ....ਬੁਝਾਰਤਾਂ ਜਿਹੀਆਂ ਕਿਉਂ ਪਾ ਰਹੀਆਂ ਓ। ' ਚਿੜੀ ਨੂੰ ਉਹਨਾਂ ਦੀਆਂ ਗੱਲਾਂ ਪੂਰੀ ਤਰ੍ਹਾਂ ਸਮਝ ਨਹੀਂ ਸਨ ਆ ਰਹੀਆਂ। ਥੋੜ੍ਹੀ ਦੇਰ ਬਾਅਦ ਬਹੁਤ ਸਾਰੇ ਜੋਸ਼ੀਲੇ ਬੋਲ ਉਹਨਾਂ ਦੇ ਕੰਨੀ ਪਏ।ਜਿਵੇਂ ਕਿਧਰੇ ਖੁਸ਼ੀਆਂ ਮਨਾਈਆਂ ਜਾਂਦੀਆਂ ਹੋਣ। ਜਿਵੇਂ ਮਨਾਂ ਦੇ ਚਾਅ ਝੂੰਮਦੇ ਹੋਣ, ਜਿਵੇਂ ਵਿਆਹ ਸ਼ਾਦੀਆਂ ਹੋਣ, ਜਿਵੇਂ ਕਿਸੇ ਬੁੱਢੇ ਬਾਪੂ ਦਾ ਮਾਣ ਵਧਿਆ ਹੋਵੇ, ਜਿਵੇਂ ਸਭ ਦੇ ਵਡੇਰੇ ਖੁਸ਼ੀ ਦੇ ਸੋਹਲੇ ਗਾਉਂਦੇ ਹੋਣ, ਜਿਵੇਂ ਤਪਦੇ ਹਿਰਦਿਆਂ 'ਤੇ ਕੋਈ ਠੰਢੀਆਂ ਬੁਛਾਰਾਂ ਪਈਆਂ ਹੋਣ। ਇਹ ਸਾਰਾ ਕੁੱਝ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਸੀ। ਬਿਆਨ ਕਰਨਾ ਬੜਾ ਔਖਾ ਸੀ। ਕਦੇ ਲੱਗਦਾ ਇਹ ਬੱਚਿਆਂ ਨੂੰ ਖੁਸ਼ ਕਰਨ ਲਈ ਕੋਈ ਖੇਡ ਰਚੀ ਹੋਵੇ, ਕਿਤੇ ਲੱਗਦਾ... ਨਹੀਂ ਨਹੀਂ ਇਹ ਤਾਂ ਜਵਾਨਾਂ ਦੇ ਸਿਰੜ, ਸਿਦਕ, ਜੋਸ਼, ਹੋਸ਼, ਸਾਊਪੁਣੇ ਦਾ ਇਮਤਿਹਾਨ ਹੋਇਆ ਹੋਵੇ ਜਿਸ ਵਿੱਚ ਉਹਨਾਂ ਨੇ ਮਾਣਮੱਤੇ ਅੰਕ ਪ੍ਰਾਪਤ ਕੀਤੇ ਹੋਣਗੇ । ਫਿਰ ਲੱਗਦਾ... ਨਹੀਂ.... ਨਹੀਂ..... ਇਹ ਤਾਂ ਬਜ਼ੁਰਗਾਂ ਦੀ ਸ਼ਾਨਦਾਰ ਜਿੱਤ ਦਾ ਜਸ਼ਨ ਹੋਵੇ। ਇਹ ਤਾਂ 'ਸਰਬੱਤ ਦੇ ਭਲੇ' ਵਾਂਗ 'ਸਰਬੱਤ ਦੀ ਜਿੱਤ' ਜਾਪਦੀ ਹੈ। ਬੱਚੀਆਂ ਬੱਚੇ, ਨੌਜਵਾਨ ਬੀਬੀਆਂ ਤੇ ਵੀਰ, ਬਜ਼ੁਰਗ ਮਾਤਾਵਾਂ..... ਇਸ ਤਰ੍ਹਾਂ ਲੱਗਦਾ ਸੀ ਜਿਵੇਂ ਸਭ ਦੇ ਸਿਰਾਂ 'ਤੇ ਛਤਰ ਝੂਲਦੇ ਹੋਣ ਉਹਨਾਂ ਦਾ ਮਾਣ ਇਸ ਦੁਨੀਆਂ ਤੋਂ ਵੀ ਪਾਰ ਖੰਡਾਂ ਬ੍ਰਹਿਮੰਡਾਂ ਤੱਕ ਫੈਲ ਗਿਆ ਹੋਵੇ। ਜਿਵੇਂ ਮਾਂ ਭਗਾਉਤੀ ਨੇ ਹੰਕਾਰੀ ਦਾਨਵਾਂ ਨੂੰ ਹਰਾਇਆ ਹੋਵੇ। ਊਚ ਨੀਚ ਦੇ ਭੇਦ ਭਾਵ ਤੋਂ ਦੂਰ, ਧਰਮ ਖਿੱਤਿਆਂ ਦੇ ਵਖਰੇਵਿਆਂ ਤੋਂ ਦੂਰ ਸਾਰੇ ਇੱਕੋ ਹੀ ਨੂਰਾਨੀ ਚਿਹਰਿਆਂ ਵਾਲੇ ਜਾਪਦੇ ਸਨ। ਕੁੱਝ ਸਮਝ ਨਹੀਂ ਸੀ ਆ ਰਿਹਾ ਇਹ ਹੋ ਕੀ ਰਿਹਾ?

'ਤੇਰਾ ਬਹੁਤ ਬਹੁਤ ਧੰਨਵਾਦ ਪਿਆਰੀ ਚਿੜੀ ! ਹੁਣ ਮੈਂ ਚੱਲੀ।' ਬੂੰਦ ਨੇ ਆਖਿਆ।

'ਮੈਨੂੰ ਕੁਝ ਦੱਸ ਤਾਂ ਜਾਓ.... ਕਿੱਥੇ ਚੱਲੀਆਂ ਓ? ' ਚਿੜੀ ਨੇ ਹੈਰਾਨੀ ਪ੍ਰਗਟ ਕਰਦਿਆਂ ਪੁੱਛਿਆ।

'ਜੱਗ ਵਿੱਚ ਹਿੱਸਾ ਪਾਉਣ। ' ਏਨਾ ਆਖ ਕੇ ਕਣੀਆਂ ਤੇਜ਼ੀ ਨਾਲ ਧਰਤੀ ਵੱਲ ਵਧੀਆਂ। ਜਿੱਤ ਦਾ ਜਸ਼ਨ ਮਨਾਉਂਦੇ ਬੀਰਾਂ ਨੇ ਇਸ ਲੜਾਈ ਵਿੱਚ ਸ਼ਹੀਦ ਹੋਏ ਯੋਧਿਆਂ ਦੀਆਂ ਤਸਵੀਰਾਂ ਚੁੱਕੀਆਂ ਹੋਈਆਂ ਸਨ। ਬੱਚੇ, ਜਵਾਨ, ਬਜ਼ੁਰਗ ਝੂਮ ਰਹੇ ਸਨ। ਕਣੀਆਂ ਨੇ ਉਹਨਾਂ ਦੇ ਰਾਹ 'ਤੇ ਆਪਾ ਨਿਛਾਵਰ ਕੀਤਾ। ਉਸ ਤੋਂ ਬਾਅਦ ਉਹਨਾਂ ਦੇ ਚਰਨਾਂ ਦੀ ਧੂੜ ਵਿੱਚ ਸਮਾ ਗਈਆਂ।

'ਇਹ ਸਾਰੇ ਕੌਣ ਨੇ ? ' ਚਿੜੀ ਨੇ ਉੱਥੇ ਚਹਿਚਹਾਉਂਦੇ ਪੰਛੀਆਂ ਤੋਂ ਪੁੱਛਿਆ।

'ਬਾਬੇ ਨਾਨਕ ਦੇ ਕਿਰਤੀ ਇੱਕ ਲੰਬੀ ਲੜਾਈ ਜਿੱਤ ਕੇ ਘਰੀਂ ਪਰਤ ਰਹੇ ਨੇ।' ਚਿੜੀ ਨੂੰ ਬੂੰਦ ਦੀ ਗੱਲ ਯਾਦ ਆਈ ਉਸ ਨੂੰ ਸੱਚੀਂ ਆਪਣੇ ਆਪ 'ਤੇ ਅਤੇ ਚਿੜੀ ਦੇ ਲਖ਼ਸ਼ 'ਤੇ ਫ਼ਖਰ ਮਹਿਸੂਸ ਹੋ ਰਿਹਾ ਸੀ।

---

# ਇਹ ਇੱਕ ਸੱਚੀ ਘਟਨਾ ਹੈ

ਦਲੀਪ ਕੌਰ ਟਿਵਾਣਾ

ਬੀਰਇੰਦਰ, ਜਿਸ ਨੂੰ ਅਸੀਂ ਸਾਰੇ ਵੀਰਾ ਆਖਦੇ, ਬੰਗਲਾਦੇਸ਼ ਦੀ ਲੜਾਈ ਵਿੱਚ ਗਿਆ ਹੋਇਆ ਸੀ। ਵਿਧਵਾ ਮਾਂ ਦਾ ਇਕੱਲਾ ਪੁੱਤ, ਬੇਜੀ ਲਈ ਬਹੁਤ ਔਖਾ ਵੇਲਾ ਸੀ। ਉਹ ਸਾਰਾ ਵੇਲਾ ਪਾਠ ਕਰ ਕੇ ਅਰਦਾਸਾਂ ਕਰਦੇ ਰਹਿੰਦੇ। ਰੱਬ ਨੂੰ ਧਿਆਉਂਦੇ, ਸੁੱਖਣਾ ਸੁੱਖਦੇ, ਵੀਰੇ ਦੀ ਖ਼ੈਰ ਮੰਗਦੇ ਰਹਿੰਦੇ। ਪੰਜਾਂ ਭੈਣਾਂ ਦਾ ਇਕੱਲਾ ਭਰਾ ਸੀ। ਮੈਂ ਸਭ ਤੋਂ ਵੱਡੀ ਸੀ। ਬਾਪੂ ਜੀ ਦੀ ਮੌਤ ਤੋਂ ਮਗਰੋਂ ਮੈਂ ਹੀ ਉਸ ਨੂੰ ਬਹੁਤ ਸੰਭਾਲਿਆ ਸੀ, ਕਿਉਂਕਿ ਬੇਜੀ ਪਹਿਲਾਂ ਬਹੁਤ ਬਿਮਾਰ ਹੋ ਗਏ ਸਨ, ਮਗਰੋਂ ਸਭ ਕੁਝ ਛੱਡ ਛੁਡਾ ਕੇ ਕੇ ਰੱਬ ਵਾਲੇ ਪਾਸੇ ਲੱਗ ਗਏ ਸਨ।ਮੇਰੇ ਨਾਲ ਵੀਰੇ ਦਾ ਮੋਹ ਦਾ ਰਿਸ਼ਤਾ ਅਜਿਹਾ ਹੋ ਗਿਆ ਕਿ ਉਸ ਦੇ ਦੂਰ ਬੈਠੇ ਦੀ ਵੀ ਮੈਨੂੰ ਖਬਰ ਸੂਰਤ ਰਹਿੰਦੀ। ਕਦੇ ਉਹ ਬਿਮਾਰ ਹੁੰਦਾ, ਮੈਂ ਪਹੁੰਚ ਜਾਂਦੀ ਤਾਂ ਉਹ ਹੈਰਾਨ ਹੁੰਦਾ ਕਿ ਮੈਨੂੰ ਕਿਵੇਂ ਪਤਾ ਲੱਗ ਜਾਂਦਾ ਹੈ।

ਬੇਜੀ ਉਸ ਨੂੰ ਫੌਜ ਵਿੱਚ ਨਹੀਂ ਸੀ ਜਾਣ ਦੇਣਾ ਚਾਹੁੰਦੇ, ਪਰ ਉਹ ਜ਼ਿੱਦ ਕਰ ਕੇ ਚਲਿਆ ਗਿਆ। ਸਾਨੂੰ ਇੱਕ ਤਸੱਲੀ ਸੀ ਕਿ ਉਸ ਨਾਲ ਉਸ ਦੀ ਪਲਟਨ ਵਿੱਚ ਉਸ ਦੇ ਭਰਾਵਾਂ ਵਰਗਾ ਮੇਜਰ ਗੁਰਦੀਪ ਸੀ। ਕਈ ਵਾਰੀ ਵੀਰਾ ਘਰ ਫੋਨ ਕਰਨੋ ਜਾਂ ਖ਼ਤ ਲਿਖਣੋਂ ਖੁੰਜ ਜਾਂਦਾ ਤਾਂ ਮੈਂ ਗੁਰਦੀਪ ਨੂੰ ਪੁੱਛਦੀ, ਵੀਰੇ ਦਾ ਕੀ ਹਾਲ ਹੈ।

ਬੰਗਲਾਦੇਸ਼ ਦੀ ਲੜਾਈ ਜ਼ੋਰਾਂ 'ਤੇ ਸੀ। ਦਸਾਂ ਦਿਨਾਂ ਤੋਂ ਵੀਰੇ ਦਾ ਕੋਈ ਪਤਾ ਨਹੀਂ ਸੀ ਲੱਗ ਰਿਹਾ। ਕਿਸੇ ਤਾਰ ਦਾ, ਕਿਸੇ ਖ਼ਤ ਦਾ ਕੋਈ ਜਵਾਬ ਨਹੀਂ ਸੀ ਆ ਰਿਹਾ। ਬੇਜੀ ਪਾਠ ਤਾਂ ਕਰਦੇ ਹੀ ਸਨ, ਹੁਣ ਵਿੱਚ ਵਿੱਚ ਰੋ ਵੀ ਪੈਂਦੇ ਸਨ। ਉਹ ਸੋਚਦੇ ਸਨ, ਘਰ ਕੋਈ ਹੋਰ ਬੰਦਾ ਹੁੰਦਾ ਤਾਂ ਮੈਂ ਪਤਾ ਲੈਣ ਭੇਜ ਦਿੰਦੀ। ਧੀਆਂ ਵਾਲਾ ਘਰ ਹੈ, ਛੱਡ ਕੇ ਮੈਂ ਆਪ ਵੀ ਨਹੀਂ ਜਾ ਸਕਦੀ।ਫੇਰ ਇੱਕ ਦਿਨ ਖਬਰ ਆਈ ਕਿ ਲੜਾਈ ਖਤਮ ਹੋ ਗਈ ਹੈ। ਸਾਰਿਆਂ ਨੇ ਸੁੱਖ ਦਾ ਸਾਹ ਲਿਆ। ਤੀਸਰੇ ਦਿਨ ਹੀ ਵੀਰਾ ਤੇ ਗੁਰਦੀਪ ਪਟਿਆਲੇ ਪਹੁੰਚ ਗਏ। ਬੇਜੀ ਨੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ। ਚਾਹ ਪੀਂਦਿਆਂ ਮੈਂ ਵੀਰੇ ਅਤੇ ਗੁਰਦੀਪ ਨੂੰ ਦੱਸਿਆ ਕਿ ਮੈਨੂੰ ਇੱਕ ਰਾਤ ਸੁਪਨਾ ਆਇਆ ਸੀ ਕਿ ਵੀਰਾ ਕਿਧਰੇ ਖੋ ਗਿਆ ਹੈ। ਮੈਂ ਉੱਚੀ-ਉੱਚੀ ਰੋ ਕੇ ਹਾਕਾਂ ਮਾਰੀਆਂ। ਮੈਂ ਬੜੀ ਡਰ ਗਈ ਸੀ। ਫਿਰ ਨਿੱਕਾ ਜਿਹਾ ਵੀਰਾ ਇੱਕ ਦਰੱਖਤ ਤੋਂ ਬੋਲਿਆ, 'ਭੈਣ ਜੀ ਕਿਉਂ ਲੱਭਦੇ ਫਿਰਦੇ ਹੋ, ਮੈਂ ਇੱਥੇ ਦਰੱਖਤ ਉਪਰ ਬੈਠਾ ਹਾਂ।' ਤੇ ਉਹ ਹੱਸ ਪਿਆ। ਮੇਰੀ ਜਾਗ ਖੁੱਲ੍ਹੀ ਤਾਂ ਸੁਪਨਾ ਮੈਨੂੰ ਯਾਦ ਸੀ। ਮੈਨੂੰ ਅੱਜ ਵੀ ਉਹਦੇ ਖੋ ਜਾਣ ਦੀ ਘਬਰਾਹਟ ਸੀ।ਗੁਰਦੀਪ ਬੋਲਿਆ, 'ਕਮਾਲ ਐ ਭੈਣ ਜੀ, ਤੁਹਾਨੂੰ ਕੀ ਦੱਸੀਏ। ਅੱਗੇ ਰਾਤ ਵੇਲੇ ਲੜਾਈ ਥੰਮ੍ਹ ਜਾਂਦੀ ਹੁੰਦੀ ਸੀ, ਪਰ ਉਸ ਦਿਨ ਰਾਤ ਤੱਕ ਚਲਦੀ ਰਹੀ। ਸਾਡੇ ਆਲੇ ਦੁਆਲੇ ਲਾਸ਼ਾਂ ਹੀ ਲਾਸ਼ਾਂ ਸਨ। ਮੈਂ ਤੇ ਵੀਰਾ ਭੱਜ ਕੇ ਇੱਕ ਰੁਖ ਉਤੇ ਚੜ੍ਹ ਗਏ। ਮੈਂ ਵੀਰੇ ਨੂੰ ਆਖਿਆ ਕਿ ਵੀਰੇ ਮਰੀਂ ਨਾ, ਨਹੀਂ ਤਾਂ ਮੈਂ ਭੈਣ ਜੀ ਨੂੰ ਕੀ ਜਵਾਬ ਦਿਆਂਗਾ।' ਮੈਂ ਹੈਰਾਨ ਹੋ ਕੇ ਗੁਰਦੀਪ ਦੀ ਗੱਲ ਸੁਣ ਰਹੀ ਸੀ।ਇਸ ਤੋਂ ਮਗਰੋਂ ਵੀਰਾ ਦੱਸਣ ਲੱਗਿਆ, 'ਇੱਕ ਹੋਰ ਗੱਲ ਹੋਈ। ਲੜਾਈ ਬੜੀ ਘਮਸਾਨ ਦੀ ਹੋ ਰਹੀ ਸੀ। ਅਗਾਂਹ ਵਧਦੇ ਵਧਦੇ ਦੋਵਾਂ ਪਾਸਿਆਂ ਦੇ ਫੌਜੀ ਆਪੋ ਵਿੱਚ ਭਿੜਨ ਤੱਕ ਆਣ ਪਹੁੰਚੇ। ਬਿਲਕੁਲ ਮੇਰੇ ਐਨ ਸਾਹਮਣੇ ਜਿਹੜਾ ਪਾਕਿਸਤਾਨੀ ਬੰਦਾ ਪਿਸਤੌਲ ਚਲਾਉਣ ਲੱਗਿਆ ਸੀ, ਅਚਾਨਕ ਉਸ ਨੇ ਪਿਸਤੌਲ ਹੇਠਾਂ ਕਰ ਲਿਆ। ਉਸ ਦਾ ਧਿਆਨ ਮੇਰੀ ਜੇਬ 'ਤੇ ਲੱਗੇ ਕੈਪਟਨ ਬੀ ਐਸ ਟਿਵਾਣਾ ਵਾਲੇ ਫੀਤੇ ਉਤੇ ਸੀ। ਉਸੇ ਵੇਲੇ ਮੈਂ ਉਸ ਦੇ ਵੱਲ ਧਿਆਨ ਨਾਲ ਵੇਖਿਆ, ਉਸ ਦੀ ਜੇਬ ਉਪਰਲੇ ਫੀਤੇ ਉਤੇ ਕਰਨਲ ਏ ਐੱਸ ਟਿਵਾਣਾ ਲਿਖਿਆ ਹੋਇਆ ਸੀ। ਮੈਂ ਆਪਣੀ ਏ ਕੇ ਸੰਤਾਲੀ ਰਾਈਫਲ ਦਾ ਮੂੰਹ ਹੇਠਾਂ ਕਰ ਲਿਆ। ਉਹ ਐਨ ਮੇਰੇ ਨੇੜੇ ਆ ਗਿਆ ਸੀ। ਉਸ ਦੇ ਪੈਰ ਵਿੱਚ ਗੋਲੀ ਵੱਜੀ ਹੋਈ ਸੀ, ਜਿਸ ਕਰ ਕੇ ਉਸ ਦਾ ਬੂਟ ਫਟ ਗਿਆ ਸੀ ਤੇ ਪੈਰ ਵਿੱਚੋਂ ਲਹੂ ਵਗ ਰਿਹਾ ਸੀ। ਮੈਂ ਆਪਣੇ ਬੂਟ ਖੋਲ੍ਹ ਕੇ ਉਸ ਵੱਲ ਕਰਦਿਆਂ ਆਖਿਆ, ਸਰ, ਤੁਸੀਂ ਇਹ ਪਾ ਲਵੋ। ਨਾਲ ਹੀ ਆਪਣੀ ਜੇਬ ਵਿੱਚੋਂ ਰੁਮਾਲ ਕੱਢ ਕੇ ਦਿੱਤਾ ਅਤੇ ਆਖਿਆ ਕਿ ਇਸ ਨੂੰ ਘੁੱਟ ਕੇ ਜ਼ਖਮ ਉਤੇ ਬੰਨ੍ਹ ਲਓ। ਉਸ ਨੇ ਰੁਮਾਲ ਬੰਨ੍ਹ ਲਿਆ ਤੇ ਬੂਟ ਪਾ ਲਏ। ਇਸ ਵੇਲੇ ਤੱਕ ਲੜਾਈ ਥਮ ਗਈ ਤੇ ਫੌਜੀ ਆਪਣੇ ਆਪਣੇ ਟਿਕਾਣਿਆਂ ਵੱਲ ਮੁੜ ਰਹੇ ਸਨ। ਉਸ ਨੇ ਆਪਣਾ ਪਿਸਟਲ ਮੈਨੂੰ ਦਿੰਦਿਆਂ ਆਖਿਆ ਕਿ ਇਹ ਤੂੰ ਰੱਖ ਲੈ। 'ਸਰ ਤੁਹਾਨੂੰ ਲੋੜ ਪਵੇਗੀ' ਮੈਂ ਆਖਿਆ ਸੀ। ਕਰਨਲ ਨੇ ਕਿਹਾ ਸੀ ਕਿ ਕੋਈ ਨਹੀਂ, ਇਹ ਤੂੰ ਮੇਰੀ ਨਿਸ਼ਾਨੀ ਰੱਖ ਲੈ, ਆਪਾਂ ਕਦੇ ਫਿਰ ਅਮਨ ਵੇਲੇ ਮਿਲਾਂਗੇ।'

'ਫੇਰ ਭੈਣ ਜੀ ਵੀਰੇ ਦੀ ਸੀ ਓ ਵੱਲੋਂ ਐਕਸਪਲਾਂਨੇਸ਼ਨ ਹੋਈ ਕਿ ਤੂੰ ਦੁਸ਼ਮਣ ਨੂੰ ਬੂਟ ਕਿਉਂ ਦਿੱਤੇ ਤੇ ਵੀਰੇ ਨੇ ਭੋਲੇ-ਭਾਅ ਆਖਿਆ ਸੀ ਕਿ ਉਹ ਦੇ ਨਾਲ ਮੇਰੀ ਕਾਹਦੀ ਦੁਸ਼ਮਣੀ ਸੀ ?' ਗੁਰਦੀਪ ਨੇ ਦੱਸਿਆ।

ਅੱਜ ਜਦੋਂ ਵੀਰਾ ਨਹੀਂ ਰਿਹਾ ਅਤੇ ਉਹ ਕਰਨਲ ਏ ਐੱਸ ਟਿਵਾਣਾ ਵੀ ਨਹੀਂ ਰਿਹਾ ਤਾਂ ਇਹ ਦੁੱਖ ਵੀ ਲੱਗਦਾ ਹੈ ਕਿ ਅਮਨ ਵੇਲੇ ਮਿਲਣ ਦੀ ਇੱਛਾ ਨਾ ਸਿਰਫ ਦੋ ਟਿਵਾਣਿਆਂ ਦੀ ਸੀ, ਨਾ ਸਿਰਫ ਦੋ ਫੌਜੀਆਂ ਦੀ ਸੀ, ਸਗੋਂ ਦੋਵਾਂ ਮੁਲਕਾਂ ਦੇ ਲੋਕਾਂ ਦੀ ਸੀ ਅਤੇ ਹੈ ਵੀ।

'ਜੇ ਲੜਾਈ ਕੋਈ ਵੀ ਨਹੀਂ ਚਾਹੁੰਦਾ, ਫੇਰ ਹੁੰਦੀਆਂ ਕਿਉਂ ਨੇ ?' ਬੇਜੀ ਨੇ ਪੁੱਛਿਆ।

'ਲੜਾਈਆਂ ਸਰਕਾਰਾਂ ਕਰਵਾਉਂਦੀਆਂ ਨੇ, ਕਿਉਂਕਿ ਉਨ੍ਹਾਂ ਦੇ ਪੁੱਤ ਨਾ ਲੜਾਈਆਂ ਵਿੱਚ ਜਾਂਦੇ ਨੇ, ਨਾ ਲੜਾਈਆਂ ਵਿੱਚ ਮਰਦੇ ਨੇ।' ਮੇਰਾ ਜਵਾਬ ਸੀ। ਇਹ ਗੱਲ ਮੈਂ ਪਾਕਿਸਤਾਨੀ ਲੇਖਿਕਾ ਅਫਜ਼ਲ ਤੌਸੀਫ ਨੂੰ ਵੀ ਦੱਸੀ ਸੀ।

# ਕਾਵਿ ਸੰਸਾਰ

## ਭੈਣ ਦਾ ਪਿਆਰ

ਗਗਨਦੀਪ ਕੌਰ ਧਾਲੀਵਾਲ

ਭੈਣ ਹੀ ਭੈਣ ਦਾ ਸਹਾਰਾ ਹੁੰਦੀ ਏ,
ਹਰ ਗੱਲ ਦਾ ਹੁੰਗਾਰਾ ਹੁੰਦੀ ਏ।
ਮੇਰੀ ਵੱਡੀ ਭੈਣ ਦਾ ਪਿਆਰ ਅਨੋਖਾ ਏ,
ਭੈਣਾਂ ਭੈਣਾਂ ਦੇ ਰਿਸ਼ਤੇ ਵਿੱਚ ਨਾ ਧੋਖਾ ਏ।
ਵੱਡੀ ਭੈਣ ਮੇਰੇ ਵਿੱਚ ਹਿੰਮਤ ਭਰਦੀ,
ਮਾਂ ਵਾਂਗ ਜੋ ਪਿਆਰ ਕਰਦੀ।
ਜਦੋਂ ਵੀ ਅਸੀਂ ਇਕੱਠੇ ਬਹੀਏ,
ਕਦੇ ਗ਼ੁੱਸੇ ਹੋਈਏ ਕਦੇ ਲੜ ਵੀ ਪਈਏ।
ਹਰ ਪਲ ਰੱਬ ਅੱਗੇ ਦੁਆਵਾਂ ਕਰਦੀ।
ਦੁੱਖ ਸੁੱਖ ਜੋ ਨਾਲ ਹੰਢਾਉਂਦੀ,
ਭਰਾਵਾਂ ਨਾਲ਼ੋਂ ਵੱਧ ਪਿਆਰ ਜਤਾਉਂਦੀ।
ਮੇਰੀ ਵੱਡੀ ਭੈਣ ਮੇਰੀ ਜਾਨ ਏ,
ਮੇਰੀ ਵੀ ਜਿੰਦ ਓਹਦੇ ਤੋਂ ਕੁਰਬਾਨ ਏ।
ਜਦੋਂ ਵੀ ਭੈਣ ਹੈ ਹੱਸਦੀ ,
ਸਭ ਦੇ ਦਿਲ ਵਿੱਚ ਵੱਸਦੀ।
ਮਿੱਠ ਬੋਲੜਾ ਸੁਭਾਅ ਸਭ ਨੂੰ ਭਾਉਂਦਾ,
ਹਰ ਕੋਈ ਭੈਣ ਮੇਰੀ ਨੂੰ ਚਾਹੁੰਦਾ।
ਭੈਣ ਮੇਰੀ ਨੂੰ ਜਨਮ ਦਿਨ ਮੁਬਾਰਕ ਹੋਵੇ ,
ਹਰ ਸਾਲ,ਮਹੀਨੇ ਚਿਹਰੇ 'ਤੇ ਮੁਸਕਰਾਹਟ ਹੋਵੇ।
ਰੱਬ ਅੱਗੇ ਗਗਨ ਕਰੇ ਦੁਆਵਾਂ,
ਭੈਣ ਦੇ ਸਿਰ ਤੋਂ ਸਦਾ ਦੂਰ ਕਰੀ ਬੁਲਾਵਾਂ।

## ਜਿਹੜੇ ਲੋਕੀ ਲੇਖਾਂ ਦੇ ਸੰਗ ਲੜਦੇ

ਆਦਿਲ ਸਿੱਦੀਕੀ

ਜਿਹੜੇ ਲੋਕੀ ਲੇਖਾਂ ਦੇ ਸੰਗ ਲੜਦੇ ਘੁਲਦੇ ਰਹਿੰਦੇ ਨੇ ।
ਰੁੱਖ ਤੋਂ ਟੁੱਟੇ ਪੱਤਰਾਂ ਵਾਂਗੂੰ ਰੁਲਦੇ-ਖੁਲਦੇ ਰਹਿੰਦੇ ਨੇ ।
ਗ਼ਮ ਦਾ ਕੱਲਰ ਖਾਂਦਾ ਰਹਿੰਦੇ ਮੇਰੇ ਦਿਲ ਦੀ ਧਰਤੀ ਨੂੰ,
ਉਮੀਦਾਂ ਦੇ ਬੂਟੇ ਫਿਰ ਵੀ ਵਧਦੇ ਫੁੱਲਦੇ ਰਹਿੰਦੇ ਨੇ ।
ਮੈਥੋਂ ਜਿਹੜੀ ਗ਼ਲਤੀ ਹੋਵੇ ਮੈਂ ਉਹ ਹੱਸ ਕੇ ਮੰਨਣਾ ਵਾਂ,
ਕਿਉਂ ਜੇ ਮੈਂ ਵੀ ਬੰਦਾ ਹਾਂ ਤੇ ਬੰਦੇ ਭੁੱਲਦੇ ਰਹਿੰਦੇ ਨੇ ।
ਵਿਰਲੇ ਵਾਂਝੇ ਲੋਕ ਨੇ ਜਿਹੜੇ ਪੜ੍ਹਨ ਕਿਤਾਬ ਹਿਆਤੀ ਦੀ,
ਬਹੁਤੇ ਲੋਕੀ ਅੱਖੀਆਂ ਮੀਟ ਕੇ ਵਰਕੇ ਥੱਲਦੇ ਰਹਿੰਦੇ ਨੇ ।
ਪਲ ਵਿਚ ਏਥੇ ਪਲ ਵਿਚ ਉੱਥੇ ਇਹ ਵੇ ਕਾਗ ਬਨੇਰੇ ਦਾ,
ਇਸ ਦੌਲਤ ਦੀ ਸ਼ਹਿ ਤੇ ਬੰਦੇ ਐਵੇਂ ਫੁਲਦੇ ਰਹਿੰਦੇ ਨੇ ।
ਉਹਨੂੰ ਫੇਰ ਇਨਸਾਫ਼ ਤਰਾਜ਼ੂ ਦੱਸੋ ਕਿਸਰਾਂ ਮੰਨ ਲਈਏ,
ਜਿਸ ਤੱਕੜੀ ਵਿਚ ਫੁੱਲ ਤੇ ਕੰਡੇ ਸਾਵੇਂ ਤੁਲਦੇ ਰਹਿੰਦੇ ਨੇ।
ਬੇਸ਼ੱਕ ਕੋਈ ਨਾ ਵਾਕਫ਼ ਹੁੰਦਾ 'ਆਦਿਲ' ਗੁੱਝੀਆਂ ਪੀੜਾਂਦਾ,
ਭੇਦ ਦਿਲਾਂ ਦੇ ਅੱਖੀਆਂ ਰਾਹੀਂ ਆਪੇ ਖੁੱਲ੍ਹਦੇ ਰਹਿੰਦੇ ਏ

## ਮੋਬਾਈਲ

ਲਖਵਿੰਦਰ ਸਿੰਘ ਲੱਖਾ ਸਲੇਮਪੁਰੀ
+447438398345

ਨਾ ਮਾਂ-ਪਿਉ ਨਾ ਧੀਆਂ-ਪੁੱਤਰ, ਨਾ ਹੀ ਭੈਣ ਤੇ ਭਾਈ।
ਸਾਰੇ ਹੀ ਰਿਸ਼ਤੇ-ਨਾਤੇ ਝੂਠੇ, ਬੱਸ ਮੋਬਾਈਲ ਸਹਾਈ।

ਨਾ ਪਤੀ ਨਾ ਪਤਨੀ ਦਿਸਦੀ, ਨਾ ਜੀਜਾ ਨਾ ਸਾਲੀ।
ਨਾ ਹੀ ਕੰਮਕਾਰ ਕੋਈ ਦਿਸਦਾ, ਨਾ ਰੋਟੀ ਦੀ ਥਾਲ਼ੀ।

ਨਾ ਮਾਸੀ ਨਾ ਮਾਮਾ ਭਣੇਵਾਂ, ਨਾ ਹੀ ਭਤੀਜਾ ਚਾਚਾ।
ਨਾ ਤਾਈ ਤਾਇਆ ਅਤੇ ਫੁੱਫੜ, ਸਭ ਹੀ ਤੋਲਾ ਮਾਸਾ।

ਨਾ ਸੱਸ-ਸਹੁਰਾ ਦਿਸਦੇ, ਨਾ ਸਹੁਰੇ ਨੂੰ ਦਿਸੇ ਜਵਾਈ।
ਸਾਰੇ ਹੀ ਰਿਸ਼ਤੇ-ਨਾਤੇ ਝੂਠੇ, ਬੱਸ ਮੋਬਾਈਲ ਸਹਾਈ।

ਮੱਤ ਮੋਬਾਈਲ ਨੇ ਮਾਰੀ ਸਭਦੀ, ਮੇਰੀ ਵੀ ਮੱਤ ਮਾਰੀ।
ਕੋਰਾ ਸੱਚ ਮੋਬਾਈਲ ਨੇ ਕਬਜ਼ੇ, ਕੀਤੀ ਦੁਨੀਆ ਸਾਰੀ।

ਇੱਕ ਖ਼ੂਬੀ ਹੈ ਵੱਡੀ ਇਸਦੀ, ਜਿਸਨੇ ਜੱਗ ਮਿਲਾਇਆ।
ਮੇਰੇ ਵਰਗੇ ਲੱਖਾਂ ਦਾ ਨਾਓਂ, ਦੁਨੀਆ ਤੇ ਚਮਕਾਇਆ।

ਕਰੀਏ ਸਦਾ ਹੀ ਵਰਤੋਂ ਲੇਕਿਨ, ਰਿਸ਼ਤੇ ਗੂੜ੍ਹੇ ਕਰੀਏ।
ਨਾਲ ਜੱਗ ਦੇ ਜੁੜ ਕੇ, ਯਾਰਾਂ ਨਾਲ ਕਦੇ ਨਾ ਲੜੀਏ।

ਚੰਗੇ ਕੰਮ ਮੋਬਾਈਲ ਦੇ ਜਿਹੜੇ, ਓਹੋ ਹੀ ਅਪਨਾਈਏ।
ਜਿਸ ਕੰਮੋਂ ਦੁੱਖ ਕਿਸੇ ਨੂੰ ਹੋਵੇ, ਉਸਦੇ ਨੇੜ ਨਾ ਜਾਈਏ।

ਸੱਚਾ ਹੋਊ ਹਮਾਇਤੀ ਰੱਬੀ ਦਰ, ਤੇ ਆਪਣੇ ਘਰ ਦਾ।
'ਲੱਖੇ' ਸਲੇਮਪੁਰੀ ਜੋ ਸੱਚੀ, ਗੱਲ ਦੀ ਹਾਮੀ ਭਰਦਾ।

ਨਾ ਭੁੱਲੋ ਸਭ ਭੈਣਾਂ ਸਾਡੀਆਂ, ਅਸੀਂ ਹਾਂ ਸਭ ਦੇ ਭਾਈ।
ਸਾਰੇ ਹੀ ਰਿਸ਼ਤੇ-ਨਾਤੇ ਝੂਠੇ, ਬੱਸ ਮੋਬਾਈਲ ਸਹਾਈ।

## ਮੇਰੀ ਪੱਗ

ਗਗਨਦੀਪ ਸਿੰਘ ਸਰਾਂ
ਮੋ. 9814510030

ਕੋਈ ਰਿਵਾਜ ਨਹੀਂ
ਕੋਈ ਰਸਮ ਨਹੀਂ
ਕੋਈ ਬਸਤਰ ਨਹੀਂ
ਕੋਈ ਪੁਸ਼ਾਕ ਨਹੀਂ।
ਇਹ ਪ੍ਰਤੀਕ ਹੈ
ਗੁਰੂਆਂ ਦੀ ਬਖਸ਼ਿਸ਼ ਦੀ
ਲਾਸਾਨੀ ਸ਼ਹੀਦੀਆਂ ਦੀ
ਕੁਰਬਾਨੀਆਂ ਦੇ ਇਤਿਹਾਸ ਦੀ
ਰੁਤਬੇ ਦੇ ਅਹਿਸਾਸ ਦੀ
ਇੱਜਤ ਦੀ ਨਿਸ਼ਾਨੀ ਦੀ
ਮਨੁੱਖੀ ਸੰਸਕਾਰਾਂ 'ਤੇ ਵਿਹਾਰਾਂ ਦੀ
ਉੱਚੇ-ਸੁੱਚੇ ਆਚਰਣ ਦੀ
ਹੱਕ ਹਕੂਕ ਦੀ
ਜਦੋਂ ਮੈਂ ਆਪਣੀ ਦਸਤਾਰ
ਦੇ ਲੜਾ ਰੂਪ 'ਚ
ਪੱਲੇ ਬੰਨਦਾ ਹਾਂ
ਗੁਰੂ ਮਰਿਆਦਾ ਨੂੰ
ਫਰਜਾਂ ਪ੍ਰਤੀ ਜਿੰਮੇਵਾਰੀ ਨੂੰ
ਹੱਕਾਂ ਲਈ ਪਹਿਰੇਦਾਰੀ ਨੂੰ
ਬੇਦਾਗ ਰੱਖਣ ਦੇ ਸੰਕਲਪ ਨੂੰ
ਸਵੈਮਾਨ ਤੇ ਸਵੈ ਵਿਸ਼ਵਾਸ ਨੂੰ
ਗੁਰੂ ਨਾਲ ਜੁੜੇ ਰਹਿਣ ਦੇ ਭਰੋਸੇ ਨੂੰ
ਤਾਂ ਫਿਰ ਸਿਰ ਤੇ
ਬੱਝੀ ਦਸਤਾਰ
ਬਖਸ਼ਦੀ ਹੈ
'ਦੀਪ' ਨੂੰ ਪਹਿਚਾਣ
ਸਰਦਾਰ ਹੋਣ ਦੀ
ਜੱਗ ਤੇ ਵੱਖਰੀ ਟੋਰ ਦੀ।

## ਬੰਦ਼ਗੀ ਖੁਦਾ ਦੀ

ਸਰਬਜੀਤ ਬਾਬਾ



ਤੂੰ ਮਸਜਿਦ ਨਹੀਂ ਆਉਣਾ
ਮੈਂ ਮੰਦਿਰ ਨਹੀਂ ਜਾਣਾ
ਦੱਸ ਮਿਲਣੇ ਦਾ ਲੱਭੀਏ
ਕਿੱਥੇ ਟਿਕਾਣਾ

ਤੂੰ ਖੁਦਾ ਨੂੰ ਮਨਾਉਣਾ
ਮੈਂ ਰਾਮ ਨੂੰ ਪਾਉਣਾ
ਦੱਸ ਮਿਲਣੇ ਦਾ ਲੱਭੀਏ
ਕਿੱਥੇ ਟਿਕਾਣਾ

ਤੇਰੀ ਮਾਂ ਨੇ ਸਾੜ੍ਹੀ
ਮੇਰੀ ਮਾਂ ਨੇ ਬੁਰਕਾ
ਇੱਕੋ ਹੀ ਦਰਜੀ ਤੋਂ
ਨਹੀਂ ਜੇ ਸੁਆਉਣਾ
ਤਾਂ ਮਿਲਣੇ ਦਾ ਲੱਭੀਏ
ਕਿੱਥੇ ਟਿਕਾਣਾ

ਇਹ ਹਿੰਦੂ ਦਾ ਬੂਹਾ
ਓਹ ਮੁਸਲਿਮ ਦਾ ਵਿਹੜਾ
ਜੇ ਬਾਲਾਂ ਨੂੰ ਐਸਾ
ਸਬਕ ਪੜਾਓਣਾ
ਤਾਂ ਮਿਲਣੇ ਦਾ ਕੋਈ
ਨਹੀਂ ਲੱਭਣਾ ਟਿਕਾਣਾ
ਬੰਦ਼ਗੀ ਖ਼ੁਦਾ ਦੀ

ਖੁਦਾ ਲੱਭਣ ਦੇ ਮੈਨੂੰ
ਤੂੰ ਸ਼ੈਤਾਨ ਨੂੰ ਜਾਣੀ
ਮੈਂ ਹੈਵਾਨ ਪਛਾਣਾ
ਤੂੰ ਰਾਮ ਨੂੰ ਜਾਣੀ
ਮੁੱਕ ਜਾਣਗੇ ਝਗੜੇ
ਮੰਨ ਨਾਨਕ ਦੀ ਬਾਣੀ

ਫਿਰ ਕਿਧਰੇ ਵੀ ਜਾਣਾ
ਕਿਧਰੇ ਵੀ ਆਓਣਾ
ਤਾਂ ਮਿਲਣੇ ਲਈ ਸਾਰਾ
ਆਲਮ ਟਿਕਾਣਾਂ

## 'ਤਨਹਾਈ'

ਹੈਪੀ ਚੌਧਰੀ



ਤਨਹਾ ਹੋਵਾਂ ਖ਼ੁਦ ਨਾਲ ਗੱਲਾਂ ਕਰ ਲੈਨਾ ਹਾਂ,
ਖ਼ੁਦ ਹੀ ਪਾ ਕੇ ਬਾਤ, ਹੁੰਗਾਰਾ ਭਰ ਲੈਨਾ ਹਾਂ.।

ਦੂਰ ਵਸੇਂਦੇ ਭਾਵੇਂ, ਸੱਜਣ ਵੱਸਦੇ ਰਹਿਣ ,
ਕਦੇ ਕਦਾਈਂ ਯਾਦਾਂ ਵਿੱਚ ਆ ਹੱਸਦੇ ਰਹਿਣ,
ਪਲਕਾਂ ਵਾਲ਼ੇ ਬੂਹੇ ਢੋਹ ਕੇ ਪਲ ਛਿਣ 'ਚ,
ਵਕਤਾਂ ਵਾਲੇ ਪੈਂਡੇ ਮੈਂ ਸਰ ਕਰ ਲੈਨਾ ਹਾਂ,
ਖ਼ੁਦ ਹੀ ਪਾ ਕੇ ਬਾਤ, ਹੁੰਗਾਰਾ ਭਰ ਲੈਨਾ ਹਾਂ.।

ਪਤਾ ਨਹੀਂ ਕਦ-ਕਿਹੜੇ ਰੰਗ,ਮੁੜ ਮਿਲਣਾ ਏ,
ਖੌਰੇ ਕੇਸ ਬਹਾਨੇ- ਢੰਗ, ਮੁੜ ਮਿਲਣਾ ਏ,
ਆ ਵੇਖ ਮੇਰੀ ਤਨਹਾਈ ਦਾ ਆਲਮ ਤੇ ਵੇਖ,
ਛਲਕਣ ਨਾ ਮੈਂ ਦੇਂਦਾ, ਅੱਖੀਆਂ ਭਰ ਲੈਨਾ ਹਾਂ,
ਅਕਸਰ ਹੀ ਮੈਂ ਖ਼ੁਦ ਨਾਲ ਗੱਲਾਂ ਕਰ ਲੈਨਾ ਹਾਂ.।

ਮੋਹ ਦਾ ਬੂਟਾ ਸਿੰਜ,ਇਬਾਦਤ ਮਸ਼ਕਾਂ ਨਾਲ,
ਨੈਣਾਂ ਵਾਲ਼ੇ ਦੀਵੇ ਭਰ ਭਰ ਅਸ਼ਕਾਂ ਨਾਲ਼,
ਰੂਹ ਦਾ ਵਿਹੜਾ ਚਾਨਣ ਚਾਨਣ ਕਰ ਲੈਨਾਂ ਹਾਂ,
ਖ਼ੁਦ ਹੀ ਪਾ ਕੇ ਬਾਤ, ਹੁੰਗਾਰਾ ਭਰ ਲੈਨਾ ਹਾਂ,
ਅਕਸਰ 'ਹੈਪੀ' ਖ਼ੁਦ ਨਾਲ ਈ ਗੱਲਾਂ ਕਰ ਲੈਨਾ ਹਾਂ।

## ਅੱਲਾਹ ਦੇ ਘਰ ਘੱਲੋ ਦਾਣੇ

ਸਾਬਿਰ ਅਲੀ ਸਾਬਿਰ

ਚੜ੍ਹੀ ਵਿਸਾਖੀ ਵਾਢੇ ਬੈਠੇ, ਪੱਕੀ ਕਣਕ ਵਢੀਚਣ ਲੱਗੀ,
ਤਿੱਖੀ ਧੁੱਪੇ ਭਰੀਆਂ ਬੱਝੀਆਂ, ਅੱਧੀ ਰਾਤ ਗਵ੍ਹੀਚਣ ਲੱਗੀ।
ਕਹਿਣ ਖ਼ੁਦਾ ਦਾ ਹਿੱਸਾ ਘੱਲੋ, ਵਿਚ ਮਸੀਤਾਂ ਦੇ ਮਲਵਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਦਾਣੇ ਯਾਂ ਫਿਰ ਪੈਸੇ ਘੱਲੋ, ਜੋ ਵੀ ਜੀਅ ਕਰਦਾ ਏ ਘੱਲੋ,
ਰੱਬ ਦੇ ਘਰ ਵਿਚ ਹਿੱਸਾ ਪਾਓ, ਜੋ ਵੀ ਪੁੱਜਦਾ ਸਰਦਾ ਏ ਘੱਲੋ।
ਰੱਬ ਦੇ ਘਰ ਦੇ ਹਮਸਾਏ ਦੇ, ਭਾਵੇਂ ਭੁੱਖੇ ਸੌਣ ਨਿਆਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਫ਼ਰਸ਼ ਪੁਰਾਣਾ ਪੁੱਟ ਮਸਜ਼ਿਦ ਦਾ, ਛੇਤੀ ਕਰੀਏ ਨਵਾਂ ਲਵਾਈਏ,
ਕੰਧਾਂ ਨਾਲ ਵੀ ਸੰਗੇਮਰਮਰ, ਯਾ ਚੀਨੀ ਦੀਆਂ ਟਾਈਲਾਂ ਲਾਈਏ।
ਬੰਦੇ ਪਏ ਕੁੱਲੇ ਨੂੰ ਤਰਸਣ, ਰੱਬ ਪਿਆ ਮਹਿਲੀਂ ਮੌਜਾਂ ਮਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਚੌਧਰੀ, ਹੱਕ ਮੁਜ਼ਾਰੇ ਦਾ ਵੀ, ਮਸਜਿਦ ਦੇ ਵਿਚ ਦੇ ਜਾਏ ਭਾਵੇਂ,
ਮੀਆਂ ਜੀ ਉਹਨੂੰ ਬਹਾ ਦਿੰਦੇ ਨੇ, ਜੰਨਤ ਦੇ ਵਿਚ ਠੰਡੀ ਛਾਵੇਂ।
ਕਣਕ ਤੋ ਸਾਵੀ ਜ਼ਨਤ ਵੇਚੇ, ਵੇਖੋ ਮੁੱਲਾਂ ਹਾਸੇ ਭਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਜਿਸ ਘਰੋਂ ਨਾਂ ਦਾਣੇ ਆਏ, ਉਸ ਘਰ ਅਸੀਂ ਆਪ ਜਾਵਾਂਗੇ,
ਪੰਜ ਸੱਤ ਬੰਦੇ ਕੱਠੇ ਹੋਕੇ, ਉਸ ਦਾ ਬੂਹਾ ਖੜਕਾਵਾਂਗੇ।
ਮੁੱਲਾਂ ਦੇ ਐਲਾਨ ਤੋਂ ਮੈਂ ਜਹੇ, ਕਈ ਬਹਿ ਗਏ ਹੋ ਨਿੰਮੋਝਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਜੁਮਾਂ ਪੜ੍ਹਨ ਸਾਂ ਗਿਆ ਮਸੀਤੇ, ਵਾਜ ਹੋਈ ਮੁੱਲਾਂ ਫ਼ਰਮਾਇਆ,
ਸਾਫੇ ਦੀ ਇਕ ਝੋਲੀ ਲੈਕੇ, ਚੰਦੇ ਦੇ ਲਈ ਬੰਦਾ ਆਇਆ।
ਖ਼ਾਲੀ ਖੀਸੇ ਲੱਗਾ ਸਾਬਰ, ਰੱਬ ਦੇ ਘਰ ਨਈਂ ਆਇਆ ਠਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ



## ਰੂਹ ਦਾ ਰਾਗ ਸੁਣਾ

ਡਾ: ਸਤਿੰਦਰਜੀਤ ਕੌਰ ਬੁੱਟਰ



ਮਾਹੀ ਵੇ! ਮੈਨੂੰ ਰੂਹ ਦਾ ਰਾਗ ਸੁਣਾ।
ਮਾਹੀ ਵੇ! ਮੈਨੂੰ ਰੂਹ ਦਾ ਰਾਗ ਸੁਣਾ।
ਜੋਤ ਜਗਾ ਕੇ ਇਸ਼ਕੇ ਦੀ ਮੈਨੂੰ
ਉਸਦੇ ਵਿੱਚ ਰਲਾ
ਮਾਹੀ ਵੇ! ਮੈਨੂੰ ਰੂਹ ਦਾ ਰਾਗ ਸੁਣਾ।
ਪਾਕ ਮੁਹੱਬਤ ਜੁਰਮ ਹੈ ਜੇਕਰ
ਮੈਨੂੰ ਭੱਠੀ ਵਿੱਚ ਜਲਾ
ਮਾਹੀ ਵੇ! ਮੈਨੂੰ ਰੂਹ ਦਾ ਰਾਗ ਸੁਣਾ
ਯਾਦ 'ਚ ਤੇਰੀ ਲੀਨ ਮੈ ਹੋਈ
ਭਟਕਾਂ ਵਿੱਚ ਥਲਾਂ
ਮਾਹੀ ਵੇ! ਮੈਨੂੰ ਰੂਹ ਦਾ ਰਾਗ ਸੁਣਾ।
ਜਿੰਨਾ ਮੈ ਦੁਨੀਆਂ 'ਚ ਵੜਸਾਂ
ਗੁਨਾਹਾਂ ਨਾਲ ਪਲਾਂ
ਮਾਹੀ ਵੇ! ਮੈਨੂੰ ਰੂਹ ਦਾ ਰਾਗ ਸੁਣਾ।
ਵਿੱਚ ਵਿਛੋੜੇ ਤੜਫਾਂ ਮੈ ਤਾਂ
ਤੂੰ ਆਪਣੇ ਕੋਲ ਬੁਲਾ।
ਮਾਹੀ ਵੇ! ਮੈਨੂੰ ਰੂਹ ਦਾ ਰਾਗ ਸੁਣਾ ।
ਸਭ ਕੁਝ ਮੈ ਤਾਂ ਤੈਨੂੰ ਜਾਣਾ
'ਬੁੱਟਰ' ਤੂੰ ਮੇਰਾ ਹੈਂ ਅੱਲਾ
ਮਾਹੀ ਵੇ! ਮੈਨੂੰ ਰੂਹ ਦਾ ਰਾਗ ਸੁਣਾ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



# ਅਜਨਬੀ

ਭਾਗ -9

## ਅਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਮਰੀ ਕੁੜੀ ਵਿਚ ਮੈਨੂੰ ਕੀ ਦਿਲਚਸਪੀ ਹੋਵੇਗੀ ? ਆਪਣਾ ਇਸ ਤਰ੍ਹਾ ਸੋਚਣਾ, ਮੈਨੂੰ ਬਹੁਤਾ ਅਸੁਭਾਵਿਕ ਵੀ ਨਹੀਂ ਸੀ ਲੱਗਦਾ। ਆਖ਼ਰ ਮੈਂ ਆਪਣੇ ਬਾਰੇ ਵੀ ਤਾਂ ਸੋਚਦਾ ਈ ਸੀ ਕਿ ਮਰਦਿਆਂ ਈ ਲੋਕ ਮੈਨੂੰ ਭੁੱਲ-ਭੱਲ ਜਾਣਗੇ। ਮੈਂ ਤਾਂ ਇਹ ਵੀ ਨਹੀਂ ਕਹਿੰਦਾ ਕਿ ਇਸ ਗੱਲ ਨੂੰ ਹਜ਼ਮ ਕਰ ਸਕਣਾ ਮੁਸ਼ਕਿਲ ਹੋ ਜਾਵੇਗਾ। ਦੁਨੀਆਂ ਵਿਚ ਅਜਿਹੀ ਕਿਹੜੀ ਚੀਜ਼ ਏ, ਜਿਸਦਾ ਆਦਮੀ ਕਦੀ ਨਾ ਕਦੀ ਆਦੀ ਨਹੀਂ ਹੋ ਜਾਂਦਾ ? ਇੱਥੋਂ ਤੀਕ ਪਹੁੰਚਿਆ ਸੀ ਕਿ ਪਾਦਰੀ ਨੇ ਬਿਨਾਂ ਕੋਈ ਖੜਾਕ, ਆਹਟ ਜਾਂ ਆਵਾਜ਼ ਕੀਤੇ ਅੰਦਰ ਪ੍ਰਵੇਸ਼ ਕੀਤਾ। ਦੇਖ ਕੇ ਮੈਂ ਤ੍ਰਬਕ ਗਿਆ। ਮੈਨੂੰ ਇੰਜ ਤ੍ਰਬਕ ਕੇ ਉਠਦਿਆਂ ਦੇਖ ਕੇ ਈ ਉਹ ਯਕਦਮ ਬੋਲਿਆ, 'ਘਬਰਾਓ ਨਾ, ਮੈਂ ਆਇਆ ਆਂ।' ਮੈਂ ਦੱਸਿਆ ਕਿ ਉਸਦੇ ਆਉਣ ਦਾ ਸਮਾਂ ਸਵੇਰੇ ਹੋਰ ਹੁੰਦਾ ਏ ਤੇ ਉਹ ਮੌਕਾ ਕਾਫੀ ਖ਼ਤਰਨਾਕ ਮੰਨਿਆਂ ਜਾਂਦਾ ਏ। ਪਾਦਰੀ ਇਸ 'ਤੇ ਬੋਲਿਆ ਕਿ ਉਹ ਤਾਂ ਉਂਜ ਈ ਦੋਸਤਾਨਾ ਤੌਰ 'ਤੇ ਆ ਗਿਆ ਏ। ਉਸਦੇ ਆਉਣ ਤੇ ਅਪੀਲ ਖਾਰਜ ਹੋਣ ਵਾਲੀ ਗੱਲ ਦਾ ਆਪੋ ਵਿਚ ਕੋਈ ਸੰਬੰਧ ਨਹੀਂ...ਤੇ ਉਹ ਤਾਂ ਮੇਰੀ ਅਪੀਲ ਬਾਰੇ ਕੁਝ ਜਾਣਦਾ ਵੀ ਨਹੀਂ। ਏਨਾਂ ਦੱਸ ਕੇ ਉਹ ਮੇਰੇ ਸੌਣ ਵਾਲੇ ਤਖ਼ਤ ਉੱਤੇ ਈ ਬੈਠ ਗਿਆ ਤੇ ਮੈਨੂੰ ਵੀ ਆਪਣੇ ਕੋਲ ਈ ਬੈਠ ਜਾਣ ਲਈ ਕਿਹਾ। ਮੈਨੂੰ ਆਦਮੀ ਸ਼ਕਲ ਤੋਂ ਕਾਫੀ ਨਰਮ ਦੇ ਖ਼ੁਸ਼ਮਿਜਾਜ਼ ਲੱਗਾ। ਹਾਲਾਂਕਿ ਮਨ ਵਿਚ ਉਸਦੇ ਖ਼ਿਲਾਫ਼ ਕੁਝ ਵੀ ਨਹੀਂ ਸੀ, ਫੇਰ ਵੀ ਮੈਂ ਮਨ੍ਹਾਂ ਕਰ ਦਿੱਤਾ। ਪਹਿਲਾਂ ਤਾਂ ਉਹ ਗੋਡਿਆਂ 'ਤੇ ਕੁਹਣੀਆਂ ਰੱਖੀ, ਹੱਥਾਂ ਨੂੰ ਇਕਟੱਕ ਦੇਖਦਾ ਬੁੱਤ ਵਾਂਗ ਬੈਠਾ ਰਿਹਾ। ਹੱਥ ਬੜੇ ਪਤਲੇ ਪਤਲੇ ਤੇ ਸੁਤੇ-ਸੁਤੇ ਜਿਹੇ ਸਨ, ਪਰ ਕਾਫੀ ਮਜ਼ਬੂਤ ਸਨ। ਉਨ੍ਹਾਂ ਨੂੰ ਦੇਖ ਕੇ ਮੈਨੂੰ ਦੋ ਛੋਟੇ-ਛੋਟੇ ਫੁਰਤੀਲੇ ਜਾਨਵਰਾਂ ਦਾ ਖ਼ਿਆਲ ਆਇਆ। ਫੇਰ ਉਹ ਆਪਸ ਵਿਚ ਦੋਵੇਂ ਹੱਥੇਲੀਆਂ ਰਗੜਨ ਲੱਗਾ। ਪਰ ਜਿਵੇਂ ਦਾ ਤਿਵੇਂ ਬੈਠਾ ਰਿਹਾ, ਇੱਥੋਂ ਤੀਕ ਕਿ ਕੁਝ ਚਿਰ ਲਈ ਮੈਂ ਭੁੱਲ ਈ ਗਿਆ ਕਿ ਉਹ ਉੱਥੇ ਬੈਠਾ ਏ।ਅਖ਼ੀਰ ਝਟਕੇ ਨਾਲ ਸਿਰ ਚੁੱਕ ਕੇ ਉਸਨੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ। ਪੁੱਛਿਆ, 'ਮੈਨੂੰ ਮਿਲਣ ਕਿਉਂ ਨਈਂ ਆਉਣ ਦੇਣਾ ਚਾਹੁੰਦੇ ਸੌਂ ?'

ਮੈਂ ਦੱਸ ਦਿੱਤਾ ਕਿ ਮੈਂ ਈਸ਼ਵਰ ਨੂੰ ਨਹੀਂ ਮੰਨਦਾ।

'ਸੱਚਮੁੱਚ, ਤੁਹਾਨੂੰ ਪੱਕਾ ਵਿਸ਼ਵਾਸ ਏ ?'

ਮੈਂ ਬੋਲਿਆ, 'ਇਸ ਬਾਰੇ ਸਿਰ ਖਪਾਉਣ ਦਾ ਮੈਨੂੰ ਕੋਈ ਸਾਰ ਨਜ਼ਰ ਨਈਂ ਆਉਂਦਾ। ਇਸ ਲਈ ਈਸ਼ਵਰ ਨੂੰ ਮੰਨਾਂ ਜਾਂ ਨਾ ਮੰਨਾਂ, ਇਹ ਸਵਾਲ ਮੇਰੇ ਲਈ ਬੇਕਾਰ ਏ।'

ਇਸ ਪਿੱਛੋਂ ਦੋਵੇਂ ਹੱਥ ਪੱਟਾਂ ਉੱਤੇ ਰੱਖਦੇ ਹੋਏ ਉਸਨੇ ਪਿੱਛੇ ਕੰਧ ਨਾਲ ਢੋਅ ਲਾ ਲਿਆ। ਫੇਰ ਇਸ ਤਰ੍ਹਾਂ ਬੋਲਿਆ ਜਿਵੇਂ ਮੈਨੂੰ ਨਾ ਕਹਿ ਕੇ ਕਿਸੇ ਹੋਰ ਨੂੰ ਕਹਿ ਰਿਹਾ ਹੋਵੇ ਕਿ ਇਕ ਗੱਲ ਉਸਨੇ ਅਕਸਰ ਈ ਦੇਖੀ ਏ। ਅਸਲੀਅਤ ਵਿਚ ਜਦੋਂ ਕਿਸੇ ਆਦਮੀ ਦਾ ਕਿਸੇ ਗੱਲ ਵਿਚ ਵਿਸ਼ਵਾਸ ਨਹੀਂ ਹੁੰਦਾ, ਉਦੋਂ ਵੀ ਉਸਨੂੰ ਇੰਜ ਲੱਗਦਾ ਏ ਜਿਵੇਂ ਉਸ 'ਚ ਉਸਦਾ ਪੱਕਾ ਵਿਸ਼ਵਾਸ ਏ। ਉਸਦੀ ਇਸ ਗੱਲ 'ਤੇ ਵੀ ਜਦੋਂ ਮੈਂ ਕੁਝ ਨਾ ਬੋਲਿਆ ਤਾਂ ਉਸਨੇ ਮੇਰੇ ਵੱਲ ਦੇਖ ਕੇ ਪੁੱਛਿਆ, 'ਤੁਸੀਂ ਇਹ ਨਈਂ ਮੰਨਦੇ ?'

ਮੈਂ ਕਿਹਾ ਕਿ ਹੋ ਸਕਦਾ ਏ ਇੰਜ ਹੁੰਦਾ ਹੋਵੇ, ਪਰ ਮੈਂ ਤਾਂ ਆਪਣੀ ਬਾਰੇ ਜਾਣਦਾ ਹਾਂ। ਹੋ ਸਕਦਾ ਏ ਮੈਂ ਇਹ ਗੱਲ ਨਾ ਜਾਣਦਾ ਹੋਵਾਂ ਕਿ ਮੇਰੀ ਦਿਲਚਸਪੀ ਕਿਸ ਚੀਜ਼ ਵਿਚ ਏ, ਪਰ ਇਹ ਮੈਂ ਜ਼ਰੂਰ ਜਾਣਦਾ ਹਾਂ ਕਿ ਕਿਸ ਚੀਜ਼ ਵਿੱਚ ਮੇਰੀ ਕਤਈ ਦਿਲਚਸਪੀ ਨਹੀਂ।ਉਸਨੇ ਨਜ਼ਰਾਂ ਦੂਜੇ ਪਾਸੇ ਫੇਰ ਲਈਆਂ, ਪਰ ਬਿਨਾਂ ਆਸਨ ਬਦਲੇ ਪੁੱਛਿਆ ਕਿ ਕੀ ਮੇਰੇ ਇੰਜ ਕਹਿਣ ਪਿੱਛੇ ਬੇਹੱਦ ਨਿਰਾਸ਼ਾ ਤੇ ਬੇਬਸੀ ਮਹਿਸੂਸ ਕਰਨ ਦੀ ਭਾਵਨਾ ਤਾਂ ਨਹੀਂ ਏਂ ? ਮੈਂ ਉਸਨੂੰ ਸਮਝਾਇਆ ਕਿ ਬੇਬਸੀ ਤੇ ਨਿਰਾਸ਼ਾ ਤਾਂ ਮੈਂ ਕਤਈ ਮਹਿਸੂਸ ਨਹੀਂ ਕਰਦਾ, ਹਾਂ ਡਰ ਜ਼ਰੂਰ ਲੱਗਦਾ ਏ, ਸੋ ਇਹ ਬੜਾ ਸੁਭਾਵਿਕ ਏ।

'ਤਦ ਤਾਂ ਉਸ ਹਾਲਤ ਵਿਚ,' ਉਸਨੇ ਦ੍ਰਿੜ੍ਹ ਆਵਾਜ਼ ਵਿਚ ਕਿਹਾ, 'ਸਿਰਫ਼ ਈਸ਼ਵਰ ਈ ਤੁਹਾਨੂੰ ਬਚਾਅ ਸਕਦਾ ਏ। ਤੁਹਾਡੀ ਅਵਸਥਾ ਵਾਲੇ ਜਿੰਨੇ ਲੋਕ ਮੈਂ ਦੇਖੇ ਨੇ, ਉਹ ਸਭ ਦੁੱਖ ਸਮੇਂ ਈਸ਼ਵਰ ਦੀ ਸ਼ਰਣ ਵਿਚ ਈ ਆਏ ਨੇ।'ਮੈਂ ਜਵਾਬ ਦਿੱਤਾ, 'ਉਨ੍ਹਾਂ ਨੂੰ ਮਨ ਆਈ ਕਰਨ ਦੀ ਛੂਟ ਏ। ਖ਼ੈਰ ਜੀ, ਮੈਂ ਕਿਸੇ ਤੋਂ ਬਲ਼-ਛਲ਼ ਨਈਂ ਲੈਣਾ। ਤੇ ਜਿਸ ਚੀਜ਼ ਵਿਚ ਮੇਰੀ ਦਿਲਚਸਪੀ ਈ ਨਈਂ...ਉਸ ਵਿਚ ਦਿਲਚਸਪੀ ਲੈਣ ਲਈ ਮੇਰੇ ਕੋਲ ਫੁਰਸਤ ਵੀ ਨਈਂ।'

ਹਿਰਖ ਵੱਸ ਉਸਨੇ ਦੋਵੇਂ ਹੱਥ ਛੰਡੇ ਤੇ ਸਿੱਧਾ ਬੈਠ ਕੇ ਆਪਣੇ ਲਿਬਾਦੇ ਦੀਆਂ ਸਿਲਵਟਾਂ ਠੀਕ ਕਰਨ ਲੱਗਾ। ਜਦੋਂ ਠੀਕ ਕਰ ਚੁੱਕਿਆ ਤਾਂ ਮੈਨੂੰ ਦੋਸਤ-ਦੋਸਤ ਕਹਿ ਕੇ ਫੇਰ ਬੋਲਣਾ ਸ਼ੁਰੂ ਕਰ ਦਿੱਤਾ। ਦੱਸਣ ਲੱਗਾ ਕਿ ਕਿਤੇ ਮੈਂ ਇਹ ਨਾ ਸਮਝਣ ਲੱਗਾਂ ਕਿ ਮੈਨੂੰ ਸਜ਼ਾਏ ਮੌਤ ਮਿਲੀ ਏ, ਇਸ ਲਈ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਿਹਾ ਏ। ਨਹੀਂ, ਬਲਕਿ ਉਸਦਾ ਤਾਂ ਇਹ ਯਕੀਨ ਏ ਕਿ ਧਰਤੀ 'ਤੇ ਰਹਿਣ ਵਾਲੇ ਹਰ ਸਖ਼ਸ਼ ਨੂੰ ਸਜ਼ਾਏ-ਮੌਤ ਮਿਲੀ ਹੋਈ ਏ। ਇੱਥੇ ਮੈਂ ਉਸਨੂੰ ਟੋਕ ਦਿੱਤਾ, ਇਕ ਤਾਂ ਮੇਰੀ ਤੇ ਹਰ ਸਖ਼ਸ਼ ਦੀ ਗੱਲ ਇਕੋ ਨਈਂ, ਦੂਜਾ, ਜੇ ਹਰ ਸਖ਼ਸ਼ ਨੂੰ ਸਜ਼ਾਏ-ਮੌਤ ਮਿਲੀ ਹੋਈ ਏ ਤਾਂ ਉਸਦਾ ਮੈਨੂੰ ਕੀ ਭਾਅ ?



ਉਸਨੇ ਸਿਰ ਹਿਲਾ ਕੇ ਮੇਰੀ ਗੱਲ ਮੰਨੀ ਤੇ ਕਿਹਾ, 'ਅੱਛਾ, ਹੋ ਸਕਦਾ ਏ, ਤੁਹਾਨੂੰ ਇਸਦਾ ਕੋਈ ਭਾਅ ਨਾ ਹੋਵੇ, ਮੰਨ ਲਓ ਤਸੀਂ ਅੱਜ ਨਾ ਮਰੋਂ ਤਾਂ ਕਿਸੇ ਨਾ ਕਿਸੇ ਦਿਨ ਤਾਂ ਮਰੋਂਗੇ ਈ। ਇਹ ਸਵਾਲ ਉਦੋਂ ਵੀ ਉੱਠੇਗਾ। ਉਸ ਵੇਲੇ ਤੁਸੀਂ ਉਸ ਭਿਆਨਕ ਛਿਣ ਦਾ ਸਾਹਮਣਾ ਕਿੰਜ ਕਰੋਗੇ ?' ਮੈਂ ਬੋਲਿਆ ਕਿ ਜਿਵੇਂ ਇਸ ਸਮੇਂ ਕਰ ਰਿਹਾ ਹਾਂ, ਐਨ ਇਵੇਂ ਈ ਉਸ ਸਮੇਂ ਕਰਾਂਗਾ।

ਇਸ 'ਤੇ ਉਹ ਉੱਠ ਕੇ ਖੜ੍ਹਾ ਹੋ ਗਿਆ ਤੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਲੱਗਾ। ਇਸ ਚਾਲਾਕੀ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਖ਼ੁਦ ਸੇਲੇਸਤੇ ਤੇ ਇਮਾਨੁਅਲ 'ਤੇ ਇਸਦਾ ਪ੍ਰਯੋਗ ਕਰਕੇ ਇਸਦਾ ਮਜ਼ਾ ਲੈਂਦਾ ਹੁੰਦਾ ਸੀ। ਦਸ ਵਿਚੋਂ ਨੌਂ ਵਾਰੀ ਲੋਕ ਝਿਜਕ ਕੇ ਨਜ਼ਰਾਂ ਚੁਰਾਉਣ ਲੱਗ ਪੈਂਦੇ ਨੇ। ਮੈਂ ਤਾੜ ਗਿਆ ਕਿ ਪਾਦਰੀ ਇਸ ਖੋਜ ਵਿਚ ਮਾਹਰ ਏ, ਉਸਦੀਆਂ ਨਿਗਾਹਾਂ ਵਿਚ ਕਿਤੇ ਕਮੀ ਨਹੀਂ। ਉਸਨੇ ਦ੍ਰਿੜ੍ਹ ਤੇ ਸਪਾਟ ਆਵਾਜ਼ ਵਿਚ ਪੁੱਛਿਆ, 'ਤੁਹਾਨੂੰ ਕਿਧਰੇ ਆਸ ਦੀ ਕਿਰਨ ਨਈਂ ਦਿਖਾਈ ਦਿੰਦੀ ? ਸੱਚਮੁੱਚ ਤੁਹਾਡਾ ਇਹੀ ਵਿਚਾਰ ਏ ਕਿ ਮਰਨ ਪਿੱਛੋਂ ਆਦਮੀ ਬਸ ਮਰ ਜਾਂਦਾ ਏ-ਬਾਅਦ ਵਿਚ ਕੁਛ ਨਈਂ ਰਹਿੰਦਾ ?'

ਮੈਂ ਬੋਲਿਆ, 'ਹਾਂ।' ਉਸਨੇ ਅੱਖਾਂ ਝੁਕਾ ਲਈਆਂ ਤੇ ਫੇਰ ਬੈਠ ਗਿਆ। ਕਹਿਣ ਲੱਗਾ, 'ਸੱਚਮੁੱਚ ਮੈਨੂੰ ਤੁਹਾਡੇ 'ਤੇ ਬੜਾ ਤਰਸ ਆਉਂਦਾ ਏ। ਜਿਵੇਂ ਤੁਸੀਂ ਸੋਚਦੇ ਓ, ਉਸ ਤਰ੍ਹਾਂ ਸੋਚ ਕੇ ਤਾਂ ਆਦਮੀ ਦਾ ਜਿਊਣਾ ਮੁਹਾਲ ਏ।'

ਹੁਣ ਮੈਨੂੰ ਪਾਦਰੀ ਦੀਆਂ ਗੱਲਾਂ ਤੋਂ ਅਕੇਵਾਂ ਹੋਣ ਲੱਗਾ ਸੀ। ਛੋਟੇ-ਜਿਹੇ ਝਰੋਖੇ ਦੇ ਹੇਠ ਮੋਢਾ ਟਿਕਾਈ ਮੈਂ ਦੂਜੇ ਪਾਸੇ ਦੇਖਦਾ ਰਿਹਾ-ਸੁਣਿਆਂ ਈ ਨਹੀਂ ਕਿ ਉਹ ਕੀ-ਕੀ ਕਹੀ ਜਾ ਰਿਹਾ ਏ। ਉਦੋਂ ਈ ਲੱਗਿਆ ਕਿ ਉਹ ਮੈਨੂੰ ਫੇਰ ਕੁਝ ਪੁੱਛ ਰਿਹਾ ਏ। ਇਸ ਵਾਰੀ ਉਸਦੀ ਆਵਾਜ਼ ਬੜੀ ਕਮਜ਼ੋਰ ਤੇ ਕੰਬਦੀ-ਜਿਹੀ ਸੀ। ਲੱਗਿਆ, ਉਹ ਸੱਚਮੁੱਚ ਦੁੱਖੀ ਹੋ ਗਿਆ ਏ। ਮੈਂ ਕੁਝ ਵਧੇਰੇ ਧਿਆਨ ਨਾਲ ਉਸਦੀਆਂ ਗੱਲਾਂ ਸੁਣਨ ਲੱਗਾ।

ਉਹ ਕਹਿ ਰਿਹਾ ਸੀ ਕਿ ਉਸਨੂੰ ਪੱਕਾ ਵਿਸ਼ਵਾਸ ਏ ਕਿ ਮੇਰੀ ਅਪੀਲ ਮੰਨ ਲਈ ਜਾਵੇਗੀ, ਪਰ ਅਪਰਾਧ ਦਾ ਜਿਹੜਾ ਬੋਝ ਮੇਰੀ ਛਾਤੀ 'ਤੇ ਲੱਦ ਦਿੱਤਾ ਗਿਆ ਏ, ਉਸ ਤੋਂ ਤਾਂ ਮੁਕਤ ਹੋਣਾ ਈ ਪਵੇਗਾ। ਉਸਦੇ ਵਿਚਾਰ ਵਿਚ ਆਦਮੀ ਦਾ ਨਿਆਂ ਕੋਈ ਨਿਆਂ ਨਹੀਂ ਏਂ, ਅਸਲੀ ਨਿਆਂ ਤਾਂ ਈਸ਼ਵਰ ਈ ਕਰਦਾ ਏ। ਉਸੇ ਦਾ ਮਹੱਤਵ ਏ। ਮੈਂ ਦੱਸਿਆ ਕਿ ਸਜ਼ਾਏ-ਮੌਤ ਤਾਂ ਮੈਨੂੰ ਆਦਮੀ ਨੇ ਈ ਦਿੱਤੀ ਏ। 'ਹਾਂ, ਮੈਂ ਮੰਨਿਆਂ, ਤੁਸੀਂ ਠੀਕ ਕਹਿ ਰਹੇ ਓਂ।

ਪਰ ਕੀ ਇਸ ਨਾਲ ਤੁਹਾਡੇ ਪਾਪ ਦਾ ਨਿਪਟਾਰਾ ਹੋ ਜਾਵੇਗਾ ?' ਉਦੋਂ ਮੈਂ ਦੱਸਿਆ ਕਿ ਮੈਨੂੰ ਤਾਂ ਕਿਸੇ ਪਾਪ ਦਾ ਪਤਾ ਈ ਨਹੀਂ। ਹਾਂ, ਮੈਂ ਤਾਂ ਏਨਾ ਜਾਣਦਾ ਹਾਂ ਕਿ ਮੈਨੂੰ ਫ਼ੌਜਦਾਰੀ ਦੇ ਮਾਮਲੇ 'ਚ ਮੁਜਰਿਮ ਕਰਾਰ ਦਿੱਤਾ ਗਿਆ। ਸੋ ਸਜ਼ਾ ਵੀ ਉਸ ਅਪਰਾਧ ਦੀ ਭੁਗਤ ਰਿਹਾ ਹਾਂ। ਬਸ, ਇਸ ਨਾਲੋਂ ਵੱਧ ਉਮੀਦ ਕਰਨ ਦਾ ਕਿਸੇ ਨੂੰ ਕੋਈ ਹੱਕ ਨਹੀਂ। ਉਹ ਯਕਦਮ ਉਠ ਕੇ ਖੜ੍ਹਾ ਹੋ ਗਿਆ। ਹੁਣ ਮੈਂ ਦੇਖਿਆ ਕਿ ਇਸ ਕੋਠੜੀ ਵਿਚ ਹਿਲਣ-ਜੁਲਣ ਲਾਇਕ ਏਨੀ ਈ ਜਗ੍ਹਾ ਏ ਕਿ ਆਦਮੀ ਬਸ ਜਾਂ ਤਾਂ ਬੈਠ ਜਾਵੇ ਜਾਂ ਖੜ੍ਹਾ ਰਹੇ। ਉਹ ਮੇਰੇ ਵੱਲ ਜ਼ਰਾ ਜਿੰਨਾ ਵਧਿਆ ਤੇ ਇਸ ਤਰ੍ਹਾਂ ਰੁਕ ਗਿਆ ਜਿਵੇਂ ਕੋਲ ਆਉਣ ਦੀ ਹਿੰਮਤ ਨਾ ਹੋ ਰਹੀ ਹੋਵੇ। ਮੈਂ ਹੇਠਾਂ ਫਰਸ਼ ਉੱਤੇ ਨਿਗਾਹਾਂ ਟਿਕਾਈਆਂ ਹੋਈਆਂ ਸਨ। ਉਹ ਸਲਾਖ਼ਾਂ ਦੇ ਪਾਰ ਆਸਮਾਨ ਵੱਲ ਦੇਖਣ ਲੱਗਾ।ਫੇਰ ਬੜੀ ਈ ਗੰਭੀਰ ਆਵਾਜ਼ ਵਿਚ ਬੋਲਿਆ, ਨਈਂ ਬੇਟਾ, ਇਹ ਤੁਹਾਡੀ ਭੁੱਲ ਏ। ਤੁਹਾਥੋਂ ਇਕ ਉਮੀਦ ਹੋਰ ਵੀ ਕੀਤੀ ਜਾ ਸਕਦੀ ਏ। ਤੇ ਸ਼ਾਇਦ, ਜ਼ਰੂਰ ਈ ਕੀਤੀ ਜਾਵੇਗੀ।

ਕੀ ਮਤਲਬ ?

ਤੁਹਾਥੋਂ ਕਿਸੇ ਦੇ ਦਰਸ਼ਨ ਕਰਨ ਦੀ ਉਮੀਦ ਕੀਤੀ ਜਾ ਸਕਦੀ ਏ...।

ਕਿਸ ਦੇ ਦਰਸ਼ਨ ਕਰਨ ਦੀ ਉਮੀਦ ?

ਇਸ ਤੇ ਪਾਦਰੀ ਨੇ ਹੌਲੀ-ਹੌਲੀ ਮੇਰੀ ਕੋਠੜੀ ਵਿਚ ਚਾਰੇ-ਪਾਸੇ ਨਿਗਾਹ ਘੁਮਾਈ। ਇਸ ਵਾਰੀ ਜਦੋਂ ਉਹ ਬੋਲਿਆ ਤਾਂ ਉਸ ਦੀ ਆਵਾਜ਼ ਦੀ ਕੰਬਣੀ ਤੋਂ ਮੈਂ ਤ੍ਰਬਕਿਆ। ਉਹ ਕਹਿ ਰਿਹਾ ਸੀ— ਇਹ ਪੱਥਰਾਂ ਦੀਆਂ ਕੰਧਾਂ...ਮੈਂ ਇਹਨਾਂ ਦੇ ਕਣ-ਕਣ ਨੂੰ ਜਾਣਦਾ ਆਂ। ਇਹ ਪੱਥਰਾਂ ਦੀਆਂ ਕੰਧਾਂ...ਆਦਮੀ ਦੇ ਹਉਕੇ-ਸਿਸਕੀਆਂ ਦੇ ਪੀੜ-ਪਰੁੱਚੇ ਅਹਿਸਾਸ ਉੱਤੇ ਚਿਣੀਆਂ ਗਈਆਂ ਨੇ। ਜਦੋਂ-ਜਦੋਂ ਇਹਨਾਂ ਨੂੰ ਦੇਖਦਾਂ, ਮੇਰਾ ਤਨ-ਮਨ ਆਪਣੇ-ਆਪ ਕੰਬ ਕੇ ਰੋਮਾਂਚਿਤ ਹੋ ਉਠਦਾ ਏ, ਝਣਝਣਾ ਜਾਂਦਾ ਏ। ਪਰ ਵਿਸ਼ਵਾਸ ਕਰਨਾ, ਮੈਂ ਤੈਨੂੰ ਆਪਣੀ ਅੰਤਰ-ਆਤਮਾ ਦੀ ਗੱਲ ਦੱਸ ਰਿਹਾ ਹਾਂ। ਇਹ ਵੀ ਮੈਥੋਂ ਨਈ ਲੁਕਿਆ ਹੋਇਆ ਕਿ ਇਹਨਾਂ ਕੰਧਾਂ ਦੀ ਮਟਮੈਲੀ ਸਤਹਿ ਉੱਤੇ ਤੇਰੇ ਵਰਗੇ ਅਨੇਕਾਂ ਦੁਖਿਆਰੇ ਤੇ ਪਾਤਕੀ ਪ੍ਰਾਣੀਆਂ ਨੇ ਅਕਸਰ ਈ ਉਸ ਅਲੌਕਿਕ ਮੁਖ-ਮੰਡਲ ਨੂੰ ਉਭਰਦੇ ਤੇ ਰੂਪ ਗ੍ਰਹਿਣ ਕਰਦੇ ਦੇਖਿਆ ਏ। ਮੈਂ ਉਸੇ ਮੁਖ-ਮੰਡਲ ਦੀ ਗੱਲ ਕਰ ਰਿਹਾਂ...ਤੂੰ ਉਸੇ ਦੇ ਦਰਸ਼ਨ ਕਰੇਂਗਾ...।

ਪਹਿਲਾਂ ਤਾਂ ਉਸਦੀ ਇਸ ਗੱਲ ਨਾਲ ਮੇਰਾ ਆਸਨ ਡੋਲਣ ਲੱਗਾ। ਪਰ ਫੇਰ ਮੈਂ ਉਸਨੂੰ ਦੱਸਿਆ ਕਿ ਮੈਂ ਮਹੀਨਿਆਂ ਦਾ ਇਹਨਾਂ ਕੰਧਾਂ ਨੂੰ ਘੂਰ ਰਿਹਾ ਹਾਂ ਤੇ ਜਿੰਨੀ ਚੰਗੀ ਤਰ੍ਹਾਂ ਇਹਨਾਂ ਦਾ ਸਿਆਣੂ ਹੋ ਗਿਆ ਹਾਂ, ਓਨਾਂ ਸ਼ਾਇਦ ਦੁਨੀਆਂ ਵਿਚ ਕਿਸੇ ਦਾ ਜਾਂ ਇਸ ਵਿਚਲੀ ਕਿਸੇ ਵੀ ਚੀਜ਼ ਦਾ ਸਿਆਣੂ ਨਹੀਂ ਹਾਂ। ਹਾਂ, ਇਕ ਚਿਹਰੇ ਨੂੰ ਸ਼ਾਇਦ ਕਦੀ ਜ਼ਰੂਰ ਇਹਨਾਂ ਕੰਧਾਂ ਵਿਚ ਲੱਭਣ ਦੀ ਕੋਸ਼ਿਸ਼ ਕਰਦਾ ਹੁੰਦਾ ਸੀ, ਪਰ ਉਹ ਚਿਹਰਾ ਤਾਂ ਇਛਾਵਾਂ-ਕਾਮਨਾਵਾਂ ਦੇ ਵੇਗ ਨਾਲ ਪੈਦਾ ਹੋਈ ਸੁਨਿਹਰੀ ਧੁੱਪ ਵਰਗਾ—ਮੇਰੀ ਦਾ ਚਿਹਰਾ ਸੀ। ਕਿਸਮਤ ਵਿਚ ਨਹੀਂ ਸੀ, ਸੋ ਨਹੀਂ ਦੇਖ ਸਕਿਆ। ਹੁਣ ਕੋਸ਼ਿਸ਼ ਵੀ ਛੱਡ ਦਿੱਤੀ। ਵਾਕੱਈ, ਇਹਨਾਂ ਉੱਤੇ ਮੈਂ ਕਦੀ ਕਿਸੇ ਚੀਜ਼ ਨੂੰ ਉਭਰਦੇ ਜਾਂ ਬਕੌਲ ਉਸਦੇ, ਰੂਪ ਗ੍ਰਹਿਣ ਕਰਦੇ ਨਹੀਂ ਦੇਖਿਆ।

ਪਾਦਰੀ ਬੜੀਆਂ ਡੂੰਘੀਆਂ ਨਜ਼ਰਾਂ ਨਾਲ ਮੇਰੇ ਵੱਲ ਇਕਟੱਕ ਦੇਖਦਾ ਰਿਹਾ। ਮੈਂ ਕੰਧ ਨਾਲ ਢੋਅ ਲਾਈ ਹੋਈ ਸੀ ਤੇ ਰੋਸ਼ਨੀ ਮੱਥੇ ਤੇ ਪੈ ਰਹੀ ਸੀ।

ਉਹ ਮੂੰਹ ਈ ਮੂੰਹ ਵਿਚ ਪਤਾ ਨਹੀਂ ਕੀ ਬੁੜਬੁੜ ਕਰ ਰਿਹਾ ਸੀ। ਫੇਰ ਅਚਾਨਕ ਉਸਨੇ ਪੁੱਛ ਲਿਆ, ਤੈਨੂੰ ਚੁੰਮ ਲਵਾਂ ਨਾ ? ਮੈਂ ਜਵਾਬ ਦਿੱਤਾ ,

ਜੀ ਨਈਂ... ਸੁਣ ਕੇ ਉਹ ਘੁੰਮਿਆਂ ਤੇ ਕੰਧ ਕੋਲ ਆ ਗਿਆ। ਫੇਰ ਕੰਧ ਉੱਤੇ ਹੌਲੀ-ਹੌਲੀ ਹੱਥ ਫੇਰਦਾ ਹੋਇਆ ਪੁੱਛਣ ਲੱਗਾ, ਸੱਚਮੁੱਚ, ਇਹਨਾਂ ਭੌਤਿਕ ਪਦਾਰਥਾਂ ਨਾਲ ਤੈਨੂੰ ਏਨਾ ਮੋਹ ਏ ?

ਮੈਂ ਕੋਈ ਜਵਾਬ ਨਹੀਂ ਦਿੱਤਾ।

ਉਹ ਕਾਫੀ ਦੇਰ ਤੀਕ ਮੇਰੇ ਵੱਲ ਦੇਖਦਾ ਰਿਹਾ। ਮੈਂ ਨਜ਼ਰਾਂ ਬਚਾਉਂਦਾ ਰਿਹਾ। ਉਸਦਾ ਇੱਥੇ ਹੋਣਾ ਹੁਣ ਮੈਨੂੰ ਤਕਲੀਫ਼ ਦੇ ਰਿਹਾ ਸੀ ਤੇ ਬੜਾ ਅਸਹਿ ਹੁੰਦਾ ਜਾ ਰਿਹਾ ਸੀ—ਤੇ ਮੈਂ ਉਸਨੂੰ ਕਹਿਣ ਈ ਲੱਗਾ ਸੀ ਕਿ ਤਸੀਂ ਹੁਣ ਤਸ਼ਰੀਫ਼ ਲੈ ਜਾਓ। ਮੈਨੂੰ ਬਖ਼ਸ਼ੋ, ਕਿ ਅਚਾਨਕ ਉਹ ਝੱਟਕੇ ਨਾਲ ਮੇਰੇ ਵੱਲ ਭੌਂ ਪਿਆ ਤੇ ਤਿੱਖੀ, ਰੋਹੀਲੀ ਆਵਾਜ਼ ਵਿਚ ਬੋਲਿਆ, ਨਈਂ...ਨਈਂ...ਮੈਨੂੰ ਵਿਸ਼ਵਾਸ ਨਹੀਂ ਆਉਂਦਾ ਪਿਆ। ਮੈਂ ਖ਼ੂਬ ਜਾਣਦਾ ਆਂ ਕਿ ਅਕਸਰ ਤੇਰੇ ਮਨ ਵਿਚ ਪੁਨਰ-ਜਨਮ ਦੀ ਕਾਮਨਾ ਹੋਈ ਏ। ਜ਼ਰੂਰ ਕਾਮਨਾ ਹੋਈ ਏ।

ਮੈਂ ਕਿਹਾ, ਕਦੀ-ਕਦੀ ਹਰ ਆਦਮੀ ਦੇ ਮਨ ਵਿਚ ਅਜਿਹੀ ਕਾਮਨਾ ਜਾਗਦੀ ਏ। ਪਰ ਇਸ ਤੋਂ ਕੁਝ ਸਿੱਧ ਨਈਂਹੁੰਦਾ। ਵੈਸੇ ਆਦਮੀ ਧਨਵਾਨ ਹੋਣ ਦੀ ਕਾਮਨਾ ਕਰਦਾ ਏ, ਸਪੀਡ ਨਾਲ ਤੈਰਨ ਦੀ ਕਾਮਨਾ ਕਰਦਾ ਏ ਜਾਂ ਹੋਰ ਵੀ ਸੁਡੌਲ ਚਿਹਰੇ ਦੀ ਕਾਮਨਾ ਕਰਦਾ ਏ—ਠੀਕ ਉਸੇ ਤਰ੍ਹਾਂ ਦੀ ਕਾਮਨਾ ਇਹ ਵੀ ਏ। ਮੈਂ ਇਸੇ ਰੌਅ ਵਿਚ ਕੁਝ ਹੋਰ ਬੋਲਦਾ ਕਿ ਉਸਨੇ ਵਿਚਕਾਰ ਈ ਸਵਾਲ ਕੀਤਾ ਕਿ ਮਰਨ ਪਿੱਛੋਂ ਮੈਂ ਕਿਸ ਤਰ੍ਹਾਂ ਦੇ ਜੀਵਨ ਦੀ ਕਾਮਨਾ ਕਰਦਾ ਹਾਂ ?

ਮੈਂ ਇਕ ਤਰ੍ਹਾਂ ਨਾਲ ਦਹਾੜ ਕੇ ਈ ਕਿਹਾ, ਅਜਿਹੇ ਜੀਵਨ ਦੀ, ਜਿੱਥੇ ਇਸ ਧਰਤੀ ਦੇ ਜੀਵਨ ਦੀ ਯਾਦ ਸਲਾਮਤ ਰਹੇ। ਬਸ, ਮੈਨੂੰ ਹੋਰ ਕੁਝ ਨਈਂ ਚਾਹੀਦਾ। ਤੇ ਇਸ ਗੱਲ ਦੇ ਨਾਲ ਇਕੋ ਸਾਹ ਵਿਚ ਮੈਂ ਇਹ ਵੀ ਕਹਿ ਦਿੱਤਾ, ਬਸ, ਹੁਣ ਤੁਹਾਡੇ ਸਤਸੰਗ ਨਾਲ ਮੇਰਾ ਢਿੱਡ ਭਰ ਗਿਆ। ਪਰ ਲੱਗਿਆ ਕਿ ਉਸਨੇ ਤਾਂ ਈਸ਼ਵਰ ਦੇ ਵਿਸ਼ੇ ਉੱਤੇ ਕੁਝ ਹੋਰ ਪ੍ਰਵਚਨ ਵੀ ਕਰਨੇ ਸਨ। ਮੈਂ ਯਕਦਮ ਉਸਦੇ ਕੋਲ ਜਾ ਪਹੁੰਚਿਆ ਤੇ ਆਖ਼ਰੀ ਵਾਰ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਾ ਕਿ ਮੇਰੇ ਕੋਲ ਹੁਣ ਸਮਾਂ ਨਹੀਂ ਏ ਤੇ ਜਿਹੜਾ ਥੋੜ੍ਹਾ-ਬਹੁਤ ਸਮਾਂ ਹੈ ਵੀ, ਉਸਨੂੰ ਮੈਂ ਈਸ਼ਵਰ-ਵੀਸ਼ਵਰ ਲਈ ਬਰਬਾਦ ਨਹੀਂ ਕਰਨਾ ਚਾਹੁੰਦਾ।

ਹੁਣ ਉਸਨੇ ਗੱਲ ਬਦਲਨ ਦੀ ਕੋਸ਼ਿਸ਼ ਕੀਤੀ। ਪੁੱਛਿਆ ਕਿ ਇਹ ਦੇਖ ਕੇ ਵੀ ਕਿ ਉਹ ਪਾਦਰੀ ਏ, ਮੈਂ ਉਸਨੂੰ ਫਾਦਰ ਕਹਿ ਕੇ ਕਿਉਂ ਨਹੀਂ ਬੁਲਾਇਆ ? ਇਸ ਤੇ ਤਾਂ ਮੈਂ ਹੋਰ ਵੀ ਹਿਰਖ ਗਿਆ। ਕਿਹਾ, ਤੂੰ ਮੇਰਾ ਫਾਦਰ ਕਿੰਜ ਹੋ ਗਿਆ ? ਉਲਟਾ ਤੂੰ ਤਾਂ ਦੁਸ਼ਮਣਾਂ ਨਾਲ ਮਿਲਿਆ ਹੋਇਆ ਏਂ।

ਉਹ ਮੇਰੇ ਮੋਢੇ ਤੇ ਹੱਥ ਰੱਖ ਕੇ ਬੋਲਿਆ, ਨਈਂ-ਨਈਂ ਬੇਟਾ, ਮੈਂ ਤਾਂ ਤੇਰੇ ਪਾਸੇ ਈ ਆਂ। ਤੂੰ ਸਮਝਦਾ ਈ ਨਈਂ ਤਾਂ ਮੈਂ ਕੀ ਕਰਾਂ ? ਤੇਰਾ ਦਿਲ ਪਥਰਾਅ ਗਿਆ ਏ। ਖ਼ੈਰ, ਮੈਂ ਤੇਰੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕਰਾਂਗਾ। ਤੇ ਉਸਦਾ ਏਨਾ ਕਹਿਣਾ ਸੀ ਕਿ ਯਕਦਮ ਈ ਮੈਨੂੰ ਪਤਾ ਨਹੀਂ ਕੀ ਹੋਇਆ ਕਿ ਮੈਨੂੰ ਲੱਗਿਆ, ਮੇਰੇ ਅੰਦਰ ਭਿਅੰਕਰ ਧਮਾਕਾ ਹੋਇਆ ਏ। ਮੈਂ ਚੀਕਣਾ-ਕੂਕਣਾ, ਬਕਨਾ ਸ਼ੁਰੂ ਕਰ ਦਿੱਤਾ। ਉਸ ਉੱਤੇ ਅੰਨ੍ਹੇਵਾਹ ਗਾਲ੍ਹਾਂ ਦੀ ਵਾਛੜ ਕਰ ਦਿੱਤੀ ਤੇ ਕਹਿ ਦਿੱਤਾ ਕਿ ਉਸਨੂੰ ਮੇਰੇ ਲਈ ਕੋਈ ਪ੍ਰਾਰਥਨਾ-ਪ੍ਰੂਥਨਾ ਕਰਨ ਦੀ ਕਤਈ ਲੋੜ ਨਹੀਂ। ਜਿੰਨੀ ਛੇਤੀ ਹੋ ਸਕੇ ਇੱਥੋਂ ਦਫ਼ਾ ਹੋ ਜਾ।

ਝਪਟ ਕੇ ਮੈਂ ਉਸਦੇ ਲਿਬਾਦੇ ਦਾ ਗਲਮਾਂ ਜਾ ਫੜਿਆ ਤੇ ਪਤਾ ਨਹੀਂ ਕਿਸ ਹਿਰਖ ਤੇ ਜਨੂੰਨ ਵੱਸ ਅੰਨ੍ਹਾਂ ਹੋ ਕੇ ਮਨ ਵਿਚ ਭੌਂਦੀਆਂ ਕਹੀਆਂ-ਅਣਕਹੀਆਂ ਸਾਰੀਆਂ ਗੱਲਾਂ ਉਸਨੂੰ ਕਹਿ ਦਿੱਤੀਆਂ ਕਿ ਉਸਨੂੰ ਜੇ ਏਨਾ ਈ ਅਟੱਲ-ਅਡੋਲ ਵਿਸ਼ਵਾਸ ਏ ਤਾਂ ਆਪਣੇ ਕੋਲ ਰੱਖੀ ਰੱਖੇ। ਉਸਦੀਆਂ ਸਾਰੀਆਂ ਮਾਨਤਾਵਾਂ ਦਾ ਮੁੱਲ ਮੇਰੇ ਲਈ ਕਾਣੀ ਕੌਡੀ ਨਾਲੋਂ ਵੱਧ ਨਹੀਂ। ਕਹਿਣ ਨੂੰ ਤਾਂ ਉਹ ਭਲ਼ੇ ਈ ਆਪਣੇ-ਆਪ ਨੂੰ ਜਿਊਂਦਾ ਸਮਝਦਾ ਰਹੇ, ਪਰ ਅਸਲ ਵਿਚ ਮਰੇ ਨਾਲੋਂ ਵੀ ਗਿਆ ਬੀਤਿਆ ਏ।

ਉਸਨੂੰ ਖ਼ੁਦ ਆਪਣੇ ਜਿਊਣ ਤੇ ਵਿਸ਼ਵਾਸ ਨਹੀਂ ਏ। ਉਪਰੋਂ ਦੇਖਣ ਨਾਲ ਮੇਰੇ ਵਿਚ ਕੁਝ ਵੀ ਨਾ ਬਚਿਆ ਹੋਏ, ਇਹ ਗੱਲ ਹੋਰ ਏ। ਪਰ ਮੈਂ ਆਪਣੇ ਬਾਰੇ ਵਿਚ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਜਿਊਂਦਾ ਹਾਂ...ਘੱਟੋਘੱਟ, ਉਸ ਨਾਲੋਂ ਵਧੇਰੇ ਵਿਸ਼ਵਾਸ ਨਾਲ ਜਾਣਦਾ ਹਾਂ, ਆਪਣੀ ਵਰਤਮਾਨ ਜ਼ਿੰਦਗੀ ਤੇ ਮੌਤ ਦਾ ਪਤਾ ਮੈਨੂੰ ਉਸ ਨਾਲੋਂ ਲੱਖ ਗੁਣਾ ਵੱਧ ਚੰਗੀ ਤਰ੍ਹਾਂ ਏ। ਉਹ ਕੀ ਜਾਣੇ ? ਬੇਸ਼ੱਕ ਮੇਰੀ ਪੂੰਜੀ ਏਨੀ ਕੁ ਏ, ਪਰ ਮੇਰੇ ਲਈ ਇਹ ਸੱਚਾਈ ਘੱਟੋਘੱਟ ਏਨੀ ਸਪਸ਼ਟ ਤੇ ਠੋਸ ਤਾਂ ਐ ਕਿ ਮੈਂ ਇਸਨੂੰ ਛੂਹ ਸਕਦਾਂ, ਦੇਖ ਸਕਦਾਂ ਤੇ ਉਸ ਵਿਚ ਉਸੇ ਤਰ੍ਹਾਂ ਦੰਦ ਗੱਡ ਸਕਦਾਂ, ਜਿਵੇਂ ਇਸ ਸੱਚਾਈ ਨੇ ਮੇਰੀ ਚੇਤਨਾ ਵਿਚ ਦੰਦ ਗੱਡੇ ਹੋਏ ਨੇ। ਮੈਂ ਕਦੀ ਗ਼ਲਤੀ ਨਹੀਂ ਕੀਤੀ, ਅੱਜ ਵੀ ਸਹੀ ਹਾਂ ਤੇ ਹਮੇਸ਼ਾ ਸਹੀ ਰਹਾਂਗਾ। ਮੈਂ ਇਕ ਖਾਸ ਢੰਗ ਦੀ ਜ਼ਿੰਦਗੀ ਬਿਤਾਈ ਏ, ਚਾਹੁੰਦਾ ਤਾਂ ਦੂਜੀ ਤਰ੍ਹਾਂ ਵੀ ਬਿਤਾ ਸਕਦਾ ਸੀ। ਮੇਰਾ ਹੱਥ ਕਿਸਨੇ ਫੜ੍ਹਿਆ ਸੀ ? ਜਿੱਥੇ ਜੋ ਠੀਕ ਸਮਝਿਆ ਉਹੀ ਕੀਤਾ,

(ਚਲਦਾ)

# ਬੋਹੜ ਦੇ ਥੱਲੇ ਇਕ ਹੋਰ ਬੋਹੜ-ਖੁੱਡੀਆਂ ਪਰਿਵਾਰ



ਡਾ. ਹਰਸ਼ਿੰਦਰ ਕੌਰ, ਐੱਮ.ਡੀ.
0175-2216783

ਖ਼ਾਲਸਾ ਕਾਲਜ ਅੰਮ੍ਰਿਤਸਰ ਨਾਲ ਮੇਰਾ ਬੜਾ ਗੂੜ੍ਹਾ ਸੰਬੰਧ ਹੈ। ਮੇਰੇ ਨਾਨਾ ਜੀ, ਪ੍ਰੋ. ਸਾਹਿਬ ਸਿੰਘ, ਮੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ ਅਤੇ ਮੈਂ ਵੀ ਉਸੇ ਕਾਲਜ ਨਾਲ ਜੁੜੀ ਰਹੀ ਹਾਂ। ਪ੍ਰੀ ਮੈਡੀਕਲ ਦੀ ਪੜ੍ਹਾਈ ਮੈਂ ਉਸੇ ਕਾਲਜ ਵਿੱਚੋਂ ਕੀਤੀ ਸੀ। ਅਨੇਕ ਵਾਰ ਮੈਂ ਖ਼ਾਲਸਾ ਕਾਲਜ ਵਿਚਲਾ ਉਹ ਘਰ ਵੇਖਿਆ ਜਿੱਥੇ ਮੇਰੇ ਮੰਮੀ, ਮੇਰੇ ਨਾਨਾ ਜੀ ਦੇ ਘਰ ਬਚਪਨ ਵਿਚ ਖੇਡਿਆ ਕਰਦੇ ਸਨ। ਇਸੇ ਲਈ ਖ਼ਾਲਸਾ ਕਾਲਜ ਨਾਲ ਜੁੜੇ ਹਰ ਬੰਦੇ ਨਾਲ ਮੈਨੂੰ ਅਪਣਤ ਮਹਿਸੂਸ ਹੁੰਦੀ ਹੈ।

ਜਥੇਦਾਰ ਜਗਦੇਵ ਸਿੰਘ ਖੁੱਡੀਆਂ ਜੀ ਵੀ ਖ਼ਾਲਸਾ ਕਾਲਜ ਹੀ ਪੜ੍ਹੇ ਸਨ। ਸਰਲ ਸੁਭਾਅ ਅਤੇ ਚਿਹਰੇ ਉੱਤੇ ਹਲਕੀ ਮੁਸਕਾਨ ਵਾਲੀ ਪਛਾਣ ਪਿੱਛੇ ਗਹਿਰ ਗੰਭੀਰ ਸੋਚ ਦੇ ਮਾਲਕ ਜੱਥੇਦਾਰ ਜਗਦੇਵ ਸਿੰਘ ਖੁੱਡੀਆਂ ਜੀ ਦੀ ਹਰਮਨ ਪਿਆਰਤਾ ਇੱਥੋਂ ਸਿੱਧ ਹੋ ਜਾਂਦੀ ਹੈ ਕਿ ਹਰਚਰਨ ਸਿੰਘ ਬਰਾੜ ਜੀ ਨੂੰ 1,57,000 ਤੋਂ ਵੱਧ ਵੋਟਾਂ ਨਾਲ ਹਰਾ ਕੇ ਲੋਕਾਂ ਨੇ ਇਨ੍ਹਾਂ ਨੂੰ ਜਿਤਾਇਆ ਸੀ। ਲੋਕ ਅੱਜ ਵੀ ਉਨ੍ਹਾਂ ਨੂੰ ਯਾਦ ਕਰਦਿਆਂ ਇੱਕ ਦਰਵੇਸ਼ ਸਿਆਸਤਦਾਨ ਹੀ ਆਖਦੇ ਹਨ।

ਸ੍ਰ. ਫੁੰਮਣ ਸਿੰਘ ਤੇ ਮਾਤਾ ਪੰਜਾਬ ਕੌਰ ਦੇ ਸਪੁੱਤਰ ਜਗਦੇਵ ਸਿੰਘ ਜੀ ਨੂੰ ਕਿਤਾਬੀ ਕੀੜਾ ਵੀ ਕਿਹਾ ਜਾਂਦਾ ਸੀ ਕਿਉਂਕਿ ਕਿਤਾਬਾਂ ਪੜ੍ਹਨ ਦੀ ਉਨ੍ਹਾਂ ਨੂੰ ਏਨੀ ਚੇਟਕ ਸੀ ਕਿ ਸੜਕ ਕਿਨਾਰੇ ਵੀ ਉਨ੍ਹਾਂ ਦੀ ਨਜ਼ਰੀਂ ਚੰਗੀਆਂ ਕਿਤਾਬਾਂ ਪੈ ਜਾਂਦੀਆਂ ਤਾਂ ਉੱਥੇ ਹੀ ਗੋਡੀਂ ਭਾਰ ਬਹਿ ਕੇ ਪੜ੍ਹਨਾ ਸ਼ੁਰੂ ਕਰ ਦਿੰਦੇ। ਉਨ੍ਹਾਂ ਦੀ ਸਾਦਗੀ ਦੀ ਸਿਖ਼ਰ ਇਹ ਸੀ ਕਿ ਕਿਤਾਬਾਂ ਦੇ ਖ਼ਰੀਦੇ ਢੇਰ ਨੂੰ ਦੋਹਾਂ ਹੱਥਾਂ ਨਾਲ ਚੁੱਕ ਤੇ ਕੁੱਝ ਕੱਛ ਵਿਚ ਫਸਾ ਕੇ ਪੈਦਲ ਹੀ ਬਸ ਫੜਨ ਲਈ ਤੁਰ ਪੈਂਦੇ।

ਅੱਜ ਦੇ ਦਿਨ ਸੋਚ ਕੇ ਅਜੀਬ ਲੱਗਦਾ ਹੈ ਕਿ ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਵਜੋਂ ਨਿਯੁਕਤ ਹੋਏ ਜਗਦੇਵ ਜੀ ਆਪਣੀ ਸਰਕਾਰੀ ਕਾਰ ਛੱਡ ਕਿਤਾਬਾਂ ਚੁੱਕ ਸਰਕਾਰੀ ਬਸ ਉੱਤੇ ਸਫਰ ਕਰਦੇ ਰਹਿੰਦੇ ਸਨ।

ਅਕਾਲੀ ਸਰਕਾਰ ਵਿਚ ਉਨ੍ਹਾਂ ਦਾ ਅਕਸ ਬਹੁਤ ਨਿਖਰ ਕੇ ਲੋਕਾਂ ਵਿਚ ਗਿਆ ਤੇ ਲੋਕ ਉਨ੍ਹਾਂ ਨੂੰ ਵੇਖ ਕੇ ਇੱਜ਼ਤ ਨਾਲ ਸਿਰ ਝੁਕਾ ਲੈਂਦੇ ਸਨ। ਕਾਰ ਵਿਚ ਵੀ ਜਾਣਾ ਹੁੰਦਾ ਤਾਂ ਗੰਨਮੈਨ ਨੂੰ ਜ਼ਿਆਦਾਤਰ ਨਾਲ ਨਹੀਂ ਸਨ ਲੈ ਕੇ ਜਾਂਦੇ।

ਬਚਪਨ ਵਿਚ ਸ੍ਰ. ਜਗਦੇਵ ਜੀ ਮਾ. ਤਾਰਾ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਸਨ ਪਰ ਆਪਣੇ ਪਿਤਾ ਤੋਂ ਗੁਰਬਾਣੀ ਦੀ ਲੱਗੀ ਚੇਟਕ ਨੂੰ ਉਨ੍ਹਾਂ ਕਈ ਵਾਰ ਦੁਹਰਾਇਆ। ਜਦੋਂ ਸ਼ਾਮ ਪੈਣੀ ਤਾਂ ਪਿਤਾ ਸ੍ਰ. ਫੁੰਮਣ ਸਿੰਘ ਬੱਚਿਆਂ ਨੂੰ 'ਵਾਹਿਗੁਰੂ' ਚੇਤੇ ਕਰਦੇ ਰਹਿਣ ਲਈ ਇੱਕ ਆਨਾ ਦੇ ਦਿੰਦੇ। ਜਿਸ ਬੱਚੇ ਨੇ ਦੇਰ ਰਾਤ ਤੱਕ ਇਹ ਜਾਰੀ ਰੱਖਣਾ ਤਾਂ ਉਸ ਨੂੰ ਚੁਆਨੀ ਮਿਲ ਜਾਣੀ।

ਮਾਂ ਪੰਜਾਬ ਕੌਰ ਭਾਵੇਂ ਅਨਪੜ੍ਹ ਸਨ, ਪਰ ਰੋਜ਼ ਤਿੰਨ ਵਾਰ ਸੁਖਮਨੀ ਸਾਹਿਬ ਦਾ ਪਾਠ ਜ਼ਰੂਰ ਕਰਦੇ ਅਤੇ ਗੁਰਬਾਣੀ ਨਾਲ ਪੁੱਤਰਾਂ ਨੂੰ ਜੋੜਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ।

ਅਜਿਹੇ ਮਾਹੌਲ ਵਿੱਚੋਂ ਅੰਮ੍ਰਿਤ ਛਕ ਸੱਚੇ ਸੁੱਚੇ ਸਿੱਖ ਸਜੇ ਜਗਦੇਵ ਸਿੰਘ ਜੀ ਨੂੰ ਝੂਠ ਤੋਂ ਸਖ਼ਤ ਨਫ਼ਰਤ ਸੀ। ਵਿਖਾਵੇ ਵਿਚ ਉਹ ਉੱਕਾ ਹੀ ਵਿਸ਼ਵਾਸ ਨਹੀਂ ਸਨ ਰੱਖਦੇ ਅਤੇ ਹੱਕ ਦਾ ਹੀ ਖਾਣਾ ਪਸੰਦ ਕਰਦੇ ਸਨ ਭਾਵੇਂ ਕਿੰਨੀ ਹੀ ਔਖ ਕੱਟਣੀ ਪਵੇ। ਇਹੀ ਕਾਰਨ ਸੀ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਜਦੋਂ ਲੋਕ ਉਨ੍ਹਾਂ ਘਰ ਅਫ਼ਸੋਸ ਕਰਨ ਗਏ ਤਾਂ ਉਨ੍ਹਾਂ ਦਾ ਘਰ ਹੀ ਮੂੰਹੋਂ ਆਪ ਮੁਹਾਰੇ ਬੋਲ ਕੇ ਦੱਸਦਾ ਸੀ ਕਿ ਸਰਪੰਚ ਤੋਂ ਲੈ ਕੇ ਮੰਡੀਕਰਨ ਬੋਰਡ ਦੇ ਚੇਅਰਮੈਨ ਤੱਕ ਪਹੁੰਚੀ ਇਹ ਮਹਾਨ ਸ਼ਖ਼ਸੀਅਤ ਕਿੰਨੀ ਉੱਚੀ ਸੁੱਚੀ ਸੀ। ਘਰ ਕੱਚਾ, ਚੁਬਾਰੇ ਦੀਆਂ ਕੰਧਾਂ 'ਚੋਂ ਵਗੀਆਂ ਮੀਂਹ ਦੀਆਂ ਧਾਰਾਂ ਅਤੇ ਨੀਵੀ ਬਾਲਿਆਂ ਦੀ ਛੱਤ ਦੇ ਨਾਲ ਬਿਨਾਂ ਤਾਕੀ ਦਾ ਕਮਰਾ ਜਿਸ ਦੇ ਰੋਸ਼ਨਦਾਨ ਕਿਤਾਬਾਂ ਨਾਲ ਤੂਸੇ ਹੋਏ ਸਨ। ਸਿਆਸਤ ਦੇ ਲੇਖੇ ਲਾਈ ਸਾਰੀ ਜ਼ਮੀਨ ਅਤੇ ਲੋੜਵੰਦਾਂ ਲਈ ਵਰਤਿਆ ਸਾਰਾ ਪੈਸਾ ਹੀ ਉਨ੍ਹਾਂ ਵਾਸਤੇ ਲੋਕਾਂ ਦੇ ਮਨਾਂ ਉੱਤੇ ਰਾਜ ਕਰਨ ਦਾ ਰਾਹ ਪਧਰਾ ਕਰਦਾ ਰਿਹਾ ਸੀ।

ਹਰ ਵੇਲੇ ਉਨ੍ਹਾਂ ਨਾਲ ਇੱਕ ਬ੍ਰੀਫਕੇਸ ਜ਼ਰੂਰ ਹੁੰਦਾ ਸੀ ਜਿਸ ਬਾਰੇ ਲੋਕ ਬਹੁਤ ਕਿਆਸ ਲਾਉਂਦੇ ਕਿ ਇਸ ਵਿਚ ਕੀ ਕੁੱਝ ਭਰਿਆ ਹੋ ਸਕਦਾ ਹੈ! ਉਨ੍ਹਾਂ ਦੇ ਤੁਰ ਜਾਣ ਬਾਅਦ ਜਦੋਂ ਬ੍ਰੀਫਕੇਸ ਖੋਲ੍ਹਿਆ ਗਿਆ ਤਾਂ ਉਸ ਵਿਚ ਨਿਤਨੇਮ ਦਾ ਗੁਟਕਾ ਸਾਹਿਬ ਲੱਭਿਆ। ਸਾਰੇ ਪਿੰਡ ਦੇ ਬੱਚੇ ਵੀ ਉਨ੍ਹਾਂ ਦੀ ਮੌਤ ਬਾਰੇ ਸੁਣ ਕੇ ਜ਼ਾਰੋ-ਜ਼ਾਰ ਰੋਏ ਸਨ ਕਿਉਂਕਿ ਉਹ ਸਾਰੇ ਬੱਚਿਆਂ ਦੇ ਖ਼ਾਸ ਆੜੀ ਸਨ ਅਤੇ ਸਾਰੇ ਉਨ੍ਹਾਂ ਨੂੰ ਪਿਆਰ ਨਾਲ 'ਆੜੀ ਬਾਪੂ' ਸਦਦੇ ਸਨ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਜੀ ਨਾਲ ਉਨ੍ਹਾਂ ਦੇ ਬਹੁਤ ਨੇੜਲੇ ਸੰਬੰਧ ਸਨ ਕਿਉਂਕਿ ਉਨ੍ਹਾਂ ਨੂੰ ਪੰਜਾਬ ਅਤੇ ਸਿੱਖੀ ਲਈ ਦ੍ਰਿੜ ਇਰਾਦਾ ਰੱਖਣ ਵਾਲੇ ਲੋਕ ਚੰਗੇ ਲੱਗਦੇ ਸਨ।

ਜਥੇਦਾਰ ਜੀ ਦੇ ਪੜਦਾਦਾ ਜੀ ਦਾ ਨਾਂ ਬਾਬਾ ਗੁਲਾਬ ਸਿੰਘ ਸੀ ਤੇ ਉਨ੍ਹਾਂ ਦੇ ਨਾਂ ਉੱਤੇ ਹੀ ਖੁੱਡੀਆਂ ਗੁਲਾਬ ਸਿੰਘ ਪਿੰਡ ਦਾ ਨਾਂ ਹੈ।

ਅਪਰੇਸ਼ਨ ਬਲੂ ਸਟਾਰ ਨੇ ਜੱਥੇਦਾਰ ਜੀ ਦੇ ਮਨ ਉੱਤੇ ਡੂੰਘੀ ਛਾਪ ਛੱਡੀ ਅਤੇ ਉਹ ਅੰਦਰੋਂ ਕਿਤੇ ਟੁੱਟ ਹੀ ਗਏ ਸਨ।

ਅੱਤ ਦੀ ਖ਼ੂਬਸੂਰਤ ਲਿਖਾਈ ਦੇ ਮਾਲਕ ਜਗਦੇਵ ਸਿੰਘ ਜੀ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਵਧੀਆ ਤਰੀਕੇ ਜਾਣਦੇ ਸਨ। ਉੱਚ ਕੋਟੀ ਦਾ ਸਾਹਿਤ ਪੜ੍ਹਨਾ ਜਿਸ ਵਿਚ ਟਾਈਮ, ਨਿਊਜ਼ਵੀਕ, ਇੰਡੀਆ ਟੂਡੇ, ਬੇਸਿਕ ਸਾਈਕੋਲੋਜੀ, ਫਾਦਰ ਐਂਡ ਸੰਨਜ਼ ਸਮੇਤ ਉਰਦੂ ਅਤੇ ਪੰਜਾਬੀ ਦੀਆਂ ਬੇਸ਼ੁਮਾਰ ਕਿਤਾਬਾਂ ਉਨ੍ਹਾਂ ਦੇ ਚੰਡੀਗੜ੍ਹ ਵਾਲੇ ਕਿਰਾਏ ਉੱਤੇ ਲਏ ਘਰ ਵਿਚ ਤੂਸੋ ਤੂਸ ਭਰੀਆਂ ਪਈਆਂ ਸਨ। ਅਣਗਿਣਤ ਕੈਸਟਾਂ ਦੇ ਡੱਬੇ ਭਰੇ ਪਏ ਸਨ ਜਿਨ੍ਹਾਂ ਨੂੰ ਤੁਰਦੇ ਫਿਰਦੇ ਈਅਰਫੋਨ ਲਾ ਕੇ ਸੁਣਦੇ ਰਹਿਣਾ ਉਨ੍ਹਾਂ ਦੀ ਆਦਤ ਸੀ ਕਿ ਫਜ਼ੂਲ ਗੱਲਾਂ ਸੁਣਨ ਜਾਂ ਕਿਸੇ ਦੀ ਬਦਖੋਈ ਕਰਨ ਨਾਲੋਂ ਚੰਗੀ ਗੱਲ ਕੰਨੀਂ ਪੈਣੀ ਬਿਹਤਰ ਹੈ। ਵਕਤ ਦੇ ਪਾਬੰਦ ਅਤੇ ਹੱਦੋਂ ਵੱਧ ਈਮਾਨਦਾਰ ਹੋਣ ਸਦਕਾ ਉਨ੍ਹਾਂ ਆਪਣੇ ਬੱਚਿਆਂ ਨੂੰ ਵੀ ਵਾਧੂ ਅਤੇ ਬੇਲੋੜੀਆਂ ਮੰਗਾਂ ਤੋਂ ਬਚਾਈ ਰੱਖਿਆ।

ਇੱਕ ਵਾਰ ਵੱਡੇ ਪੁੱਤਰ ਗੁਰਮੀਤ ਸਿੰਘ ਨੇ ਕਬੱਡੀ ਦੀ ਖੇਡ ਦੌਰਾਨ ਕੇਸ ਕਤਲ ਕਰਵਾ ਲਏ ਤਾਂ ਜਗਦੇਵ ਸਿੰਘ ਜੀ ਨੂੰ ਸਖ਼ਤ ਧੱਕਾ ਲੱਗਿਆ ਪਰ ਮੂੰਹੋਂ ਇੱਕ ਹਰਫ਼ ਵੀ ਮਾੜਾ ਨਾ ਕੱਢਿਆ। ਸਿਰਫ਼ ਪੁੱਤਰ ਵੱਲ ਝਾਕ ਕੇ ਚੰਡੀਗੜ੍ਹ ਕਾਰ ਉੱਤੇ ਲੰਘ ਗਏ। ਤਿੰਨ ਮਹੀਨਿਆਂ ਬਾਅਦ ਵਾਪਸ ਮੁੜੇ ਤਾਂ ਉਦੋਂ ਤੱਕ ਪੁੱਤਰ ਗੁਰਮੀਤ ਨੇ ਪਿਤਾ ਦੀ ਨਜ਼ਰ ਵਿੱਚੋਂ ਹੀ ਸੁਨੇਹਾ ਫੜ ਕੇ ਵਾਪਸ ਕੇਸ ਰੱਖ ਲਏ ਸਨ। ਜਿਸ ਘੁੱਟ ਕੇ ਜੱਫੀ ਨਾਲ ਜੱਥੇਦਾਰ ਜੀ ਨੇ ਪੁੱਤਰ ਨੂੰ ਗਲ਼ ਲਾਇਆ, ਨੈਣਾਂ ਵਿੱਚੋਂ ਨਿਕਲੇ ਨੀਰ ਰਾਹੀਂ ਸਭ ਗਿਲੇ ਸ਼ਿਕਵੇ ਧੋਤੇ ਗਏ।

ਸੰਨ 1960 ਵਿਚ ਆਪ ਪੰਜਾਬੀ ਸੂਬੇ ਦੇ ਮੋਰਚੇ ਵਿਚ ਲਗਾਤਾਰ ਕੰਮ ਵਿਚ ਜੁਟ ਗਏ ਜਿਸ ਸਦਕਾ ਅਕਾਲੀ ਰਾਜਨੀਤੀ ਵਿਚ ਉਨ੍ਹਾਂ ਨੂੰ ਲੰਬੀ ਇਲਾਕੇ ਦਾ ਜਨਰਲ ਸਕੱਤਰ ਬਣਾ ਦਿੱਤਾ ਗਿਆ ਤੇ ਫਿਰ ਮੁਕਤਸਰ ਵਿਚ ਪ੍ਰਧਾਨ ਵਜੋਂ ਸਥਾਪਿਤ ਹੋ ਗਏ। ਦਿੱਲੀ ਗੁਰਦੁਆਰਿਆਂ ਸੰਬੰਧੀ ਲੱਗੇ ਮੋਰਚਿਆਂ ਵਿਚ ਤਿੰਨ ਮਹੀਨੇ ਜੇਲ੍ਹ ਵਿਚ ਵੀ ਰਹੇ। 15 ਸਤੰਬਰ 1936 ਨੂੰ ਜੰਮੇ ਜੱਥੇਦਾਰ ਜੀ ਸਿਰਫ਼ 53 ਵਰ੍ਹੇ ਦੀ ਉਮਰ ਭੋਗ ਕੇ ਤੁਰ ਗਏ ਤੇ ਉਨ੍ਹਾਂ ਦੀ ਮੌਤ ਵੀ ਰਾਜਨੀਤਕ ਗੰਦਗੀ ਦੀ ਸਿਖ਼ਰ ਉਜਾਗਰ ਕਰ ਗਈ ਕਿ ਕਿਵੇਂ ਇਸ ਦਲਦਲ ਵਿਚ ਸਾਫ਼ ਅਕਸ ਵਾਲੀ ਸ਼ਖ਼ਸੀਅਤ ਨੂੰ 35 ਸਾਲ ਦੇ ਰਾਜਨੀਤਕ ਕਿਰਦਾਰ ਤੋਂ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਉਹ ਮੌਤ ਸੁਭਾਵਕ ਨਹੀਂ ਸੀ। ਪੋਸਟਮਾਰਟਮ ਰਾਹੀਂ ਵੀ ਸਪੱਸ਼ਟ ਹੋ ਗਿਆ ਕਿ ਉਨ੍ਹਾਂ ਨੂੰ ਮਾਰ ਕੇ ਪਾਣੀ ਵਿਚ ਸੁੱਟਿਆ ਗਿਆ ਪਰ ਹਾਲੇ ਤੱਕ ਉਨ੍ਹਾਂ ਨਾਲ ਹੋਏ ਧੱਕੇ ਦਾ ਨਿਆਂ ਨਹੀਂ ਮਿਲਿਆ। ਉਸ ਬੇਦਾਗ਼ ਤੇ ਪਾਕ ਪਵਿੱਤਰ ਰੂਹ ਦੇ ਵੱਡੇ ਸਪੁੱਤਰ ਗੁਰਮੀਤ ਸਿੰਘ ਵੀ ਹੁਣ 32 ਸਾਲਾਂ ਤੋਂ ਸਿਆਸਤ ਵਿਚ ਹਨ।

ਆਮ ਧਾਰਨਾ ਹੈ ਕਿ ਬੋਹੜ ਦੇ ਹੇਠਾਂ ਕੋਈ ਹੋਰ ਬੋਹੜ ਪਣਪ ਨਹੀਂ ਸਕਦਾ, ਪਰ ਸਿਆਸਤ ਦੇ ਇਸ ਬਾਬਾ ਬੋਹੜ ਦੇ ਹੇਠਾਂ ਇਕ ਹੋਰ ਬੋਹੜ ਉੱਗ ਚੁੱਕਿਆ ਹੈ। ਜਿਸ ਸਿਆਸਤ ਨੇ ਜੱਥੇਦਾਰ ਜਗਦੇਵ ਸਿੰਘ ਜੀ ਨੂੰ ਚੱਬ ਲਿਆ, ਉਸੇ ਸਿਆਸਤ ਦੇ ਇੱਕ ਸਿਆਸੀ ਘਾਗ ਨੂੰ ਢਾਹੁਣਾ ਕੋਈ ਖਾਲਾ ਜੀ ਦਾ ਘਰ ਨਹੀਂ ਸੀ।

(ਬਾਕੀ ਸਫ਼ਾ 31 'ਤੇ)






# ਗੁਰਸਿੱਖ ਬੀਬੀ ਚਰਨਜੀਤ ਕੌਰ

## ਹਿਜਾਬ ’ਤੇ ਪਾਬੰਦੀ ਦੇ ਖਿਲਾਫ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਨ ਵਾਲੀ ਪਹਿਲੀ ਗੈਰ-ਮੁਸਲਿਮ ਬੀਬੀ



ਸਰਬਜੀਤ ਕੌਰ ਸਰਬ

“ਲੋਕਤੰਤਰ ਦੇ ਪਿੱਛੇ ਛੁਪੇ ਇਸ ਤਾਨਾਸ਼ਾਹੀ ਰਾਜ ਦੇ ਨੁਮਾਇੰਦਿਆਂ ਨੂੰ ਚਰਨਜੀਤ ਕੌਰ ਸਵਾਲ ਕਰਦੀ ਹੈ ਕਿ ਜੇਕਰ ਸਾਬਕਾ ਭਾਰਤੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਆਪਣੀ ਸਾੜ੍ਹੀ ਦੇ ਪੱਲੇ ਨਾਲ ਸਿਰ ਢੱਕ ਸਕਦੀ ਹੈ ਤਾਂ ਇੱਕ ਹਿਜਾਬ ਪਹਿਨਣ ਵਾਲੀ ਔਰਤ ਆਪਣਾ ਸਿਰ ਕਿਉਂ ਨਹੀਂ ਢੱਕ ਸਕਦੀ ? ਕੀ ਉਹ ਭਾਰਤ ਵਿੱਚ ਆਜ਼ਾਦ ਨਹੀਂ ਹੈ ?”



ਕਰਨਾਟਕ ਦੇ ਹਿਜਾਬ ’ਤੇ ਪਾਬੰਦੀ ਵਿਰੁੱਧ ਇਕਲੌਤੀ ਗੈਰ-ਮੁਸਲਿਮ ਪਟੀਸ਼ਨਰ 46 ਸਾਲਾ ਚਰਨਜੀਤ ਕੌਰ ਕਹਿੰਦੀ ਹੈ, ‘ਮੈਨੂੰ ਪੱਗ ਬੰਨ੍ਹਣ ਤੋਂ ਕੋਈ ਨਹੀਂ ਰੋਕ ਸਕਦਾ ਇਹ ਮੇਰਾ ਧਰਮ ਹੈ। ਚਰਨਜੀਤ ਕੌਰ ਇੱਕ ਕਿਸਾਨ ਪਰਿਵਾਰ ਨਾਲ ਸੰਬੰਧ ਰੱਖਣ ਵਾਲੀ ਇੱਕ ਆਸ਼ਾ ਸਿਹਤ ਕਰਮਚਾਰੀ ਅਤੇ ਇੱਕ ਪੁੱਤਰ ਦੀ ਮਾਂ ਹੈ ਜਿਸਨੇ ਹਾਲ ਹੀ ਵਿੱਚ ਕਾਲਜ ਸ਼ੁਰੂ ਕੀਤਾ ਹੈ। ਉਸਦੀ ਰੁਟੀਨ ਦੇ ਕੰਮਾਕਾਰਾਂ ਦੇ ਬਾਵਜੂਦ, ਉਸਨੇ ਜੀਵਨ ਵਿੱਚ ਇੱਕ ਇਨਸਾਨੀਅਤ ਨਾਲ ਸਬੰਧਿਤ ਕਾਰਜ ਕਰਨ ਦਾ ਫੈਸਲਾ ਕੀਤਾ ਤੇ ਉਸ ਦੇ ਇਸ ਫੈਸਲੇ ਨੇ ਜਿੱਥੇ ਹੈਰਾਨੀ ਪੈਦਾ ਕੀਤੀ ਉਥੇ ਹੀ ਉਸ ਦੇ ਆਲੇ ਦੁਆਲੇ ਦੇ ਬਹੁਤ ਸਾਰੇ ਲੋਕਾਂ ਨੇ ਵਿਰੋਧਤਾ ਵੀ ਕੀਤੀ। ਚਰਨਜੀਤ ਕੌਰ ਨੇ ਇਸ ਸਾਲ ਅਪ੍ਰੈਲ ’ਚ ਕਰਨਾਟਕ ਦੇ ਵਿਦਿਅਕ ਅਦਾਰਿਆਂ ਵਿਚ ਹਿਜਾਬ ’ਤੇ ਪਾਬੰਦੀ ਦੇ ਖਿਲਾਫ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ।

ਚਰਨਜੀਤ ਕੌਰ ਹਰਿਆਣਾ ਦੇ ਕੈਥਲ ਦੀ ਇੱਕ ਗੁਰਸਿੱਖ ਬੀਬੀ ਹੈ। ਹਿਜਾਬ ਪਾਬੰਦੀ ਦਾ ਉਸ ’ਤੇ ਕੋਈ ਅਸਰ ਨਹੀਂ ਪੈਂਦਾ-ਘੱਟੋ-ਘੱਟ ਕਾਨੂੰਨੀ ਤੌਰ ’ਤੇ ਤਾਂ ਨਹੀਂ, ਭਾਵੇਂ SC ਕਰਨਾਟਕ ਹਾਈ ਕੋਰਟ ਨੇ ਹਿਜਾਬ ਦੀ ਪਾਬੰਦੀ ਨੂੰ ਬਰਕਰਾਰ ਰੱਖਿਆ ਹੈ ਤੇ ਅਜਿਹੇ ਵਿਚ ਉਸ ਦੀ ਆਪਣੀ ਨਿੱਜੀ ਜ਼ਿੰਦਗੀ ਸੁਰੱਖਿਅਤ ਨਹੀਂ ਹੈ।ਚਰਨਜੀਤ ਕੌਰ ਦਾ ਮੰਨਣਾ ਹੈ ਕਿ ਅੱਜ ਉਹ ਹਿਜਾਬੀ ਕੁੜੀਆਂ ’ਤੇ ਹਮਲੇ ਕਰ ਰਹੇ ਹਨ ਕੱਲ੍ਹ ਸਾਡੀਆਂ ਦਸਤਾਰਾਂ ’ਤੇ ਵੀ ਹੋਣਗੇ। ਮੈਂ ਇਹ ਨਹੀਂ ਸੋਚ ਸਕਦੀ ਕਿ ‘ਇਸ ਦਾ ਮੇਰੇ ’ਤੇ ਕੋਈ ਅਸਰ ਨਹੀਂ ਹੋਵੇਗਾ।’ ਸਾਨੂੰ ਸਾਰੀਆਂ ਔਰਤਾਂ ਨੂੰ ਸੋਚਣਾ ਚਾਹੀਦਾ ਹੈ ਕਿ ਜੇਕਰ ਹਿਜਾਬੀ ਕੁੜੀਆਂ ਨਾਲ ਅਜਿਹਾ ਮਾੜਾ ਵਾਪਰ ਸਕਦਾ ਹੈ, ਤਾਂ ਇਹ ਸਾਡੇ ਨਾਲ ਵੀ ਹੋ ਸਕਦਾ ਹੈ। ਜਦੋਂ ਕਿਸੇ ਹੋਰ ਦੇ ਘਰ ਵਿੱਚ ਅੱਗ ਲੱਗ ਜਾਂਦੀ ਹੈ, ਤਾਂ ਇਹ ਸਾਡੇ ਘਰ ਵਿੱਚ ਵੀ ਫੈਲ ਸਕਦੀ ਹੈ।ਸੁਪਰੀਮ ਕੋਰਟ ਵਿੱਚ ਹਿਜਾਬ ਪਾਬੰਦੀ ਵਿਰੁੱਧ 23 ਪਟੀਸ਼ਨਰ ਲੜ ਰਹੇ ਹਨ, ਜਿਨ੍ਹਾਂ ਵਿੱਚੋਂ ਚਰਨਜੀਤ ਕੌਰ ਕੇਵਲ ਇੱਕ ਗੈਰ-ਮੁਸਲਿਮ ਹੈ। ਸੁਪਰੀਮ ਕੋਰਟ ਨੇ 22 ਸਤੰਬਰ ਨੂੰ ਦਲੀਲਾਂ ਦੀ ਸੁਣਵਾਈ ਪੂਰੀ ਕਰ ਲਈ ਸੀ ਅਤੇ ਫਿਲਹਾਲ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ।ਵੱਖ-ਵੱਖ ਪਟੀਸ਼ਨਕਰਤਾਵਾਂ ਦੁਆਰਾ 10 ਦਿਨਾਂ ਦੇ ਦੌਰਾਨ ਦਲੀਲਾਂ ਦਿੱਤੀਆ ਗਈਆਂ ਹਨ।





2007 ਵਿੱਚ, ਜਦੋਂ ਚਰਨਜੀਤ ਕੌਰ ਨੇ ਇੱਕ ਆਸ਼ਾ ਵਰਕਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ, ਉਸ ਸਮੇਂ ਉਹ ਸਿੱਖੀ ਦੇ ਨੇੜੇ ਹੋ ਗਈ ਸੀ ਅਤੇ ਪਵਿੱਤਰ ‘ਅੰਮ੍ਰਿਤ ਸੰਚਾਰ’ ਕਰ ਲਿਆ ਸੀ। ਜਿਸ ਤੋਂ ਬਾਅਦ, ਉਸਨੇ ਦਸਤਾਰ ਪਹਿਨਣੀ ਸ਼ੁਰੂ ਕਰ ਦਿੱਤੀ ਸੀ। ਚਰਨਜੀਤ ਕੌਰ ਦਾ ਕਹਿਣਾ ਹੈ ਕਿ ਦਸਤਾਰ ਹੁਣ ਮੇਰੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਜਿੰਨਾ ਚਿਰ ਮੈਂ ਜਿਉਂਦੀ ਹਾਂ, ਇਹ ਮੇਰੇ ਕੋਲ ਰਹੇਗੀ। ਸਾਨੂੰ ਅੰਮ੍ਰਿਤ ਸੰਚਾਰ ਸਮਾਗਮ ਵਿੱਚ ਹਿੱਸਾ ਲੈਣ ਲਈ ਮਜਬੂਰ ਨਹੀਂ ਕੀਤਾ ਜਾਂਦਾ, ਇਹ ਚੋਣ ਤੋਂ ਬਾਹਰ ਹੈ। ਇੱਕ ਵਾਰ ਜਦੋਂ ਤੁਹਾਨੂੰ ਇਸ ਕੱਪੜੇ ਦੀ ਮਹੱਤਤਾ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਤੁਸੀਂ ਇਸ ਨੂੰ ਸਾਰੀ ਉਮਰ ਪਹਿਨਣ ਵਿਚ ਹੀ ਖੁਸ਼ੀ ਮਹਿਸੂਸ ਕਰੋਗੇ।

ਦਸਤਾਰ ਧਾਰਨ ਕਰਨਾ ਮੇਰਾ ਹੱਕ ਹੈ, ਮੈਨੂੰ ਕੋਈ ਨਹੀਂ ਰੋਕ ਸਕਦਾ, ਕੋਈ ਮੈਨੂੰ ਸਵਾਲ ਵੀ ਨਹੀ ਕਰਦਾ। ਜੇ ਕੋਈ ਮੈਨੂੰ ਕੋਈ ਰੋਕੇਗਾ ਤਾਂ ਮੈਂ ਇਹ ਬਰਦਾਸ਼ਤ ਨਹੀਂ ਕਰਾਂਗਾ ਕਿ ਮੇਰੀ ਪੱਗ ਉੱਤੇ ਸਵਾਲ ਉਠਾਏ ਜਾਣ। ਲੋਕਤੰਤਰ ਵਿਚ ਜਦੋਂ ਮੈਨੂੰ ਹੱਕ ਹੈ ਤਾਂ ਫਿਰ ਹਿਜਾਬੀ ਕੁੜੀਆਂ ਨੂੰ ਹਿਜਾਬ ਪਹਿਨਣ ਤੋਂ ਕਿਉਂ ਰੋਕਿਆ ਜਾ ਰਿਹਾ ਹੈ ?

**(ਬਾਕੀ ਸਫ਼ਾ 31 ’ਤੇ)**

# ਗਨਿਕਾ ਪਾਪਣਾਂ ਦੀਆਂ ਸਾਖੀਆਂ

ਜੋਰਾਵਰ ਸਿੰਘ ਤਰਸਿੱਕਾ

ਗਨਿਕਾ ਦੋ ਹੋਈਆਂ, ਦੋਹਾਂ ਦਾ ਜ਼ਿਕਰ ਗੁਰਬਾਣੀ ਅੰਦਰ ਆਉਂਦਾ ਹੈ, ਸਰਵਨ ਕਰੋ ਦੋਵਾਂ ਦੀ ਜੀਵਨੀ।

ਗਨਕਾ : ਇਸ ਦਾ ਸ਼ਬਦਿਕ ਅਰਥ ਹੀ ਵੇਸਵਾ ਹੈ ਪਰ ਇਹ ਪੁਰਾਤਨ ਸਮੇਂ ਦੀ ਇਕ ਖਾਸ ਵੇਸਵਾ ਲਈ ਵਰਤਿਆ ਜਾਂਦਾ ਹੈ ।

ਇਸ ਦਾ ਅਰਥ ਵੇਸਵਾ ਜਾਂ ਕੰਚਨੀ ਹੈ । ਗੁਰਬਾਣੀ ਵਿਚ ਦੋ ਵੇਸਵਾ ਇਸਤਰੀਆਂ ਦਾ ਪ੍ਰਸੰਗ ਆਉਂਦਾ ਹੈ। ਇਕ ਵੇਸਵਾ ਦਾ ਨਾਂ ਪਿੰਗਲਾ ਸੀ ਜੋ ਰਾਜਾ ਜਨਕ ਦੀ ਪੁਰੀ ਵਿਚ ਰਹਿੰਦੀ ਸੀ। ਇਸ ਨੇ ਇਕ ਦਿਨ ਧਨੀ ਸੁੰਦਰ ਜਵਾਨ ਦੇਖਿਆ ਅਤੇ ਕਾਮ ਨਾਲ ਵਿਆਕੁਲ ਹੋ ਉਠੀ, ਪਰ ਉਹ ਇਸ ਪਾਸੇ ਨਾ ਆਇਆ ਜਿਸ ਪਾਸੇ ਪਿਗਲਾ ਵੇਸਵਾ ਰਹਿੰਦੀ ਸੀ ਜਿਸ ਕਰਕੇ ਸਾਰੀ ਰਾਤ ਪਿੰਗਲਾ ਦੀ ਬੇਚੈਨੀ ਵਿਚ ਬੀਤੀ। ਅੰਤ ਅੱਧੀ ਰਾਤ ਤੋਂ ਬਾਅਦ ਇਸ ਦੇ ਮਨ ਵੈਰਾਗ ਹੋਇਆ ਕਿ ਜੇ ਅਜਿਹਾ ਪ੍ਰੇਮ ਮੈਂ ਈਸ਼ਵਰ ਵਿਚ ਲਾਉਂਦੀ ਫਿਰ ਕਿਹੋ ਜਿਹਾ ਉੱਤਮ ਫ਼ਲ ਮੈਨੂੰ ਮਿਲਦਾ । ਉਸੇ ਵੇਲੇ ਸਭ ਕੁਕਰਮ ਛੱਡ ਕੇ ਪ੍ਰਭੂ ਦੀ ਹੋ ਗਈ ਅਤੇ ਪਵਿੱਤਰ ਜੀਵਨ ਬਿਤਾਇਆ। ਇਸੇ ਗਨਿਕਾ ਨੇ ਦਿੱਤਾ ਤ੍ਰਿਯ ਜੀ ਨੂੰ ਗੁਰੂ ਧਾਰਿਆ ਸੀ।

ਇਸ ਬਾਰੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿਹੜੇ ਸ਼ਬਦ ਦਰਜ ਹਨ, ਉਹ ਹੇਠ ਲਿਖੇ ਹਨ।

ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥ (ਅੰਗ ੧੦੦੮)

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥ (ਅੰਗ ੬੩੨)

ਦੂਸਰੀ ਗਨਿਕਾ ਇਹ ਹੋਈ

ਦੂਜੀ ਗਨਿਕਾ ਦਾ ਨਾਮ ਚੰਦ੍ਰਮਣੀ ਸੀ

ਇਹ ਵੇਸਵਾ ਵੀ ਬਹੁਤ ਸੋਹਣੀ ਤੇ ਜਵਾਨ ਸੀ ਹਰ ਕੋਈ ਇਸ ਦੇ ਵੱਲ ਖਿਚਿਆ ਆਉਂਦਾ ਸੀ ਤੇ ਚੰਦ੍ਰਮਣੀ ਨਾਲ ਰਾਤ ਗੁਜ਼ਾਰਦਾ । ਲੋਕਾਂ ਤੋਂ ਲਏ ਪੈਸਿਆਂ ਨਾਲ ਹੀ ਇਸ ਵੇਸਵਾ ਦੀਆਂ ਲੋੜਾਂ ਦੀ ਪੂਰਤੀ ਹੁੰਦੀ, ਇਸ ਲਈ ਹਰ ਰਾਤ ਨੂੰ ਇਹ ਚੰਦ੍ਰਮਣੀ ਵੇਸਵਾ ਆਪਣੇ ਦਰਵਾਜੇ ’ਤੇ ਖਲੋ ਕੇ ਮਰਦਾਂ ਦੀ ਉਡੀਕ ਕਰਿਆ ਕਰਦੀ ਸੀ। ਇਕ ਦਿਨ ਪ੍ਰਭੂ ਦੀ ਐਸੀ ਮਰਜੀ ਹੋਈ ਕਿ ਇਕ ਦਿਨ ਚੰਗਾ ਮੌਹਲੇਧਾਰ ਮੀਂਹ ਪਿਆ। ਇਕ ਮਹਾਂਪੁਰਸ਼ ਜਿਹੜਾ ਕਿ ਰਸਤੇ ’ਚ ਜਾਂਦਾ ਮੀਂਹ ਵਿਚ ਘਿਰ ਗਿਆ ਸੀ। ਉਹ ਗਨਿਕਾ ਦੇ ਕੋਠੇ ’ਤੇ ਦੀਵਾ ਬਲਦਾ ਦੇਖ ਉਥੇ ਰੁਕ ਗਿਆ ਤੇ ਦਰਵਾਜ਼ਾ ਖੜਕਾਇਆ। ਗਨਿਕਾ ਨੇ ਦਰਵਾਜ਼ੇ ਦੀ ਆਵਾਜ਼ ਸੁਣਕੇ ਮਨ ’ਚ ਸੋਚਿਆ ਤੇ ਖੁਸ਼ ਹੋਈ ਕਿ ਐਨੀ ਰਾਤ ਨੂੰ ਵੀ ਮੇਰੇ ਕੋਲ ਗਾਹਕ ਆਉਂਦੇ ਹਨ। ਜਾ ਕੇ ਦਰਵਾਜ਼ਾ ਖੋਲ੍ਹਿਆ ਤਾਂ ਅਗੋਂ ਆਵਾਜ਼ ਆਈ ਪੁੱਤਰੀ ਸਾਨੂੰ ਰਾਤ ਕਟ ਲੈਣ ਦੇ, ਬਾਹਰ ਮੀਂਹ ਬਹੁਤ ਹੈ ਤੇ ਅੱਗੇ ਜਾਣਾ ਮੁਸ਼ਕਲ ਹੈ।



ਇਹ ਪਹਿਲੀ ਵਾਰ ਸੀ ਕਿ ਗਨਿਕਾ ਨੂੰ ਕਿਸੇ ਨੇ ਪੁੱਤਰੀ ਸ਼ਬਦ ਨਾਲ ਸੰਬੋਧਨ ਕੀਤਾ। ਨਹੀਂ ਤਾਂ ਬਾਕੀ ਸਾਰੇ ਆਪਣੀ ਹਵਸ ਦੇ ਮਾਰੇ ਲੋਕ ਹੀ ਆਉਂਦੇ ਸਨ। ਸੋ ਗਨਿਕਾ ਨੇ ਮਹਾਂਪੁਰਸ਼ਾਂ ਨੂੰ ਅੰਦਰ ਬੁਲਾਇਆ ਤੇ ਚੰਗੀ ਆਓ ਭਗਤ ਕੀਤੀ। ਆਪਣੇ ਮਾੜੇ ਕੰਮ ਤੋਂ ਤਾਂ ਗਨਿਕਾ ਦਾ ਪਹਿਲਾਂ ਹੀ ਜੀਅ ਅੱਕ ਚੁੱਕਾ ਸੀ, ਉਤੋਂ ਮਹਾਂਪੁਰਸ਼ ਦੀ ਸੰਗਤ ਦੇ ਪ੍ਰਭਾਵ ਨੇ ਗਨਿਕਾ ਦੇ ਹਿਰਦੇ ਨੂੰ ਹਲੂਣਾ ਮਾਰਿਆ। ਉਸ ਨੂੰ ਆਪਣੇ ਪਾਪ ਅੱਜ ਨਜ਼ਰ ਆਉਣ ਲੱਗੇ ਤੇ ਮਨ ਵਿਚ ਪਛਤਾਵਾ ਹੋਇਆ। ਸਾਧੂ ਦਾ ਉੱਚਾ ਸੁੱਚਾ ਜੀਵਣ ਦੇਖ ਗਨਿਕਾ ਅੰਦਰ ਵੀ ਮੁਕਤ ਹੋਣ ਦੀ ਤੜਫ ਪੈਦਾ ਹੋਈ। ਜਿਸ ਤਰ੍ਹਾਂ ਗੁਰਬਾਣੀ ਕਹਿੰਦੀ ਹੈ।

ਜਬ ਤੇ ਦਰਸਨੁ ਭੇਟੇ ਸਾਧੂ ਭਲੇ ਦਿਵਸ ਓਏ ਆਏ।।

ਦੇ ਮਹਾਂਵਾਕਾਂ ਅਨੁਸਾਰ ਗਨਿਕਾ ਦੇ ਵੀ ਹੁਣ ਭਲੇ ਦਿਵਸ ਸ਼ੁਰੂ ਹੋਣ ਵਾਲੇ ਸਨ। ਗਨਿਕਾ ਨੇ ਆਪਣੀ ਸਾਰੀ ਵਿਥਿਆ ਸੁਣਾ ਮਹਾਂਪੁਰਸ਼ਾਂ ਤੋਂ ਮੁਕਤੀ ਦਾ ਸਾਧਨ ਪੁੱਛਿਆ। ਮਹਾਂਪੁਰਸ਼ਾਂ ਕੋਲ ਇਕ ਤੋਤਾ ਸੀ ਜਿਹੜਾ ਕਿ ਰਾਮ ਰਾਮ ਬੋਲਦਾ ਸੀ। ਮਹਾਂਪੁਰਸ਼ਾਂ ਨੇ ਉਸ ਨੂੰ ਉਹ ਤੋਤਾ ਦਿਤਾ ਤੇ ਕਿਹਾ ਇਸ ਨੂੰ ਰਾਮ ਰਾਮ ਜਪਾਇਆ ਕਰ। ਗਨਿਕਾ ਉਸੇ ਤਰ੍ਹਾਂ ਕਹਿਣ ਲੱਗੀ ਬੋਲ ਰਾਮ ਰਾਮ ਅੱਗੋਂ ਤੋਤਾ ਬੋਲਦਾ ਰਾਮ ਰਾਮ। ਇਹ ਜੁਗਤ ਸਮਝਾ ਕਿ ਮਹਾਂਪੁਰਸ਼ ਗਨਿਕਾ ਨੂੰ ਤੋਤਾ ਦੇ ਕੇ ਚਲੇ ਗਏ।

ਗਨਿਕਾ ਹੁਣ ਰੋਜ਼ ਤੋਤੇ ਨੂੰ ਰਾਮ ਰਾਮ ਕਰਵਾਉਂਦੀ, ਇਸ ਤਰ੍ਹਾਂ ਕਰਦੇ ਕਰਦੇ ਉਸ ਦੇ ਮਨ ਦੀ ਮੈਲ ਕਟਣੀ ਸ਼ੁਰੂ ਹੋ ਗਈ। ਉਸ ਦਿਨ ਤੋਂ ਹੀ ਮਾੜਾ ਧੰਦਾ ਬੰਦ ਕਰ ਦਿੱਤਾ ਤੇ ਬਸ ਨਾਮ ਹੀ ਜਪਿਆ ਕਰੇ। ਪਾਪਾਂ ਦੀ ਕੀਤੀ ਕਮਾਈ ਗਰੀਬਾਂ ਵਿਚ ਵੰਡ ਦਿੱਤੀ। ਇਸ ਤਰ੍ਹਾਂ ਸਾਰੇ ਸ਼ਹਿਰ ਵਿਚ ਚਰਚਾ ਛਿੜ ਗਈ ਕਿ ਗਨਿਕਾ ਪਾਪਣ ਸਾਧੂ ਬਣ ਗਈ ਹੈ। ਕੋਈ ਕੁਝ ਕਹੇ, ਕੋਈ ਕੁਝ ਪਰ ਗਨਿਕਾ ਦੀ ਲਿਵ ਉਸ ਪ੍ਰਮਾਤਮਾ ਨਾਲ ਲੱਗ ਚੁੱਕੀ ਸੀ। ਕੋਈ ਪਾਖੰਡ ਨਹੀਂ ਸੀ।

ਇਕ ਦਿਨ ਕਿਤੇ ਤੋਤੇ ਵਾਲੇ ਪਿਜਰੇ ਵਿੱਚ ਜਹਿਰੀਲਾ ਸੱਪ ਵੜ ਗਿਆ ਤੇ ਤੋਤੇ ਨੂੰ ਮਾਰ ਦਿੱਤਾ।ਰਾਤ ਦਾ ਸਮਾਂ ਸੀ ਚੰਦ੍ਰਮਣੀ ਦੇ ਅੰਦਰ ਪ੍ਰਮਾਤਮਾ ਦੀ ਤੜਫ ਵੱਧ ਗਈ ਤੇ ਉਠ ਕੇ ਤੋਤੇ ਨੂੰ ਕਹਿਣ ਲੱਗੀ ਬੋਲ ਰਾਮ ਰਾਮ । ਤੋਤਾ ਮਰ ਚੁੱਕਾ ਸੀ ਉਸ ਨੇ ਕੋਈ ਜਵਾਬ ਨਾ ਦਿੱਤਾ ਹਨੇਰੇ ਦੇ ਵਿੱਚ ਜਦੋਂ ਚੰਦ੍ਰਮਣੀ ਨੇ ਪਿਜਰੇ ਨੂੰ ਹੱਥ ਲਾਇਆ ਤਾਂ ਅੱਗੋਂ ਸੱਪ ਨੇ ਚੰਦ੍ਰਮਣੀ ਦੇ ਵੀ ਡੰਗ ਮਾਰਿਆ

ਇਸ ਤਰ੍ਹਾਂ ਗਨਿਕਾ ਤੋਤੇ ਨੂੰ ਰਾਮ ਰਾਮ ਕਰਵਾਉਂਦੀ ਹੋਈ ਇਕ ਦਿਨ ਸੁਆਸ ਤਿਆਗ ਗਈ। ਉਸ ਨੇ ਜੋ ਸਾਰੀ ਜ਼ਿੰਦਗੀ ਪਾਪ ਹੀ ਕੀਤੇ ਸਨ। ਪਰ ਕੁਝ ਸਮਾਂ ਕੀਤੀ ਭਗਤੀ ਦੇ ਸਦਕਾ ਉਹ ਜਨਮ ਮਰਨ ਦੇ ਗੇੜ ਤੇ ਜਮਾਂ ਦੀ ਮਾਰ ਤੋਂ ਬਚ ਗਈ। ਅੰਤ ਵੇਲੇ ਉਸਦੀ ਰੂਹ ਉਸ ਸੱਚੇ ਪਾਤਸ਼ਾਹ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੀ ।

ਇਸ ਸਾਖੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਬੰਦਾ ਭਾਵੇਂ ਕਿੰਨਾ ਵੀ ਪਾਪੀ ਹੋਵੇ ਪਰ ਵਾਹਿਗੁਰੂ ਜੀ ਦਾ ਨਾਮ ਜਪਣ ਨਾਲ ਪਵਿੱਤਰ ਹੋ ਜਾਂਦਾ ਹੈ। ਪਾਪਾਂ ਵਿਚ ਫਸੇ ਨੂੰ ਵੀ ਰੱਬ ਕੱਢ ਲੈਂਦਾ ਹੈ ਜੇ ਉਸ ਦੇ ਮਨ ਵਿਚ ਇੱਛਾ ਛੁੱਟਣ ਦੀ ਹੋਵੇ।

**(ਬਾਕੀ ਸਫ਼ਾ 31 ’ਤੇ)**

ਕਿਸਾਨ ਮਸਲਾ

# ਪੰਜਾਬ ਸਰਕਾਰ ਲਾਭਦਾਇਕ ਫ਼ਸਲਾਂ ਦੀ ਖ਼ਰੀਦ ਨੂੰ ਯਕੀਨੀ ਬਣਾਵੇ


ਡਾ. ਐਸ ਐਸ ਛੀਨਾ

ਪਿਛਲੇ ਦਿਨੀਂ ਨੀਤੀ ਆਯੋਗ ਦੀ ਹੋਈ ਮੀਟਿੰਗ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਸਮਿਆਂ ਤੋਂ ਦੁਹਰਾਈ ਜਾਂਦੀ ਮੰਗ ਕਿ ਕੁਝ ਹੋਰ ਫ਼ਸਲਾਂ ਨੂੰ ਵੀ ਘੱਟੋ-ਘੱਟ ਸਮਰਥਨ ਮੁੱਲ ਨਾਲ ਖਰੀਦਿਆ ਜਾਵੇ, ਨੂੰ ਫਿਰ ਦੁਹਰਾਇਆ ਹੈ। ਇਸ ਦਾ ਸਿੱਟਾ ਕੀ ਨਿਕਲੇਗਾ, ਇਹ ਤਾਂ ਸਮੇਂ ਨਾਲ ਪਤਾ ਲੱਗੇਗਾ ਪਰ ਇਹ ਸਵਾਲ ਉਠਣਾ ਸੁਭਾਵਿਕ ਹੈ ਕਿ, ਕੀ ਪੰਜਾਬ ਸਰਕਾਰ ਆਪਣੇ ਕੋਲੋਂ ਸਮਰਥਨ ਮੁੱਲ ਦੇ ਕੇ ਉਸ ਮੁੱਲ 'ਤੇ ਉਹ ਫ਼ਸਲਾਂ ਨਹੀਂ ਖ਼ਰੀਦ ਸਕਦੀ? ਇਥੇ ਕੇਰਲਾ ਵਿਚ ਸਬਜ਼ੀਆਂ ਦੀ ਖ਼ਰੀਦ ਦਾ ਖ਼ਰੀਦ ਮਾਡਲ ਸਾਹਮਣੇ ਆਇਆ ਹੈ, ਜਿਸ ਵਿਚ ਕੇਰਲਾ ਨੇ ਉਥੇ ਪੈਦਾ ਹੋਣ ਵਾਲੀਆਂ 16 ਸਬਜ਼ੀਆਂ ਲਈ ਘੱਟੋ-ਘੱਟ ਖ਼ਰੀਦ ਮੁੱਲ ਦੀ ਗਾਰੰਟੀ ਦਿੱਤੀ ਹੈ। ਪੰਜਾਬ ਵਿਚ ਖੇਤੀ ਖੇਤਰ ਦੀ ਮਹੱਤਤਾ ਇਸ ਕਰਕੇ ਵੀ ਜ਼ਿਆਦਾ ਹੈ ਕਿ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਦਾ ਹਿੱਸਾ 28 ਫ਼ੀਸਦੀ ਹੈ, ਜਦੋਂਕਿ ਦੇਸ਼ ਭਰ ਵਿਚ ਇਹ ਇਸ ਤੋਂ ਅੱਧਾ 14 ਫ਼ੀਸਦੀ ਹੈ। ਪੰਜਾਬ ਦੀ 50 ਫ਼ੀਸਦੀ ਤੋਂ ਜ਼ਿਆਦਾ ਵਸੋਂ ਅਜੇ ਵੀ ਖੇਤੀ 'ਤੇ ਨਿਰਭਰ ਹੈ ਅਤੇ ਖੇਤੀ ਤੋਂ ਹੀ ਬਰਾਮਦ ਦੀਆਂ ਸੰਭਾਵਨਾਵਾਂ ਅਤੇ ਖੇਤੀ ਆਧਾਰਿਤ ਉਦਯੋਗਾਂ ਦੇ ਵਿਕਸਿਤ ਹੋਣ ਦੀ ਉਮੀਦ ਹੈ, ਜਿਸ ਲਈ ਵਰਤਮਾਨ ਫ਼ਸਲ ਚੱਕਰ ਨੂੰ ਬਦਲ ਕੇ ਨਵਾਂ ਫ਼ਸਲ ਚੱਕਰ ਅਪਣਾਉਣਾ ਇਸ ਦੀ ਮੁਢਲੀ ਲੋੜ ਹੈ।

ਜੇ 1967-68 ਤੋਂ ਬਾਅਦ ਦੇ ਹਰੇ ਇਨਕਲਾਬ ਵੱਲ ਝਾਤ ਮਾਰੀਏ ਤਾਂ ਇਹ ਸਾਹਮਣੇ ਆਉਂਦਾ ਹੈ ਕਿ ਹਰੇ ਇਨਕਲਾਬ ਦਾ ਸਭ ਤੋਂ ਵੱਧ ਪ੍ਰਭਾਵ, ਪੰਜਾਬ 'ਚ ਹੀ ਕਬੂਲਿਆ ਗਿਆ ਸੀ, ਜਿਸ ਨੇ ਦੇਸ਼ ਦਾ ਸਿਰਫ਼ 1.5 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਦੇਸ਼ ਦੇ ਅਨਾਜ ਭੰਡਾਰਾਂ ਵਿਚ 60 ਫ਼ੀਸਦੀ ਤੱਕ ਦਾ ਯੋਗਦਾਨ ਪਾਇਆ ਸੀ। 1967-68 ਵਿਚ ਪੰਜਾਬ ਦੀ ਮੁੱਖ ਫ਼ਸਲ ਕਣਕ ਸਿਰਫ਼ 17.90 ਲੱਖ ਹੈਕਟੇਅਰ 'ਤੇ ਬੀਜੀ ਜਾਂਦੀ ਸੀ ਅਤੇ ਕੁੱਲ ਉਤਪਾਦਨ ਸਿਰਫ਼ 33.35 ਲੱਖ ਟਨ ਸੀ। ਭਾਵੇਂ ਕਿ ਹਰੇ ਇਨਕਲਾਬ ਦੇ ਸਹਾਇਕ ਹੋਰ ਤੱਤ ਵੀ ਸਨ ਪਰ ਇਹ ਸਿਰਫ਼ ਕਣਕ ਦੀ ਸਰਕਾਰੀ ਖ਼ਰੀਦ ਹੀ ਇਕੋ ਇਕ ਉਹ ਤੱਤ ਸੀ, ਜਿਸ ਕਰਕੇ 2020-21 ਤੱਕ ਕਣਕ ਦਾ ਖੇਤਰ ਦੁੱਗਣਾ ਹੋ ਕੇ 35.30 ਲੱਖ ਹੈਕਟੇਅਰ ਹੋ ਗਿਆ ਸੀ।




ਪਰ ਉਤਪਾਦਨ 6 ਗੁਣਾਂ ਵਧ ਕੇ 1.77 ਕਰੋੜ ਟਨ ਹੋ ਗਿਆ। ਝੋਨਾ ਪੰਜਾਬ ਦੀ ਰਵਾਇਤੀ ਫ਼ਸਲ ਨਹੀਂ ਸੀ ਅਤੇ 1967-68 ਤੱਕ ਵੀ ਸਿਰਫ਼ 3.14 ਲੱਖ ਹੈਕਟੇਅਰ 'ਤੇ ਹੀ ਇਹ ਲਾਇਆ ਜਾਂਦਾ ਸੀ ਪਰ ਇਸ ਦੇ ਯਕੀਨੀ ਮੰਡੀਕਰਨ ਕਰਕੇ 2020-21 ਤੱਕ ਇਸ ਦਾ ਖੇਤਰ ਵਧ ਕੇ 31.4 ਲੱਖ ਹੈਕਟੇਅਰ ਹੋ ਗਿਆ ਜਦੋਂਕਿ ਇਸੇ ਹੀ ਸਮੇਂ ਵਿਚ ਇਸ ਦਾ ਉਤਪਾਦਨ 6.23 ਲੱਖ ਟਨ ਤੋਂ ਵਧ ਕੇ 2.08 ਕਰੋੜ ਟਨ ਹੋ ਗਿਆ ਪਰ ਇਸ ਦੀ ਵੱਡੀ ਲਾਗਤ ਵਾਤਾਵਰਨ ਦੀ ਖਰਾਬੀ, ਹਵਾ, ਪਾਣੀ ਅਤੇ ਧਰਤੀ ਦੇ ਪ੍ਰਦੂਸ਼ਣ, ਪਾਣੀ ਦੀ ਸਤ੍ਹਾ ਦੇ 150 ਫੁੱਟ ਤੱਕ ਡੂੰਘਾ ਹੋਣ ਅਤੇ ਵੱਡੀ ਪੱਧਰ ਵਿਚ ਰਸਾਇਣਾਂ 'ਤੇ ਨਿਰਭਰ ਹੋਣ ਦੇ ਰੂਪ ਵਿਚ ਅਦਾ ਕਰਨੀ ਪਈ। 2017 ਵਿਚ ਇਕ ਨਵੀਂ ਫ਼ਸਲ ਦੇ ਮੰਡੀਕਰਨ ਦੀ ਚਰਚਾ ਹੋਈ ਸੀ, ਜਿਸ ਨੂੰ ਬਹੁਤ ਸਲਾਹਿਆ ਗਿਆ ਸੀ। ਉਸ ਦੇ ਅਧੀਨ ਕੇਂਦਰ ਸਰਕਾਰ ਵਲੋਂ ਪ੍ਰਾਂਤਾਂ ਦੀਆਂ ਸਰਕਾਰਾਂ ਨਾਲ ਮਿਲ ਕੇ ਪ੍ਰਾਂਤਾਂ ਦੀਆਂ ਪ੍ਰਮੁੱਖ ਫ਼ਸਲਾਂ ਨੂੰ ਕੇਂਦਰ ਸਰਕਾਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਵਲੋਂ ਆਪ ਖ਼ਰੀਦਣਾ, ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਮਿਲੇ ਮੁੱਲ ਨੂੰ ਸਰਕਾਰ ਵਲੋਂ ਆਪ ਦੇਣਾ ਅਤੇ ਨਿੱਜੀ ਵਪਾਰੀਆਂ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦਣ ਦੀ ਤਜਵੀਜ਼ ਬਣਾਈ ਗਈ ਸੀ ਪਰ ਬਾਅਦ ਵਿਚ ਉਸ 'ਤੇ ਕੋਈ ਅਮਲ ਨਾ ਹੋਇਆ। ਪੰਜਾਬ ਸਰਕਾਰ ਵਲੋਂ, ਸਰਕਾਰ ਬਣਨ ਤੋਂ ਬਾਅਦ ਚਾਰ ਫ਼ਸਲਾਂ ਮੱਕੀ, ਮੂੰਗੀ, ਸੂਰਜਮੁਖੀ ਅਤੇ ਸਰ੍ਹੋਂ ਨੂੰ ਆਪ ਖ਼ਰੀਦਣ ਦੀ ਘੋਸ਼ਣਾ ਕੀਤੀ ਗਈ ਸੀ ਪਰ ਮੂੰਗੀ ਹੀ ਖ਼ਰੀਦੀ ਗਈ, ਜਿਸ ਨਾਲ ਕਾਫ਼ੀ ਕਿਸਾਨਾਂ ਨੇ ਪ੍ਰੇਰਿਤ ਹੋ ਕੇ ਕਾਫ਼ੀ ਖੇਤਰ ਨੂੰ ਮੂੰਗੀ ਅਧੀਨ ਤਾਂ ਲਿਆਂਦਾ ਪਰ ਫਿਰ ਵੀ ਇਹ ਦਿਲਚਸਪ ਤੱਥ ਹੈ ਕਿ ਝੋਨੇ ਅਧੀਨ ਖੇਤਰ ਅਜੇ ਵੀ ਨਹੀਂ ਘਟਿਆ ਅਤੇ ਆਉਣ ਵਾਲੇ ਸਮੇਂ ਵਿਚ ਪਾਣੀ ਦਾ ਧਰਤੀ ਥੱਲਿਉਂ ਖ਼ਤਮ ਹੋਣ ਦਾ ਸੰਕਟ



ਹ ੋ ਰ ਗੰਭੀਰ ਹੋ ਸਕਦਾ ਹੈ। ਇਸ ਗੱਲ 'ਤੇ ਵਿਚਾਰ ਕਰਨਾ ਅਤੇ ਇਸ ਦੇ ਸਾਰੇ ਪਹਿਲੂਆਂ ਦੇ ਵਿਸਥਾਰ ਵਿਚ ਜਾਣਾ ਬਹੁਤ ਜ਼ਰੂਰੀ ਹੈ ਕਿ, ਕੀ ਪੰਜਾਬ ਸਰਕਾਰ ਜੇ ਇਨ੍ਹਾਂ ਵਸਤੂਆਂ ਦੀ ਆਪ ਖ਼ਰੀਦ ਕਰੇ ਤਾਂ ਉਸ ਦੇ ਕੀ ਜੋਖਮ ਹਨ ਅਤੇ ਲਾਭ ਕਿਹੜੇ ਹਨ?

ਜਿਨ੍ਹਾਂ 23 ਫ਼ਸਲਾਂ ਦੇ ਸਮਰਥਨ ਮੁੱਲ ਕੇਂਦਰ ਸਰਕਾਰ ਐਲਾਨਦੀ ਹੈ, ਉਨ੍ਹਾਂ ਵਿਚੋਂ ਸਿਰਫ਼ 2 ਕਣਕ ਅਤੇ ਝੋਨਾ ਹੀ ਕੇਂਦਰ ਸਰਕਾਰ ਖ਼ਰੀਦਦੀ ਹੈ, ਜਦੋਂਕਿ ਕਪਾਹ, ਸਰਕਾਰ ਦਾ ਅਦਾਰਾ ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ ਖ਼ਰੀਦਦਾ ਹੈ। ਗੰਨੇ ਦੀ ਕੀਮਤ ਤਾਂ ਕੇਂਦਰ ਸਰਕਾਰ ਐਲਾਨਦੀ ਹੈ ਪਰ ਉਸ ਨੂੰ ਪ੍ਰਾਂਤਾਂ ਵਿਚ ਲੱਗੀਆਂ ਖੰਡ ਮਿੱਲਾਂ ਹੀ ਖ਼ਰੀਦਦੀਆਂ ਹਨ। ਜਿਸ ਵਿਚ ਪ੍ਰਾਂਤਾਂ ਦੀਆਂ ਸਰਕਾਰਾਂ ਕੁਝ ਹੋਰ ਵਾਧਾ ਕਰਕੇ ਗ਼ੈਰ-ਸਰਕਾਰੀ ਮਿੱਲਾਂ ਵਾਲਿਆਂ ਨੂੰ ਕੇਂਦਰ ਸਰਕਾਰ ਵਲੋਂ ਘੋਸ਼ਿਤ ਕੀਮਤ ਅਦਾ ਕਰਨ ਲਈ ਮਜਬੂਰ ਕਰਦੀਆਂ ਹਨ ਅਤੇ ਬੋਨਸ ਆਪਣੇ ਕੋਲੋਂ ਦਿੰਦੀਆਂ ਹਨ। ਪਰ ਪਿਛਲੇ ਸਮਿਆਂ ਵਿਚ ਇਹ ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰੀਆਂ ਖੰਡ ਮਿੱਲਾਂ ਵਾਲੇ ਆਪਣੀ ਸਮਰੱਥਾ ਤੋਂ ਘੱਟ ਅਤੇ ਘੱਟ ਸਮੇਂ ਲਈ ਮਿੱਲਾਂ ਸਿਰਫ਼ ਇਸ ਕਰਕੇ ਚਲਾਉਂਦੇ ਹਨ ਕਿਉਂ ਜੋ ਉਨ੍ਹਾਂ ਕੋਲ ਗੰਨੇ ਦੀ ਪੂਰੀ ਪੂਰਤੀ ਨਹੀਂ ਹੁੰਦੀ। ਪੰਜਾਬ ਵਿਚੋਂ ਇਕ ਹੀ ਵਸਤੂ ਬਾਸਮਤੀ ਉਹ ਵਸਤੂ ਹੈ, ਜਿਸ ਦੀ ਭਾਵੇਂ ਕੋਈ ਸਮਰਥਨ ਕੀਮਤ ਨਹੀਂ ਪਰ ਉਹ ਪ੍ਰਾਂਤ ਲਈ ਸਾਲਾਨਾ 20 ਹਜ਼ਾਰ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਕਮਾਉਂਦੀ ਹੈ। ਅੱਜਕਲ੍ਹ ਪੰਜਾਬ ਜੋ ਕਿਸੇ ਸਮੇਂ ਦਾਲਾਂ ਅਤੇ ਖਾਣ ਵਾਲੇ ਤੇਲ ਬੀਜਾਂ ਵਿਚ ਆਤਮ-ਨਿਰਭਰ ਹੁੰਦਾ ਸੀ, ਹੁਣ ਦਰਾਮਦੀ ਦਾਲਾਂ ਅਤੇ ਤੇਲ ਬੀਜਾਂ 'ਤੇ ਨਿਰਭਰ ਕਰਦਾ ਹੈ। ਭਾਰਤ ਸਰਕਾਰ ਹਰ ਸਾਲ ਇਕ ਲੱਖ ਕਰੋੜ ਰੁਪਏ ਦੇ ਤੇਲ ਬੀਜਾਂ ਦੀ ਦਰਾਮਦ ਕਰਦੀ ਹੈ, ਜਿਸ ਵਿਚ ਮੁੱਖ ਤੌਰ 'ਤੇ ਸੂਰਜਮੁਖੀ ਸ਼ਾਮਿਲ ਹੈ, ਜਿਸ ਦੀ 70 ਫ਼ੀਸਦੀ ਦਰਾਮਦ ਯੂਕਰੇਨ ਅਤੇ 20 ਫ਼ੀਸਦੀ ਰੂਸ ਤੋਂ ਕਰਦੀ ਹੈ ਅਤੇ ਦੋਵਾਂ ਦੇਸ਼ਾਂ ਵਿਚ ਜੰਗ ਲੱਗੀ ਹੋਣ ਕਰਕੇ ਪੂਰਤੀ ਘਟਣ ਦੀ ਵਜ੍ਹਾ ਨਾਲ ਇਨ੍ਹਾਂ ਤੇਲਾਂ ਦੀਆਂ ਕੀਮਤਾਂ 160 ਫ਼ੀਸਦੀ ਤੋਂ ਵੀ ਜ਼ਿਆਦਾ ਵਧ ਗਈਆਂ ਹਨ।

ਭਾਰਤ ਆਪਣੀਆਂ ਇਕ ਤਿਹਾਈ ਦਾਲਾਂ ਦੀਆਂ ਲੋੜਾਂ ਲਈ ਵਿਦੇਸ਼ਾਂ ਤੋਂ ਦਰਾਮਦ 'ਤੇ ਨਿਰਭਰ ਕਰਦਾ ਹੈ। ਪਿਛਲੇ ਸਮਿਆਂ ਵਿਚ ਵਿਦੇਸ਼ਾਂ ਵਿਚ ਵੀ ਦਾਲਾਂ ਅਧੀਨ ਖੇਤਰ ਘਟਿਆ ਹੈ ਅਤੇ ਇਸ ਨਾਲ ਇਨ੍ਹਾਂ ਦੀਆਂ ਕੀਮਤਾਂ ਵਿਚ ਵੱਡਾ ਵਾਧਾ ਹੋਇਆ ਹੈ। ਦਾਲਾਂ, ਤੇਲ ਦੇ ਬੀਜ ਜਾਂ ਹੋਰ ਖ਼ੁਰਾਕੀ ਵਸਤੂਆਂ ਦੀ ਮੰਗ ਗ਼ੈਰ-ਕਲਚਰਲ ਮੰਗ ਹੈ, ਜਿਸ ਦਾ ਅਰਥ ਹੈ ਕਿ ਕੀਮਤ ਕਿੰਨੀ ਵੀ ਹੋ ਜਾਵੇ, ਰੋਜ਼ਾਨਾ ਜ਼ਰੂਰਤਾਂ ਹੋਣ ਕਰਕੇ ਉਹ ਖ਼ਰੀਦਣੀਆਂ ਹੀ ਪੈਂਦੀਆਂ ਹਨ। ਭਾਰਤ ਵਿਚ ਤੇਲ ਬੀਜਾਂ ਅਤੇ ਦਾਲਾਂ ਦੀ ਇਸ ਵਕਤ ਅਸੀਮਤ ਮੰਗ ਹੈ। ਕੀ ਉਹ ਮੰਗ ਪੰਜਾਬ ਪੂਰੀ ਨਹੀਂ ਕਰ ਸਕਦਾ? ਪਰ ਇਸ ਲਈ ਉਤਪਾਦਨ ਅਤੇ ਖੇਤਰ ਦਾ ਵਧਣਾ ਤਾਂ ਹੀ ਸੰਭਵ ਹੈ ਜੇ ਇਨ੍ਹਾਂ ਦਾ ਮੰਡੀਕਰਨ ਯਕੀਨੀ ਹੋਵੇ, ਜਿਹੜਾ ਸਿਰਫ਼ ਸਰਕਾਰ ਹੀ ਯਕੀਨੀ ਬਣਾ ਸਕਦੀ ਹੈ।

ਪਾਣੀ ਅਤੇ ਵਾਤਾਵਰਨ ਦੀ ਸਮੱਸਿਆ ਨੂੰ ਸਾਹਮਣੇ ਰੱਖਦੇ ਹੋਏ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਵੀ ਕਣਕ ਅਤੇ ਝੋਨੇ ਦਾ ਚੋਖਾ ਉਤਪਾਦਨ ਹੋਣ ਕਰਕੇ ਜੇ ਕਣਕ ਅਤੇ ਝੋਨੇ ਅਧੀਨ ਖੇਤਰ ਨੂੰ ਅੱਧਾ ਕਰਕੇ, ਇਨ੍ਹਾਂ ਫ਼ਸਲਾਂ ਅਧੀਨ ਅਤੇ ਖਾਸ ਕਰਕੇ ਉਨ੍ਹਾਂ ਫ਼ਸਲਾਂ ਅਧੀਨ

(ਬਾਕੀ ਸਫ਼ਾ 31 'ਤੇ)

LETTER to the EDITOR

ਪਾਠਕਾਂ ਦਾ ਨਜ਼ਰੀਆ

# ਵਿਦੇਸ਼ਾਂ ਵਿਚ ਜਾ ਕੇ ਪੰਜਾਬ ਦਾ ਅਕਸ ਨਾ ਵਿਗਾੜਨ ਵਿਦਿਆਰਥੀ

ਪੰਜਾਬ ਤੋਂ ਪੜ੍ਹਾਈ ਲਈ ਗਏ ਕੁਝ ਵਿਦਿਆਰਥੀ ਜੋ ਪੰਜਾਬ ਵਿਚ ਵੀ ਵਿਗੜੀਆਂ ਔਲਾਦਾਂ ਅਖਵਾਉਂਦੇ ਸਨ, ਉਹ ਕੈਨੇਡਾ ਜਾ ਕੇ ਵੀ ਨਹੀਂ ਸੁਧਰੇ, ਜਿਸ ਨਾਲ ਪੰਜਾਬੀ ਭਾਈਚਾਰੇ ਦਾ ਨਾਂ ਖ਼ਰਾਬ ਹੋ ਰਿਹਾ ਹੈ।

ਪਿਛਲੇ ਕੁਝ ਸਮੇਂ ਤੋਂ ਕੈਨੇਡਾ ਦੇ ਹਾਲਾਤ ਹੋਰ ਵੀ ਵਿਗੜੇ ਨਜ਼ਰ ਆ ਰਹੇ ਹਨ। ਗੱਡੀਆਂ ਚੋਰੀ ਹੋਣ ਦੀਆਂ ਘਟਨਾਵਾਂ, ਵਿਆਹ ਕਰਵਾ ਕੇ ਕੈਨੇਡਾ ਜਾ ਕੇ ਕੁੜੀਆਂ ਦਾ ਮੁੱਕਰ ਜਾਣਾ, ਮਕਾਨ ਮਾਲਕਾਂ ਨਾਲ ਮਾੜਾ ਵਿਹਾਰ, ਕਾਰੋਬਾਰ ਵਿਚ ਠੱਗੀਆਂ ਅਤੇ ਛੇੜਛਾੜ ਦੇ ਕੇਸਾਂ ਨੇ ਕੈਨੇਡਾ ਦੀ ਸਰਕਾਰ ਨੂੰ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ। ਕੀ ਕੈਨੇਡੀਅਨ ਇਮੀਗ੍ਰੇਸ਼ਨ ਹੁਣ ਧੜਾ-ਧੜ ਦਿੱਤੇ ਵੀਜ਼ਾ ਕਾਰਨ ਪਛਤਾ ਤਾਂ ਨਹੀਂ ਰਹੀ? ਉਸ ਨੂੰ ਕੈਨੇਡਾ ਵੀ ਪੰਜਾਬ ਦੀ ਤਰ੍ਹਾਂ ਨਜ਼ਰ ਤਾਂ ਨਹੀਂ ਆਉਣ ਲੱਗ ਪਿਆ? ਕਈ ਪੰਜਾਬੀ ਵਿਦਿਆਰਥੀ ਕੈਨੇਡਾ ਵਿਚ ਬਹੁਤ ਹੀ ਮਾੜਾ ਸਲੂਕ ਕਰ ਰਹੇ ਹਨ। ਨਿੱਤ ਦੇ ਲੜਾਈ-ਝਗੜੇ ਏਨੇ ਜ਼ਿਆਦਾ ਵਧ ਗਏ ਹਨ ਕਿ ਉਥੋਂ ਦੀ ਪੁਲਿਸ ਵੀ ਪ੍ਰੇਸ਼ਾਨ ਹੋ ਗਈ ਹੈ। ਕਿਤੇ ਕੁੜੀਆਂ ਨੂੰ ਛੇੜਨ ਦਾ ਮਾਮਲਾ ਕਿਤੇ ਆਪਸੀ ਰੰਜਿਸ਼ ਝਗੜੇ ਦਾ ਕਾਰਨ ਬਣ ਰਹੀ ਹੈ। ਕੁਝ ਲੋਕ ਸ਼ਰਾਬ ਪੀ ਕੇ ਸੜਕਾਂ 'ਤੇ ਹੁੱਲੜਬਾਜ਼ੀ ਕਰਦੇ ਹਨ। ਗੱਡੀਆਂ ਵਿਚ ਉੱਚੀ ਗਾਣੇ ਵਜਾਉਂਦੇ ਹਨ, ਫੇਰ ਝਗੜਾ ਕਰਦੇ ਹਨ। ਇਹ ਸਭ ਨਿੱਤ ਦੀਆਂ ਘਟਨਾਵਾਂ ਹੋ ਗਈਆਂ ਹਨ। ਪਿਛਲੇ ਸਮੇਂ ਵਿਚ ਲੜਾਈ-ਝਗੜੇ ਨੂੰ ਲੈ ਕੇ ਅਤੇ ਹੋਰ ਛੇੜਛਾੜ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵਲੋਂ 118 ਪੰਜਾਬੀ ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦਾ ਫ਼ੈਸਲਾ ਹੋ ਚੁੱਕਾ। ਜਿੱਥੇ ਕੋਈ ਅਪੀਲ ਦਲੀਲ ਕੰਮ ਨਹੀਂ ਆਵੇਗੀ। ਇਸ ਦੇ ਨਾਲ ਹੀ ਇੱਕ ਤਾਜ਼ਾ ਘਟਨਾ ਕੈਨੇਡਾ ਦੇ ਸਟਰੋਬੈਰੀ ਹਿੱਲ ਪਲਾਜ਼ਾ ਦੀ ਹੈ, ਜਿੱਥੇ ਇੱਕ ਗੱਡੀ ਵਿਚ ਰਾਤ ਦੇ ਸਮੇਂ ਕੁਝ ਪੰਜਾਬੀ ਵਿਦਿਆਰਥੀ ਕਾਰ ਦਾ ਸਟੀਰੀਓ ਬਹੁਤ ਜ਼ਿਆਦਾ ਉੱਚੀ ਆਵਾਜ਼ ਵਿਚ ਚਲਾ ਕੇ ਸ਼ਹਿਰ ਵਿਚ ਗੇੜੇ



ਕੱਢ ਰਹੇ ਸਨ। ਜਿਸ ਨਾਲ ਆਮ ਜਨਤਾ ਪ੍ਰੇਸ਼ਾਨ ਹੋ ਰਹੀ ਸੀ। ਸ਼ਿਕਾਇਤ ਮਿਲਣ 'ਤੇ ਜਦੋਂ ਉਥੇ ਪੁਲਿਸ ਪਹੁੰਚੀ ਤਾਂ ਉਲਟਾ ਇਨ੍ਹਾਂ ਵਿਦਿਆਰਥੀਆਂ ਵਲੋਂ ਉਸ ਅਫ਼ਸਰ ਨਾਲ ਮਾੜਾ ਵਿਹਾਰ ਕੀਤਾ ਗਿਆ। ਉਸ ਦੀ ਗੱਡੀ ਰੋਕ ਕੇ ਉਸ ਨੂੰ ਸਵਾਲ ਕੀਤੇ ਗਏ ਜੋ ਕਿ ਕੈਨੇਡਾ ਦੇਸ਼ ਵਿਚ ਇਹ ਜੁਰਮ ਮੰਨਿਆ ਜਾਂਦਾ ਹੈ। ਹੁਣ ਇਸ ਮਾਮਲੇ ਵਿਚ ਤਫਤੀਸ਼ੀ ਕਾਰਵਾਈ ਹੋਵੇਗੀ ਅਤੇ ਦੋਸ਼ੀ ਸਾਬਤ ਹੋਣ 'ਤੇ ਸਜ਼ਾ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਡਿਪੋਰਟ ਵੀ ਕੀਤਾ ਜਾ ਸਕਦਾ ਹੈ। ਸ਼ਰਮ ਆਉਣੀ ਚਾਹੀਦੀ ਹੈ ਇਹੋ ਜਿਹੇ ਘਟੀਆ ਮਾਨਸਿਕਤਾ ਵਾਲੇ ਲੋਕਾਂ ਨੂੰ ਜੋ ਆਪਣੇ ਪੰਜਾਬ ਦਾ ਬੇੜਾ ਗ਼ਰਕ ਕਰਕੇ ਹੁਣ ਉਨ੍ਹਾਂ ਮੁਲਕਾਂ ਦਾ ਵੀ ਬੇੜਾ ਗ਼ਰਕ ਕਰਨ 'ਤੇ ਤੁਲੇ ਹੋਏ ਹਨ, ਜੋ ਸਿਰਫ਼ ਹੱਥੀਂ ਕਿਰਤ 'ਤੇ ਯਕੀਨ ਰੱਖਦੇ ਹਨ। ਇਹ ਪੰਜਾਬੀ ਭਾਈਚਾਰੇ ਲਈ ਵੀ ਨਮੋਸ਼ੀ ਵਾਲੀ ਗੱਲ ਹੈ, ਜਿਨ੍ਹਾਂ ਨੇ ਆਪਣੀ ਹੱਡ-ਤੋੜਵੀਂ ਮਿਹਨਤ ਨਾਲ ਕੈਨੇਡਾ ਵਰਗੇ ਦੇਸ਼ ਵਿਚ ਪੰਜਾਬੀ ਭਾਈਚਾਰੇ ਦਾ ਨਾਂ ਬਣਾਇਆ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਲੱਖਾਂ ਰੁਪਏ ਖਰਚ ਕਰਕੇ ਕਰਜ਼ਾਈ ਹੋ ਕੇ ਜ਼ਮੀਨਾਂ ਵੇਚ ਕੇ ਤੁਸੀਂ ਬਾਹਰ ਗਏ ਹੋ ਪਤਾ ਨਹੀਂ ਕਿਵੇਂ ਨਾ ਕਿਵੇਂ ਕਰਕੇ ਤੁਹਾਡੇ ਮਾਪਿਆਂ ਨੇ ਤੁਹਾਡੇ ਲਈ ਫੀਸਾਂ ਦਾ ਇੰਤਜ਼ਾਮ ਕੀਤਾ ਹੋਵੇਗਾ, ਪਰ ਇਨ੍ਹਾਂ ਘਟੀਆ ਲੋਕਾਂ ਨੇ ਆਪਣੇ ਮਾਪਿਆਂ ਦੇ ਸੁਫ਼ਨਿਆਂ ਅਤੇ ਮਿਹਨਤ 'ਤੇ ਪਾਣੀ ਫੇਰ ਦਿੱਤਾ ਹੈ। ਕਿਹੜਾ ਮੂੰਹ ਲੈ ਕੇ ਇਹ ਫੁਕਰੇ ਲੋਕ ਆਪਣੇ ਘਰਾਂ ਨੂੰ ਪਰਤਣਗੇ? ਫੇਰ ਜਦੋਂ ਕਰਜ਼ੇ ਦੀ ਪੰਡ ਸਿਰ 'ਤੇ ਨਾ ਟਿਕੀ ਤਾਂ ਪਛਤਾਵੇ ਤੋਂ ਸਿਵਾ ਇਨ੍ਹਾਂ ਪੱਲੇ ਕੁਝ ਨਹੀਂ ਹੋਣਾ। ਇਨ੍ਹਾਂ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਆਪਣੇ ਮਾਪਿਆਂ ਦੀ ਮਿਹਨਤ ਦੀ ਕਮਾਈ ਨੂੰ ਐਵੇਂ ਬਰਬਾਦ ਨਾ ਕਰਨ ਸਗੋਂ ਉਨ੍ਹਾਂ ਦੀ ਮਿਹਨਤ ਦਾ ਮੁੱਲ ਮੋੜਨ।

**ਵਿਕੀ ਸੁਰਖਾਬ**
ਮੋ, 8427457224

## ਗਾਇਕਾ ਜੈਨੀ ਜੌਹਲ ਦਾ ਗੀਤ

ਜੈਨੀ ਜੌਹਲ ਨੂੰ 'ਲੈਟਰ ਟੂ ਸੀਐੱਮ ਗਾਉਣ 'ਤੇ ਐਫ ਆਈ ਆਰ ਦੀਆਂ ਧਮਕੀਆਂ ਮਿਲ ਰਹੀਆਂ ਹਨ।ਇਸ ਦੌਰਾਨ ਗੱਲ ਕਰਦਿਆਂ ਮੂਸੇਵਾਲਾ ਦੀ ਮਾਂ ਨੇ ਕਿਹਾ ਕਿ ਜੈਨੀ ਜੌਹਲ ਨਾਲ ਅਸੀਂ ਵੀ ਜੇਲ੍ਹ ਜਾਣ ਨੂੰ ਤਿਆਰ ਹਾਂ। ਬਲਕੌਰ ਸਿੰਘ ਨੇ ਕਿਹਾ ਕਿ ਜੈਨੀ ਨੇ ਨਾ ਸਿਰਫ਼ ਸਾਡਾ ਦੁੱਖ, ਦਰਦ ਸੁਣਾਇਆ ਬਲਕਿ ਇਹ ਵੀ ਕਿਹਾ ਕਿ ਅੱਜ ਸਰਕਾਰ ਲਈ ਸਾਡਾ ਦਰਦ ਸੁਣਨਾ ਔਖਾ ਹੋ ਗਿਆ।ਯਾਦ ਰਹੇ ਕਿ 29 ਮਈ ਨੂੰ ਮਾਨਸਾ ਦੇ ਪਿੰਡ ਜਵਾਹਰਕੇ ਵਾਲਾ ਵਿੱਚ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਵੱਲੋਂ ਇਸ ਮਾਮਲੇ ਵਿੱਚ ਹੁਣ ਤੱਕ 34 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਮੂਸੇਵਾਲਾ ਦੇ ਕਤਲ ਦਾ ਮਾਸਟਰ ਮਾਈਂਡ ਗੋਲਡੀ ਬਰਾੜ ਨੂੰ ਮੰਨਿਆ ਜਾ ਰਿਹਾ ਹੈ ਜਿਸ ਨੇ ਲਾਰੈਂਸ ਬਿਸ਼ਨੋਈ ਨਾਲ ਮਿਲ ਕੇ ਇਸ ਕਤਲ ਦੀ ਸਾਜਿਸ਼ ਘੜੀ ਸੀ।

**ਵਿਰੋਧੀ ਧਿਰਾਂ ਵਲੋਂ ਆਲੋਚਨਾ**

ਵਿਰੋਧੀ ਧਿਰਾਂ ਗੀਤ ਨੂੰ ਹਟਾਏ ਜਾਣ ਕਾਰਨ ਸਰਕਾਰ ਉੱਪਰ ਨਿਸ਼ਾਨੇ ਸਾਧ ਰਹੀਆਂ ਹਨ। ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਜੈਨੀ ਜੌਹਲ ਦੇ ਗਾਣੇ ਨੂੰ ਯੂਟਿਊਬ ਤੋਂ ਹਟਾਏ ਜਾਣ ਦੀ ਨਿੰਦਾ ਕੀਤੀ ਹੈ।ਹਰਸਿਮਰਤ ਕੌਰ ਬਾਦਲ ਨੇ ਲਿਖਿਆ, 'ਜੈਨੀ ਜੌਹਲ ਦੇ ਗੀਤ 'ਤੇ ਪਾਬੰਦੀ ਲਗਾਉਣਾ ਨਿੰਦਣਯੋਗ ਹੈ ਕਿਉਂਕਿ ਇਹ ਅਜੋਕੇ ਹਾਕਮਾਂ ਦੀ ਵੱਧ ਰਹੀ ਅਸਹਿਣਸ਼ੀਲਤਾ ਅਤੇ ਤਾਨਾਸ਼ਾਹ ਮਾਨਸਿਕਤਾ ਦਾ ਪ੍ਰਤੀਕ ਹੈ। ਇਸ ਗੀਤ ਤੋਂ ਪਾਬੰਦੀ ਤੁਰੰਤ ਹਟਾਈ ਜਾਵੇ।' ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਸੱਚ ਬੋਲਣ ਵਾਲੇ ਗੀਤ ਬੈਨ ਕਿਉਂ ਕੀਤੇ ਜਾ ਰਹੇ ਹਨ? ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਲਿਖਿਆ ਹੈ, 'ਮੈਂ ਜੈਨੀ ਜੌਹਲ ਦੇ ਗੀਤ ਉੱਪਰ ਪਾਬੰਦੀ ਲਗਾਉਣ ਦੀ ਨਿੰਦਾ ਕਰਦਾ ਹਾਂ। ਜੈਨੀ ਨੇ ਮੁੱਖ ਮੰਤਰੀ ਦੇ ਪਰਿਵਾਰਕ ਸ਼ਾਸਨ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਕਲਾਕਾਰਾਂ ਨੂੰ ਵੀ ਨਹੀਂ ਬਖਸ਼ਿਆ।'

ਜੱਸੀ ਜਸਰਾਜ ਨੇ ਫੇਸਬੁੱਕ 'ਤੇ ਜੈਨੀ ਦੇ ਗੀਤ ਦੇ ਪ੍ਰੋਮੋ ਨੂੰ ਸਾਂਝਾ ਕਰਦਿਆਂ ਲਿਖਿਆ, 'ਸੱਚ ਹੀ ਤਾਂ ਗਾਇਆ, ਇੰਨੀ ਤਕਲੀਫ ਸੀ. ਐੱਮ. ਸਾਬ੍ਹ। ਸ਼ਹੀਦ ਭਗਤ ਸਿੰਘ ਜੀ ਨੇ ਬੋਲਣ ਦਾ ਅਧਿਕਾਰ, ਪ੍ਰਗਟਾਵੇ ਦਾ ਅਧਿਕਾਰ ਲਿਆ ਕੇ ਦਿੱਤਾ ਤੇ ਤੁਸੀਂ ਸ਼ਹੀਦਾਂ ਦੇ ਖ਼ਿਲਾਫ਼ ਕਿਉਂ?'

***

## ਪੰਜਾਬ ਵਿਚ 'ਵਾਰਿਸ ਪੰਜਾਬ ਦੇ' ਦੀ ਰਾਜਸੀ ਸਪੇਸ

ਇਸ ਪਹਿਲੂ ਤੋਂ ਭਾਈ ਅੰਮ੍ਰਿਤਪਾਲ ਸਿੰਘ ਵਰਤਾਰਾ ਫਿਲਹਾਲ ਸਫ਼ਲ ਸਾਬਤ ਹੋ ਰਿਹਾ ਹੈ। ਪਰ ਇਨ੍ਹਾਂ ਤਿੰਨ ਚਾਰ ਪਹਿਲੂਆਂ 'ਤੇ ਕੰਮ ਕਰਦਿਆਂ ਸਿੱਖ ਪੰਥ ਅਤੇ ਪੰਜਾਬ ਦੀ ਨਵ-ਉਸਾਰੀ ਪ੍ਰਥਾਇ ਖੜ੍ਹੀਆਂ ਚੁਣੌਤੀਆਂ ਦਾ ਪਹਾੜ ਆਪਣੇ ਆਪ ਵਿਚ ਇੰਨਾ ਵੱਡਾ ਹੋ ਗਿਆ ਹੈ ਕਿ ਸਾਡੇ ਮਨਾਂ ਵਿਚ ਸੁਆਲ ਪੈਦਾ ਹੋਣਾ ਸੁਭਾਵਿਕ ਹੈ ਕਿ ਕੀ ਇਹ ਜਥੇਬੰਦੀ ਸੱਚਮੁੱਚ ਹੀ ਬਦਲਵੇਂ ਰੂਪ ਵਿਚ ਪੰਜਾਬ ਦੇ ਲੋਕਾਂ ਦੇ ਅਰਮਾਨਾਂ ਦੀ ਕੇਂਦਰ ਬਿੰਦੂ ਬਣ ਜਾਵੇਗੀ? ਕੀ ਭਾਈ ਅੰਮ੍ਰਿਤਪਾਲ ਸਿੰਘ ਵਰਤਾਰਾ ਇਸ ਢੰਗ ਨਾਲ ਆਪਣਾ ਫੈਲਾਅ ਅਤੇ ਸਥਿਰਤਾ ਸਥਾਪਿਤ ਕਰ ਲਏਗਾ ਕਿ ਇਹ ਲੋਕ ਪੰਜਾਬ ਦੇ ਲੋਕਾਂ ਨੂੰ ਬਦਲਵੀਂ ਰਾਜਨੀਤੀ, ਬਦਲਵੇਂ ਆਗੂ, ਬਦਲਵੀਂ ਕੁਸ਼ਲ ਸ਼ਾਸਕੀ ਵਿਵਸਥਾ ਅਤੇ ਮੂਲ ਤੌਰ 'ਤੇ ਇਕ ਵਿਸਮਾਦੀ ਰਾਜ ਵਿਵਸਥਾ ਦੇ ਸਕਣਗੇ? ਇਹ ਵਰਤਾਰਾ ਕੀ ਅਕਾਲ ਤਖ਼ਤ ਸਾਹਿਬ ਸਮੇਤ ਸਮੁੱਚੀਆਂ ਸਿੱਖ ਸੰਸਥਾਵਾਂ ਦੀ ਅਗਵਾਈ, ਲੀਡਰਸ਼ਿਪ ਅਤੇ ਬੌਧਿਕਤਾ ਦੇ ਸੰਕਟਾਂ ਦਾ ਕੋਈ ਸਦੀਵਕਾਲੀ ਹੱਲ ਦੇ ਸਕੇਗਾ? ਕੀ 'ਵਾਰਿਸ ਪੰਜਾਬ ਦੇ' ਜਥੇਬੰਦੀ ਸੱਚਮੁੱਚ ਰੂਪ ਵਿਚ ਪੰਜਾਬ ਦੀ ਭਾਈਚਾਰਕ ਸਾਂਝ ਦੀ ਵਿਰਾਸਤ ਨੂੰ ਹੋਰ ਮਜ਼ਬੂਤ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਤੋਂ ਸਿੱਖ ਰਾਜਸੀ ਅਧਿਕਾਰਾਂ ਅਤੇ ਅਜ਼ਾਦੀਆਂ ਦੀ ਪ੍ਰਾਪਤੀ ਕਰ ਸਕੇਗੀ? ਕੀ ਇਹ ਜਥੇਬੰਦੀ ਕੇਂਦਰ ਅਤੇ ਸੱਤਾਧਾਰੀ ਪੰਜਾਬ ਸਰਕਾਰ ਦੀਆਂ ਹਰ ਉੱਠਦੀ ਸਿੱਖ ਸ਼ਕਤੀ ਅਤੇ ਸ਼ਖ਼ਸੀਅਤ ਨੂੰ ਆਪਣੇ ਸ਼ਕਤੀ ਮਾਧਿਅਮਾਂ ਦੀ ਵਰਤੋਂ ਕਰਕੇ ਕਮਜ਼ੋਰ ਕਰਨ, ਬਦਨਾਮ ਕਰਨ ਅਤੇ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਣ ਦੇ ਮਨਸੂਬਿਆਂ ਦਾ ਮੁਕਾਬਲਾ ਕਰ ਸਕੇਗੀ? ਕੀ ਇਸ ਜਥੇਬੰਦੀ ਦੀਆਂ ਸਰਗਰਮੀਆਂ ਅਤੇ ਪ੍ਰਾਪਤੀਆਂ ਆਪਣੇ ਰਾਜਨੀਤਿਕ ਲਾਭ ਖੁਦ ਸਮੇਟ ਸਕੇਗੀ ਜਾਂ ਜਾਂ ਇਨ੍ਹਾਂ ਤੋਂ ਬੀਜੇਪੀ ਸਮੇਤ ਹੋਰ ਪਾਰਟੀਆਂ 2024 ਜਾਂ 2027 ਵਿਚ ਆਪਣਾ ਰਾਜਨੀਤਿਕ ਲਾਭ ਲੈ ਜਾਣਗੀਆਂ?

ਜਦੋਂ ਇਕ ਪਾਸੇ ਅਕਾਲੀ ਦਲ ਵੀ ਅਗਲੇ ਸਾਲਾਂ ਵਿਚ ਆਪਣੀ ਸਥਿਤੀ ਨੂੰ ਮਜ਼ਬੂਤ ਕਰਕੇ ਇਕ ਵਾਰ ਫਿਰ ਉਭਰਨ ਦੀ ਕੋਸ਼ਿਸ਼ ਕਰੇਗਾ, ਉਥੇ ਸਿਮਰਨਜੀਤ ਸਿੰਘ ਮਾਨ, ਜਗਤਾਰ ਸਿੰਘ ਹਵਾਰਾ, ਭਾਈ ਰਣਜੀਤ ਸਿੰਘ ਦਲ ਖਾਲਸਾ ਅਤੇ ਦਲਜੀਤ ਸਿੰਘ ਬਿੱਟੂ ਆਦਿ ਵਰਤਾਰੇ ਮੁਕਾਬਲੇ ਦੇ ਇਸ ਰਾਜਸੀ ਪਿੜ ਵਿਚ ਹੋਰ ਸਰਗਰਮ ਹੋਣਗੇ। ਇਹ ਅਤੇ ਹੋਰ ਚੁਣੌਤੀਆਂ ਆਪਣੇ ਆਪ ਵਿਚ ਵੱਡੀਆਂ ਹਨ ਜਿਨ੍ਹਾਂ ਦਾ ਸਾਹਮਣਾ ਇਸ ਜਥੇਬੰਦੀ ਤੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਕਰਨਾ ਪਵੇਗਾ। ਇਨ੍ਹਾਂ ਮੁੱਦਿਆਂ ਉਤੇ ਸਹਿਜ ਨਾਲ ਕੰਮ ਕਰਦਿਆਂ ਪੰਜਾਬ ਦੇ ਰਾਜਸੀ ਅਸਮਾਨ 'ਤੇ ਉਭਰ ਰਹੀ ਨਵੀਂ ਜਥੇਬੰਦੀ ਤੋਂ ਸਿੱਖ ਪੰਥ ਨੂੰ ਵੱਡੀਆਂ ਉਮੀਦਾਂ ਹਨ।

ਮੈਂ ਮਹਿਸੂਸ ਕਰਦਾ ਹਾਂ ਕਿ ਪੰਥ ਦਾ ਦਰਦ ਰੱਖਣ ਵਾਲੇ ਵਿਦਵਾਨਾਂ, ਪਿਛਲੇਰੇ ਸਿੱਖ ਸੰਘਰਸ਼ ਦੇ ਕ੍ਰਮਸ਼ੀਲ ਵਾਰਿਸਾਂ, ਪੰਜਾਬ-ਪੰਥ ਦੀ ਆਤਮਾ ਨੂੰ ਪਿਆਰ ਕਰਨ ਵਾਲੇ ਸਿੱਖਾਂ ਨੂੰ ਇਸ ਨਵੇਂ ਵਰਤਾਰੇ ਨੂੰ ਹੋਰ ਮੌਲਣ ਅਤੇ ਆਪਣੀ ਸਿਰਜਣਾਤਮਕ ਕਾਰਗੁਜ਼ਾਰੀ ਦਰਸਾਉਣ ਲਈ ਸਹਿਯੋਗ ਕਰਨਾ ਚਾਹੀਦਾ ਹੈ। ਇਨ੍ਹਾਂ ਬਦਲਦੀਆਂ ਸਥਿਤੀਆਂ ਉੱਤੇ ਬਾਜ਼ ਵਰਗੀ ਅੱਖ ਰੱਖਦਿਆਂ ਨਵੇਂ ਹਾਲਾਤ ਦੇ ਅੰਗ-ਸੰਗ ਚੱਲਣਾ ਚਾਹੀਦਾ ਹੈ। ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਦਾ ਸਾਹਮਣਾ ਕਰਦੀਆਂ ਜਿਉਂਦੀਆਂ ਜਾਗਦੀਆਂ ਕੌਮਾਂ ਵਿਚ ਅਜਿਹੀਆਂ ਲਹਿਰਾਂ ਕਦੇ-ਕਦੇ ਹੀ ਉੱਠਦੀਆਂ ਹਨ। ਪਿਛਲੇ ਚਾਰ ਦਹਾਕਿਆਂ ਵਿਚ ਕੌਮ ਨਾਲ ਬੜੇ ਧੋਖੇ ਹੋ ਚੁੱਕੇ ਹਨ। ਸਿੱਖ ਸੰਗਤ ਨੇ ਤਾਂ ਹਰ ਮੌੜ ਉੱਤੇ ਸਿੱਖ ਆਗੂਆਂ ਦੀ ਹਰ ਆਵਾਜ਼ ਉੱਤੇ ਫੁੱਲ ਚੜ੍ਹਾਏ ਹਨ। ਇਹ ਆਗੂ ਹੀ ਸਨ ਜੋ ਸਮੇਂ ਦੀਆਂ ਉਮੀਦਾਂ ਅਤੇ ਲੋੜਾਂ 'ਤੇ ਪੂਰਾ ਨਹੀਂ ਉੱਤਰੇ। ਕੁਝ ਇਨ੍ਹਾਂ ਖਾਧੇ ਜਾ ਚੁੱਕੇ ਧੋਖਿਆਂ ਦੀ ਜਕੜਨ ਵਿਚ ਆਈ ਤ੍ਰਬਕੀ ਹੋਈ ਸਿੱਖ ਸੰਗਤ ਭਾਈ ਅੰਮ੍ਰਿਤਪਾਲ ਸਿੰਘ ਵਰਤਾਰੇ ਨੂੰ ਹਮਾਇਤ ਦਿੰਦੀ ਹੋਈ ਵੀ ਸੋਚਵਾਨ ਹੈ। 'ਵਾਰਿਸ ਪੰਥ ਦੇ' ਜਥੇਬੰਦੀ ਪੰਥ ਦੀ ਰਾਜਨੀਤੀ ਨੂੰ ਨਵੇਂ ਪੰਥਕ ਦਿਸਹੱਦਿਆਂ ਵੱਲ ਕਿਵੇਂ ਲੈ ਕੇ ਜਾਂਦੀ ਹੈ, ਇਨ੍ਹਾਂ ਯਤਨਾਂ ਤੋਂ ਪਾਰ ਵੱਡੀਆਂ ਸੰਭਾਵਨਾਵਾਂ ਪਈਆਂ ਹਨ। ਯਕੀਨਨ 'ਵਾਰਿਸ ਪੰਜਾਬ ਦੇ' ਅਤੇ ਭਾਈ ਅੰਮ੍ਰਿਤਪਾਲ ਸਿੰਘ ਵਰਤਾਰੇ ਨੂੰ ਸਮਝਣ ਲਈ ਦ੍ਰਿਸ਼ਟੀਕੋਣ ਅਤੇ ਵਿਸ਼ਲੇਸ਼ਣ ਦੇ ਨਵੇਂ ਮਾਪਦੰਡ ਅਪਨਾਉਣੇ ਹੋਣਗੇ।

***

## ਕਾਂਸ਼ੀ ਰਾਮ ਸੰਤ ਭਿੰਡਰਾਵਾਲੇ ਨਾਲ ਗਠਜੋੜ

ਤ੍ਰਿਪਾਠੀ ਵਰਗੇ ਮੁੱਖ ਮੰਤਰੀਆਂ ਦੀ ਪਰੰਪਰਾ ਰਹੀ ਹੈ।ਉਨ੍ਹਾਂ ਨੇ ਮਹਿਸੂਸ ਕੀਤਾ ਕਿ ਦੇਸ਼ ਦੀ ਸੱਤਾ ਉੱਚ ਜਾਤੀ ਦੇ ਲੋਕਾਂ ਦੇ ਹੱਥਾਂ ਵਿੱਚ ਕੇਂਦਰਿਤ ਹੈ ਜੋ ਆਬਾਦੀ ਦਾ ਸਿਰਫ਼ 15 ਪ੍ਰਤੀਸ਼ਤ ਹੀ ਬਣਦੇ ਹਨ।

ਉਨ੍ਹਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਜੇਕਰ ਕਿਸੇ ਨੇ ਇਸ ਤਸਵੀਰ ਨੂੰ ਬਦਲਣਾ ਹੈ ਤਾਂ ਬਾਕੀ 85 ਪ੍ਰਤੀਸ਼ਤ ਜਨਤਾ ਵਿੱਚ ਇਕਜੁਟਤਾ ਹੋਣੀ ਚਾਹੀਦੀ ਹੈ। ਉਹ ਕਹਿੰਦੇ ਹਨ, ਸਿੱਖਾਂ ਦੇ ਧਾਰਮਿਕ ਗ੍ਰੰਥ ਗੁਰੂ ਗ੍ਰੰਥ ਸਾਹਿਬ ਨੇ ਜਾਤ-ਪਾਤ ਦੀ ਨਿਖੇਧੀ ਕੀਤੀ ਹੈ। ਇਹੀ ਬਹੁਜਨ ਦਾ ਮੈਨੀਫੈਸਟੋ ਹੈ। ਕਾਂਸ਼ੀ ਰਾਮ ਪੰਜਾਬ ਤੋਂ ਸਿੱਖ ਘੱਟ-ਗਿਣਤੀ ਭਾਈਚਾਰੇ ਨੂੰ ਰਾਸ਼ਟਰੀ ਰਾਜਨੀਤੀ ਵਿੱਚ ਮਜ਼ਬੂਤ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਇਸ ਲਈ ਪੂਰੀ ਕੋਸ਼ਿਸ਼ ਕੀਤੀ।

ਅਜਿਹਾ ਹੀ ਇੱਕ ਯਤਨ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਤੋਂ ਬਹੁਤ ਪਹਿਲਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਗੱਠਜੋੜ ਕਰਨ ਦੀ ਕੋਸ਼ਿਸ਼ ਵਿੱਚ ਕੀਤਾ ਗਿਆ ਸੀ। ਪੰਜਾਬੀ ਦਲਿਤ ਲੇਖਕ ਦੇਸ ਰਾਜ ਕਾਲੀ ਕਹਿੰਦੇ ਹਨ, ਮੈਂ ਇਸ ਬਾਰੇ ਕੁਝ ਥਾਵਾਂ 'ਤੇ ਪੜ੍ਹਿਆ ਹੈ। ਕਾਂਸ਼ੀ ਰਾਮ ਨਾਲ ਕੰਮ ਕਰਨ ਵਾਲੇ ਕੁਝ ਸੀਨੀਅਰ ਆਗੂਆਂ ਨੇ ਵੀ ਮੈਨੂੰ ਦੱਸਿਆ ਹੈ ਕਿ ਕਾਂਸ਼ੀ ਰਾਮ ਅੰਮ੍ਰਿਤਸਰ ਵਿਖੇ ਸੰਤ ਭਿੰਡਰਾਂਵਾਲੇ ਨੂੰ ਮਿਲੇ ਸਨ। ਉਹ ਚਾਹੁੰਦੇ ਸਨ ਕਿਸੰਤ ਭਿੰਡਰਾਵਾਲੇ ਦੇ ਨਾਲ ਜਮਹੂਰੀ ਗਠਜੋੜ ਹੋਵੇ। ਪਰ ਸਮੇਂ ਦੀ ਪ੍ਰਸਥਿਤੀਆਂ ਕਾਰਨ ਸੰਤ ਭਿੰਡਰਾਵਾਲੇ ਹਥਿਆਰ ਬੰਦ ਸੰਘਰਸ਼ ਵਿਚ ਸਨ। ਇਸ ਕਾਰਨ ਸੰਭਵ ਨਾ ਹੋ ਸਕਿਆ। ਪਰ ਉਹ ਸੰਤ ਭਿੰਡਰਾਂਵਾਲਿਆਂ ਨਾਲ ਲਗਾਤਾਰ ਮਿਲਦੇ ਰਹੇ।ਇਹ ਸੱਚ ਹੈ ਕਿ ਡਾਕਟਰ ਬੀ.ਆਰ. ਅੰਬੇਡਕਰ ਦੇ ਵਿਚਾਰਾਂ ਨੂੰ ਦੇਸ਼ ਭਰ ਵਿੱਚ ਫੈਲਾਉਣ ਵਿੱਚ ਕਾਂਸ਼ੀ ਰਾਮ ਦਾ ਵੱਡਾ ਯੋਗਦਾਨ ਹੈ। ਇਹ ਕਾਂਸ਼ੀ ਰਾਮ ਲਈ ਸਿਹਰਾ ਜਾਂਦਾ ਹੈ ਕਿ ਅੱਜ ਉੱਤਰ ਪ੍ਰਦੇਸ਼ ਵਰਗੇ ਰਾਜ ਵਿੱਚ ਇਨ੍ਹਾਂ ਤਿੰਨਾਂ ਸਮਾਜ ਸੁਧਾਰਕਾਂ ਦੇ ਨਾਂ 'ਤੇ ਕਈ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਜ਼ਿਲ੍ਹੇ ਹਨ। ਕਾਂਸ਼ੀ ਰਾਮ ਅੱਜ ਸਾਡੇ ਵਿਚਕਾਰ ਨਹੀਂ ਹਨ। ਉਨ੍ਹਾਂ ਦੀ ਬਹੁਜਨ ਸਮਾਜ ਪਾਰਟੀ ਵੀ ਜੋਸ਼ ਗੁਆ ਚੁੱਕੀ ਹੈ। ਪਰ, ਇੱਕ ਨੇਤਾ ਵਜੋਂ ਕਾਂਸ਼ੀ ਰਾਮ ਨੇ ਦੁਨੀਆ ਨੂੰ ਦਿਖਾਇਆ ਕਿ ਵੰਚਿਤ ਲੋਕਾਂ ਦੇ ਕੋਲ ਵੀ ਉਚਿਤ ਰਾਜਨੀਤਿਕ ਸ਼ਕਤੀ ਹੈ। ਬਾਬੂ ਕਾਂਸ਼ੀ ਰਾਮ ਦਾ 9 ਅਕਤੂਬਰ 2006 ਨੂੰ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਸੀ

***

## ਅਮਰੀਕਾ 'ਚ ਪੰਜਾਬੀ ਪਰਿਵਾਰ ਨਾਲ

ਹੁਚਨਸਨ ਰੋਡ ਨਾਲ ਪੈਂਦੇ ਇਕ ਬਾਗ਼ ਵਿਚੋਂ ਬਰਾਮਦ ਕੀਤੀਆਂ ਗਈਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਬਾਗ਼ ਨੇੜੇ ਇਕ ਖੇਤ ਕਾਮੇ ਨੇ ਲਾਸ਼ਾਂ ਵੇਖੀਆਂ ਅਤੇ ਉਸਨੇ ਤੁਰੰਤ ਪ੍ਰਸ਼ਾਸਨ ਨਾਲ ਸੰਪਰਕ ਕੀਤਾ। ਉਸ ਮੁਲਜ਼ਮ ਨੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਦੋਸ਼ੀ ਸਲਗਾਡੋ ਨੇ ਉਨ੍ਹਾਂ ਕੋਲ ਮੰਨਿਆ ਕਿ ਉਹ ਪਰਿਵਾਰ ਨੂੰ ਅਗਵਾ ਕਰਨ ਵਿਚ ਸ਼ਾਮਿਲ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਟਰੱਕਿੰਗ ਕੰਪਨੀ ਵਿਚੋਂ ਕੁਝ ਵੀ ਚੋਰੀ ਨਹੀਂ ਹੋਇਆ ਪਰ ਮ੍ਰਿਤਕਾਂ ਦੇ ਗਹਿਣੇ ਪਾਏ ਹੋਏ ਸਨ। ਪੁਲਿਸ ਮੁਤਾਬਿਕ ਮੁਲਜ਼ਮ ਸਲਗਾਡੋ (48) ਅਜੇ ਵੀ ਹਸਪਤਾਲ 'ਚ ਬੇਹੋਸ਼ੀ ਦੀ ਹਾਲਤ ਵਿਚ ਹੈ। ਇਹ ਵੀ ਪਤਾ ਲੱਗਾ ਹੈ ਕਿ ਜਦੋਂ ਕੁਝ ਹੋਸ਼ ਆਉਣ 'ਤੇ ਉਸ ਨੂੰ ਪੁਲਿਸ ਵਲੋਂ ਇਹ ਪੁੱਛਿਆ ਗਿਆ ਕਿ ਅਗਵਾ ਕੀਤਾ ਗਿਆ ਪਰਿਵਾਰ ਜ਼ਿੰਦਾ ਹੈ ਤਾਂ ਉਸ ਨੇ ਸਿਰ ਫੇਰ ਦਿੱਤਾ। ਸ਼ੈਰਿਫ ਵੇਰਨ ਵੇਰਨਕੀ ਨੇ ਸ਼ੱਕ ਜ਼ਾਹਰ ਕੀਤਾ ਸੀ ਕਿ ਇਹ ਪੈਸੇ ਦੇ ਲੈਣ-ਦੇਣ ਦਾ ਮਾਮਲਾ ਵੀ ਹੋ ਸਕਦਾ ਹੈ ਤੇ ਇਸ ਵਿਚ ਇਕ ਤੋਂ ਵੱਧ ਵਿਅਕਤੀ ਸ਼ਾਮਿਲ ਹੋ ਸਕਦੇ ਹਨ ਪਰ ਇਹ ਮੁਲਜ਼ਮ ਦੇ ਜ਼ਬਾਨ ਖੋਲ੍ਹਣ 'ਤੇ ਹੀ ਪਤਾ ਲੱਗੇਗਾ।

ਦੂਸਰੇ ਪਾਸੇ ਪੀੜਤ ਪਰਿਵਾਰ ਦੇ ਮੈਂਬਰਾਂ ਸੁਖਦੀਪ ਸਿੰਘ ਤੇ ਬਲਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਦੀ ਕਿਸੇ ਨਾਲ ਵੀ ਕੋਈ ਦੁਸ਼ਮਣੀ ਜਾਂ ਮਤਭੇਦ ਨਹੀਂ ਸੀ ਪਰ ਫਿਰ ਵੀ ਅਜਿਹਾ ਕਿਉਂ ਵਾਪਰਿਆ, ਉਨ੍ਹਾਂ ਦੀ ਸਮਝ ਤੋਂ ਬਾਹਰ ਹੈ ।ਰਿਪੋਰਟ ਮੁਤਾਬਕ, ਪੀੜਤ ਅਮਨਦੀਪ ਸਿੰਘ ਅਤੇ ਜਸਦੀਪ ਸਿੰਘ ਦੇ ਪਿਤਾ ਰਣਧੀਰ ਸਿੰਘ ਸਿਹਤ ਵਿਭਾਗ ਤੋਂ ਅਤੇ ਮਾਂ ਕਿਰਪਾਲ ਸਿੱਖਿਆ ਵਿਭਾਗ ਤੋਂ ਸੇਵਾਮੁਕਤ ਹਨ। ਪਿਤਾ ਰਣਧੀਰ ਸਿੰਘ ਤੇ ਮਾਤਾ ਕਿਰਪਾਲ ਕੌਰ ਜੋ 5 ਦਿਨ ਪਹਿਲਾਂ ਹੀ ਅਮਰੀਕਾ ਤੋਂ ਹਰਸੀ ਪਿੰਡ ਆਏ ਸਨ ਅਤੇ ਹੇਮਕੁੰਟ ਸਾਹਿਬ ਮੱਥਾ ਟੇਕਣ ਜਾ ਰਹੇ ਸਨ ਤਾਂ ਰਸਤੇ ਵਿਚ ਹੀ ਉਨ੍ਹਾਂ ਨੂੰ ਇਹ ਖ਼ਬਰ ਮਿਲ ਗਈ ਤਾਂ ਉਹ ਰਿਸ਼ੀਕੇਸ਼ ਤੋਂ ਵਾਪਸ ਪਿੰਡ ਪਰਤ ਆਏ। ਅਗਲੇ ਹੀ ਦਿਨ ਉਹ ਅਮਰੀਕਾ ਲਈ ਰਵਾਨਾ ਹੋ ਗਏ ।

ਇਸ ਘਟਨਾ ਸੰਬੰਧੀ ਮਿਲੇ ਵੇਰਵਿਆਂ ਅਨੁਸਾਰ ਅਗਵਾ ਕਰਨ ਵਾਲਾ ਸਲਗਾਡੋ ਪਹਿਲਾਂ ਤਾਂ ਇਸ ਪਰਿਵਾਰ ਦੇ ਕਿਸੇ ਹੋਰ ਰਿਸ਼ਤੇਦਾਰ ਦਾ ਟਰੱਕ ਚਲਾਉਂਦਾ ਸੀ ਤੇ ਫਿਰ ਉਸ ਤੋਂ ਹਟ ਕੇ ਇਸ ਪਰਿਵਾਰ ਦਾ ਕਰੀਬ ਇਕ ਮਹੀਨਾ ਟਰੱਕ ਚਲਾਇਆ। ਇਹ ਟਰੱਕ ਯਾਰਡ ਵੀ ਅਜੇ ਨਵਾਂ ਹੀ ਬਣਾਇਆ ਗਿਆ ਸੀ। ਦੋਵੇਂ ਭਰਾ ਟਰੱਕ ਕਾਰੋਬਾਰ ਸੰਭਾਲਦੇ ਸਨ ਤੇ ਛੋਟੇ ਭਰਾ ਦੀ ਪਤਨੀ ਜਸਲੀਨ ਕੌਰ ਦਫ਼ਤਰ ਦਾ ਕੰਮ ਸੰਭਾਲਦੀ ਸੀ। ਜਿਸ ਵੇਲੇ ਉਨ੍ਹਾਂ ਨੂੰ ਅਗਵਾ ਕੀਤਾ ਗਿਆ, ਦੋਸ਼ੀ ਨੇ ਮੂੰਹ 'ਤੇ ਮਾਸਕ ਤੇ ਹੁੱਡ ਵਾਲੀ ਜੈਕਿਟ ਪਾਈ ਹੋਈ ਸੀ, ਕੋਲ ਖਾਲੀ ਬੋਤਲਾਂ ਵਾਲਾ ਲਿਫਾਫਾ ਫੜਿਆ ਹੋਇਆ ਸੀ, ਫਿਰ ਉਹ ਦਫਤਰ ਅੰਦਰ ਗਿਆ ਤੇ ਪਿਸਤੌਲ ਦਿਖਾ ਕੇ ਪਹਿਲਾਂ ਦੋਵਾਂ ਭਰਾਵਾਂ ਨੂੰ ਹੱਥ ਬੰਨ੍ਹ ਕੇ ਅਗਵਾ ਕੀਤਾ ਤੇ ਫਿਰ ਦੋਵਾਂ ਨੂੰ ਆਪਣੇ ਪਿਕਅੱਪ ਵਿਚ ਬਿਠਾ ਕੇ ਕਿਧਰੇ ਲੈ ਜਾਂਦਾ ਹੈ ਤੇ ਫਿਰ ਛੇ ਮਿੰਟ ਬਾਅਦ ਵਾਪਸ ਆ ਕੇ ਜਸਲੀਨ ਕੌਰ ਤੇ ਉਸਦੀ ਬੇਟੀ ਆਰੂਹੀ ਢੇਰੀ ਨੂੰ ਅਗਵਾ ਕਰਕੇ ਲੈ ਜਾਂਦਾ ਹੈ। ਇਸ ਤੋਂ ਇਲਾਵਾ ਦੋਵਾਂ ਭਰਾਵਾਂ ਵਿਚੋਂ ਇਕ ਦਾ ਫੋਨ ਮੁਲਜ਼ਮ ਨੇ ਆਪਣੇ ਟਰੱਕ ਥੱਲੇ ਦੇ ਕੇ ਤੋੜ ਦਿੱਤਾ ਤੇ ਦੂਸਰੇ ਭਰਾ ਦਾ ਫੋਨ ਰਸਤੇ ਵਿਚ ਸੁੱਟ ਦਿੱਤਾ।

***

## ਗੈਂਗਸਟਰ ਦੀਪਕ ਟੀਨੂੰ ਦੇ

ਗੈਂਗਸਟਰ ਨੂੰ ਛੇਤੀ ਫੜ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ੀਰਕਪੁਰ ਵਿਚ ਰਹਿਣ ਵਾਲੀ ਮਹਿਲਾ ਅਤੇ ਟੀਨੂ ਇਕੱਠੇ ਹੀ ਭੱਜੇ ਸਨ। ਟੀਨੂ ਦੀ ਪ੍ਰੇਮਿਕਾ ਨੂੰ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਬੀਤੇ ਐਤਵਾਰ ਨੂੰ ਮੁੰਬਈ ਹਵਾਈ ਅੱਡੇ ਤੋਂ ਉਸ ਸਮੇਂ ਗ੍ਰਿਫ਼ਤਾਰ ਕੀਤਾ ਸੀ ਜਦੋਂ ਉਹ ਮਾਲਦੀਵ ਭੱਜਣ ਦੀ ਕੋਸ਼ਿਸ਼ ਕਰ ਰਹੀ ਸੀ। ਗਿੱਲ ਨੇ ਕਿਹਾ ਕਿ ਟੀਨੂ ਨੇ ਆਪਣੀ ਪ੍ਰੇਮਿਕਾ ਨਾਲ ਬਰਖਾਸਤ ਕੀਤੇ ਗਏ ਸੀਆਈਏ ਇੰਚਾਰਜ ਪ੍ਰਿਤਪਾਲ ਸਿੰਘ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ ਸੀ ਅਤੇ ਉਹ ਬਾਅਦ 'ਵਚ ਇਕ ਕਾਰ ਰਾਹੀਂ ਫਰਾਰ ਹੋ ਗਏ ਸਨ। ਪੰਜਾਬ ਪੁਲਿਸ ਵੱਲੋਂ ਉਸ ਦੀ ਪ੍ਰੇਮਿਕਾ ਜਤਿੰਦਰ ਕੌਰ ਪਾਸੋਂ ਪੁੱਛ-ਪੜਤਾਲ ਕਰ ਰਹੀ ਹੈ।

ਇਹ ਲੜਕੀ ਲੁਧਿਆਣਾ ਜ਼ਿਲ੍ਹੇ ਦੇ ਖੜੂਰ ਪਿੰਡ ਦੀ ਰਹਿਣ ਵਾਲੀ ਦੱਸੀ ਜਾਂਦੀ ਹੈ। ਮਾਨਸਾ ਪੁਲਿਸ ਨੂੰ ਉਸ ਦੇ ਘਰ ਛਾਪਾ ਮਾਰਨ ਤੋਂ ਬਾਅਦ ਪਤਾ ਲੱਗਿਆ ਹੈ ਕਿ ਉਹ ਲੰਬੇ ਸਮੇਂ ਤੋਂ ਘਰ ਨਹੀਂ ਆਈ ਸੀ, ਪਰ ਉਸ ਨੇ ਪੁਲਿਸ ਕੋਲ ਇਹ ਇਕਬਾਲ ਕੀਤਾ ਹੈ ਕਿ ਟੀਨੂ ਦੇ ਫਰਾਰ ਹੋਣ ਦੀ ਯੋਜਨਾ ਗੋਇੰਦਵਾਲ ਸਾਹਿਬ ਦੀ ਜੇਲ੍ਹ ਵਿੱਚ ਹੀ ਤਿਆਰ ਹੋ ਗਈ ਸੀ।

ਸੀਆਈਏ ਦੇ ਬਰਖਾਸਤ ਇੰਚਾਰਜ ਪ੍ਰਿਤਪਾਲ ਸਿੰਘ ਵੱਲੋਂ ਦੀਪਕ ਟੀਨੂ ਨੂੰ ਬਿਨਾਂ ਹੱਥਕੜੀ ਸੀਆਈਏ ਥਾਣੇ ਵਿਚੋਂ ਬਾਹਰ ਕੱਢਣ ਅਤੇ ਉਸ ਤੋਂ ਬਾਅਦ ਜਤਿੰਦਰ ਕੌਰ ਨਾਲ ਮਿਲਾਉਣ ਦਾ ਸਾਰਾ ਮਾਮਲਾ ਹੁਣ ਪੁੱਛ-ਪੜਤਾਲ ਦਾ ਹਿੱਸਾ ਬਣ ਗਿਆ ਹੈ।

ਗੈਂਗਸਟਰ ਦੀਪਕ ਟੀਨੂ ਦੇ ਫਰਾਰ ਹੋਣ ਦੇ ਮਾਮਲੇ ਵਿੱਚ ਹੁਣ ਵੱਡੇ ਅਫ਼ਸਰਾਂ ਉਤੇ ਗਾਜ਼ ਡਿੱਗ ਸਕਦੀ ਹੈ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਅਤੇ ਸਿਟ ਵੱਲੋਂ ਮਾਨਸਾ ਦੇ ਸੀਆਈਏ ਥਾਣੇ ਦੇ ਬਰਖਾਸਤ ਇੰਚਾਰਜ ਪ੍ਰਿਤਪਾਲ ਸਿੰਘ ਤੋਂ ਹੁਣ ਰਾਜਪੁਰਾ ਵਿਚ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਸਿਟ ਦੇ ਚੇਅਰਮੈਨ ਐੱਮ ਐੱਸ ਛੀਨਾ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ ਦੇ ਏਆਈਜੀ ਓਪਿੰਦਰਜੀਤ ਸਿੰਘ ਘੁੰਮਣ ਵੱਲੋਂ ਬੇਸ਼ੱਕ ਮਾਨਸਾ ਵਿਚ ਕੁੱਝ ਦਿਨ ਪਹਿਲਾਂ ਪ੍ਰਿਤਪਾਲ ਸਿੰਘ ਤੋਂ ਐੱਸਐੱਸਪੀ ਗੌਰਵ ਤੂਰਾ ਦੀ ਮੌਜੂਦਗੀ ਵਿੱਚ ਪੁੱਛ-ਪੜਤਾਲ ਕੀਤੀ ਗਈ ਸੀ ਪਰ ਉਸ ਦੌਰਾਨ ਉਹ ਬਹੁਤਾ ਮੂੰਹ ਖੋਲ੍ਹਣ ਅਤੇ ਸਚਾਈ ਦੱਸਣ ਤੋਂ ਚਿਬਦਾ ਰਿਹਾ ਸੀ। ਹੁਣ ਪੁਲਿਸ ਅਧਿਕਾਰੀ ਉਸ ਦੇ ਮੂੰਹੋਂ ਸੱਚ ਉਗਲਾਉਣ ਲਈ ਮਾਨਸਾ ਦੀ ਥਾਂ 'ਤੇ ਰਾਜਪੁਰਾ ਵਿਚ ਪੁੱਛ-ਪੜਤਾਲ ਕਰ ਰਹੇ ਹਨ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸੀਆਈਏ ਦਾ ਇੰਚਾਰਜ ਆਪਣੇ ਤੌਰ 'ਤੇ ਇਕੱਲਾ ਕੁੱਝ ਨਹੀਂ ਕਰ ਸਕਦਾ ਹੈ ਅਤੇ ਉਸ ਨਾਲ ਕੁੱਝ ਹੋਰ ਲੋਕ ਜਾਂ ਅਧਿਕਾਰੀ ਵੀ ਸ਼ਾਮਲ ਹੋ ਸਕਦੇ ਹਨ। ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪ੍ਰਿਤਪਾਲ ਸਿੰਘ ਤੋਂ ਕਾਫ਼ੀ ਦੇਰ ਤੱਕ ਪੁੱਛ-ਪੜਤਾਲ ਕੀਤੀ। ਪ੍ਰਿਤਪਾਲ ਸਿੰਘ ਦਾ ਰਿਮਾਂਡ ਖਤਮ ਹੋਣ ਤੋਂ ਪਹਿਲਾਂ-ਪਹਿਲਾਂ ਪੁਲਿਸ ਕਿਸੇ ਸਿੱਟੇ 'ਤੇ ਪਹੁੰਚਣਾ ਚਾਹੁੰਦੀ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਪੁਲਿਸ ਨੂੰ ਲੋੜੀਂਦਾ ਸਹਿਯੋਗ ਨਹੀਂ ਦੇ ਰਿਹਾ ਹੈ। ਇਸ ਕਾਰਨ ਉਸ ਨੂੰ ਪੁੱਛ-ਪੜਤਾਲ ਲਈ ਬਾਹਰਲੇ ਥਾਣੇ ਵਿੱਚ ਲਿਜਾਇਆ ਗਿਆ ਹੈ।

ਪੁਲਿਸ ਅਤੇ ਸਿਟ ਅਧਿਕਾਰੀ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਫੜੇ ਪ੍ਰਿਆਵਰਤ ਫੌਜੀ, ਅੰਕਿਤ ਸੇਰਸਾ, ਕੁਲਦੀਪ ਉਰਫ਼ ਕਸ਼ਿਸ਼ ਸਮੇਤ ਹੋਰ ਗੈਂਗਸਟਰਾਂ ਨਾਲ ਪ੍ਰਿਤਪਾਲ ਸਿੰਘ ਦੇ ਸਬੰਧਾਂ ਦੀ ਵੀ ਜਾਂਚ ਕਰ ਰਹੇ ਹਨ। ਮਾਨਸਾ ਦੇ ਐੱਸਐੱਸਪੀ ਗੌਰਵ ਤੂਰਾ, ਜੋ ਸਿਟ ਦੇ ਮੈਂਬਰ ਵੀ ਹਨ, ਨੇ ਦੱਸਿਆ ਕਿ ਪ੍ਰਿਤਪਾਲ ਸਿੰਘ ਤੋਂ ਬਹੁਤ ਬਾਰੀਕੀ ਨਾਲ ਪੁੱਛ-ਪੜਤਾਲ ਕੀਤੀ ਜਾ ਰਹੀ ਹੈ।

***

## ਕੌਮਾਂਤਰੀ ਸਿੱਖ ਸਲਾਹਕਾਰ

ਧਾਮੀ ਨੇ ਦੱਸਿਆ ਕਿ ਬੀਤੇ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਸੀ। ਇਸ 'ਤੇ ਸ਼੍ਰੋਮਣੀ ਕਮੇਟੀ ਦੇ ਇਤਰਾਜ਼ ਮਗਰੋਂ ਅਕਾਲ ਤਖ਼ਤ ਸਾਹਿਬ ਵੱਲੋਂ ਗਠਤ ਕੀਤੀ ਗਈ ਸਬ-ਕਮੇਟੀ ਨੇ ਇਸ ਦਿਹਾੜੇ ਦਾ ਨਾਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਸੁਝਾਇਆ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਭਾਰਤ ਸਰਕਾਰ ਨੂੰ ਪੱਤਰ ਵੀ ਭੇਜੇਗੀ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

## ਧੰਨੁ ਧੰਨੁ ਰਾਮਦਾਸ ਗੁਰੂ ਜਿਨਿ ਸਿਰਿਆ ਤਿਨੈ ਸਵਾਰਿਆ ॥

6. ਗੁਰੂ ਰਾਮਦਾਸ ਜੀ ਨੇ ਲਾਵਾਂ ਦੀ ਰਚਨਾ ਬਾਣੀ ਰੂਪ ਵਿਚ ਕੀਤੀ, ਜਿਸ ਨੂੰ ਸਿੱਖ ਆਨੰਦ ਕਾਰਜ ਵਿੱਚ ਅਪਣਾਉਂਦੇ ਹਨ। ਅਨੰਦ ਕਾਰਜ ਵਜੋਂ ਜਾਣਿਆ ਜਾਂਦਾ ਮਿਆਰੀ ਸਿੱਖ ਵਿਆਹ ਗੁਰੂ ਰਾਮਦਾਸ ਜੀ ਦੁਆਰਾ ਰਚੀ ਗਈ ਚਾਰ ਪਉੜੀਆਂ ਵਾਲੀ ਬਾਣੀ ਦੇ ਦੁਆਲੇ ਕੇਂਦਰਿਤ ਹੈ। ਇਸ ਕਾਰਜ ਨਾਲ ਜਿੱਥੇ ਵਿਆਹ ਪ੍ਰਬੰਧ ਦੀ ਨਵੀਂ ਰੀਤ ਸਥਾਪਿਤ ਹੁੰਦੀ ਹੈ,ਉੱਥੇ ਇਸ ਵਿਚ ਨਾਲ ਹੀ ਪਰਮਾਤਮਾ ਨੂੰ ਮਿਲਣ ਦੀ ਅਸਲ ਜੀਵਨ-ਜਾਚ ਵੀ ਸਿਖਾਈ ਗਈ ਹੈ।

7. ਗੁਰੂ ਰਾਮਦਾਸ ਜੀ ਨੇਗੁਰੂ ਨਾਨਕ ਦੇ ਸੰਕਲਪਨਾਮ ਜਪਣ ਨੂੰ ਜੀਵਨ ਦਾ ਆਧਾਰ ਬਣਾਉਣ ਲਈ ਪ੍ਰੇਰਿਤ ਕੀਤਾ ਹੈ। ਪ੍ਰਮਾਤਮਾ ਦਾ ਨਾਮ ਜਪਣ ਦਾ ਲਾਭ ਇਕੱਲੇ ਨਹੀਂ ਸਗੋਂ ਸਾਧ ਸੰਗਤਿ ਵਿਚ ਹੈ। ਇਸ ਦਾ ਜ਼ਿਕਰ ਵਾਰ-ਵਾਰ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਆਉਦਾ ਹੈ :

ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥

ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥

ਇਸ ਤਰ੍ਹਾਂ ਸਾਧ ਸੰਗਤਿ ਵਿਚ ਜੁੜਨ ਨਾਲ, ਸੰਤਾਂ ਦੀ ਸੰਗਤ ਕਰਨ ਨਾਲ, ਪ੍ਰਭੂ ਦਾ ਜੱਸ ਗਾਇਨ ਨਾਲ, ਆਤਮਕ ਗਿਆਨ ਦੇ ਰਤਨ ਚਮਕਦੇ ਹਨ ਤੇ ਹਿਰਦਾ ਪ੍ਰਕਾਸ਼ਮਈ ਹੋ ਜਾਂਦਾ ਹੈ ਅਤੇ ਇਸ ਨਾਲ ਅਗਿਆਨਤਾ ਵੀ ਦੂਰ ਹੋ ਜਾਂਦੀ ਹੈ। ਜਿਵੇਂ :

ਹਰਿ ਜਨ ਨਾਚਹ ਹਰਿ ਹਰਿ ਧਿਆਇ ॥
ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ ॥

ਹੇ ਪ੍ਰਭੂ ਦੇ ਗੋਲੇ, ਤੇਰਾ ਨੱਚਣਾ ਸੁਆਮੀ ਵਾਹਿਗੁਰੂ ਦਾ ਸਿਮਰਨ ਹੋਵੇ। ਜੇਕਰ ਮੈਂ ਅਜਿਹੇ ਸੰਤਾਂ ਨੂੰ ਮਿਲਾਂ, ਹੇ ਮੇਰੇ ਵੀਰ! ਮੈਂ ਅਜਿਹੇ ਸੇਵਕਾਂ ਦੇ ਪੈਰ ਧੋਵਾਂਗਾ।

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਅਨਦਿਨੁ ਹਰਿ ਲਿਵ ਲਾਇ ॥
ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਭੂਖ ਨ ਲਾਗੈ ਆਇ ॥

8. ਗੁਰੂ ਰਾਮਦਾਸ ਜੀ ਨੇਹਰ ਮਨੁੱਖ ਦੀ ਬਰਾਬਰੀ 'ਤੇ ਜ਼ੋਰ ਦਿੱਤਾ ਅਤੇ ਜਾਤ ਪ੍ਰਣਾਲੀ ਦੀ ਵੀ ਘੋਰ ਨਿੰਦਿਆ ਕੀਤੀ।

9. ਗੁਰੂ ਰਾਮਦਾਸ ਜੀਦਇਆ ਦੇ ਪ੍ਰਤੀਕ ਸਨ। ਜਿਸ ਨਾਲ ਹਮਦਰਦੀ ਅਤੇ ਨਿਮਰਤਾ ਉਨ੍ਹਾਂ ਦੇ ਜੀਵਨ ਵਿਚੋਂ ਝਰ-ਝਰ ਪੈਂਦੀ ਹੈ, ਇੱਥੇ ਇੱਕ ਮਿਸਾਲ ਦੇਖੋ : ਗੁਰੂ ਰਾਮਦਾਸ ਜੀ ਦੀ ਨਿਮਰਤਾ ਦਾ ਪ੍ਰਮਾਣ ਇਤਿਹਾਸ ਵਿੱਚੋਂ ਇਸ ਪ੍ਰਕਾਰ ਮਿਲਦਾ ਹੈ ਕਿ ਜਦ ਗੁਰੂ ਨਾਨਕ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਆਪ ਜੀ ਨੂੰ ਪੁੱਛਿਆ ਕਿ ਇਤਨਾ ਲੰਬਾ ਦਾੜ੍ਹਾ ਕਿਉਂ ਰੱਖਿਆ ਹੋਇਆ ਹੈ ਤਾਂ ਆਪ ਨੇ ਆਖਿਆ ਕਿ ਆਪ ਜੈਸੇ ਗੁਰਮੁਖਾਂ ਦੇ ਚਰਨ ਝਾੜਨ ਲਈ ਹੈ। ਬਾਬਾ ਜੀ ਬਹੁਤ ਪ੍ਰਭਾਵਿਤ ਹੋਏ ਅਤੇ ਆਖਿਆ ਕਿ ਤੁਹਾਡੀ ਮਹਿਮਾਂ ਪਹਿਲੇ ਹੀ ਬਹੁਤ ਸੁਣੀ ਸੀ ਹੁਣ ਪਰਤੱਖ ਵੇਖ ਵੀ ਲਈ ਹੈ। ਇਸ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਆਪਣੀ ਮਿਸਾਲ ਦਿੰਦਿਆਂ ਸਮੁੱਚੀ ਮਨੁੱਖਤਾ ਨੂੰ ਨਿਮਰਤਾ ਨਾਲ ਭਰਪੂਰ ਅਨੁਸ਼ਾਸਿਤ ਜੀਵਨ ਬਤੀਤ ਕਰਨ ਅਤੇ ਸੱਚੇ ਗੁਰੂ (ਪ੍ਰਮਾਤਮਾ) ਦੇ ਸਦਾ-ਸਦਾ ਲਈ ਸ਼ੁਕਰਗੁਜ਼ਾਰ ਰਹਿਣ ਦਾ ਸੰਦੇਸ਼ ਦਿੱਤਾ ਹੈ।

10. ਗੁਰੂ ਰਾਮਦਾਸ ਜੀ ਨੇ ਹਰ ਇੱਕ ਦਾ ਸਤਿਕਾਰ ਕਰਨ ਅਤੇ ਈਰਖਾ ਭਾਵ ਤੋਂ ਰਹਿਤ ਜੀਵਨ ਜੀਣ ਦਾ ਸੰਦੇਸ਼ ਦਿੱਤਾ। ਗੁਰੂ ਅਮਰ ਦਾਸ ਜੀ ਦੇ ਜਵਾਈ ਹੁੰਦਿਆਂ ਹੋਇਆ ਵੀ ਜੇਠਾ ਜੀ ਨੇ ਗੁਰੂ ਸਾਹਿਬ ਦੇ ਸਤਿਕਾਰ ਵਿੱਚ ਰਤਾ ਭਰ ਵੀ ਢਿਲ ਨਹੀਂ ਕੀਤੀ ਅਤੇ ਸਦਾ ਗੁਰੂ ਸਰੂਪ ਜਾਣ ਕੇ ਹੀ ਸੇਵਾ ਕੀਤੀ। ਆਪ ਨੇ ਆਪਣੇ ਸ਼ਰੀਕਾਂ ਦੇ ਕਹਿਣ 'ਤੇ ਵੀ ਕੋਈ ਪ੍ਰਵਾਹ ਨਾ ਕੀਤੀ ਅਤੇ ਸਿਰ 'ਤੇ ਗਾਰੇ ਦੀ ਟੋਕਰੀ ਚੁੱਕਣ ਵਾਲੀ ਸੇਵਾ ਕਰਦੇ ਰਹੇ ਅਤੇ ਗੁਰੂ ਅਮਰਦਾਸ ਜੀ ਨੇ ਵੀ ਆਖ ਦਿੱਤਾ ਕਿ ਇਹ ਗਾਰੇ ਦੀ ਟੋਕਰੀ ਨਹੀਂ ਸਗੋਂ ਰਾਜ-ਜੋਗ ਦਾ ਛਤਰ ਹੈ। ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਵੱਲੋਂ ਵਧੀਕੀਆਂ ਕਰਣ 'ਤੇ ਵੀ ਉਨ੍ਹਾਂ ਨੂੰ ਬੁਰਾ ਭਲਾ ਨਹੀਂ ਕਿਹਾ ਅਤੇ ਨਾ ਹੀ ਕਿਸੇ ਪ੍ਰਕਾਰ ਦੀ ਈਰਖਾ ਕੀਤੀ ਸਗੋਂ ਘਰੋਗੀ ਜੀਵਨ ਨੂੰ ਸਦਾ ਖੁਸ਼ਗਵਾਰ ਰੱਖਿਆ। ਆਪ ਜੀ ਦੇ ਜੀਵਨ ਦਾ ਪ੍ਰਮੁਖ ਸੰਦੇਸ਼ ਨਿਮਰਤਾ, ਹਲੇਮੀ ਅਤੇ ਪਿਆਰ ਹੈ, ਜੋ ਗੁਰੂ ਨਾਨਕ ਦੀ ਸੰਕਲਪੀ ਵਿਚਾਰਧਾਰਾ ਦੇ ਗਹਿਣੇ ਹਨ। ਆਪ ਜੀ ਅੰਦਰੋਂ ਬਾਹਰੋਂ ਪ੍ਰੇਮ ਦਾ ਮੁਜੱਸਮਾ ਸਨ।

11. ਗੁਰੂ ਰਾਮਦਾਸ ਜੀ ਆਪਣੇ ਜੀਵਨ ਵਿਚ ਗੁਰੂ ਦੇ ਮਹੱਤਵ ਨੂੰ ਦ੍ਰਿੜ ਕਰਵਾਉਂਦੇ ਹਨ। ਇਸੇ ਕਰਕੇ ਆਪ ਗੁਰੂ ਅਮਰਦਾਸ ਜੀ ਦੇ ਪਿਆਰ ਵਿਚ ਭਿੱਜੇ ਸਦਾ ਸੇਵਾ ਕਰਦੇ ਰਹਿੰਦੇ ਅਤੇ ਬਾਣੀ ਵਿੱਚ ਆਖਦੇ ਹਨ :

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥

ਇਸੇ ਦ੍ਰਿੜਤਾ ਕਰਕੇ ਆਪ 'ਧੰਨ ਗੁਰੂ ਰਾਮਦਾਸ' ਬਣੇ ਪਰ ਜੀਵਨ ਵਿਚ ਹਉਮੈ ਨੂੰ ਲਾਗੇ ਨਹੀਂ ਆਉਣ ਦਿੱਤਾ ਸਗੋਂ ਨਿਸ਼ਕਾਮ ਹੋ ਕੇ ਸੇਵਾ ਕਰਨ ਦੀ ਪ੍ਰੇਰਣਾ ਕੀਤੀ:

ਵਿਚਿ ਹਉਮੈ ਸੇਵਾ ਥਾਇ ਨ ਪਾਏ ॥
ਜਨਮਿ ਮਰੈ ਫਿਰਿ ਆਵੈ ਜਾਏ ॥

ਸੁਨੇਹਾ

ਗੁਰੂ ਰਾਮਦਾਸ ਜੀ ਨੇ ਆਪਣੀ ਮਿਸਾਲ ਦਿੰਦਿਆਂ ਸਮੁੱਚੀ ਮਨੁੱਖਤਾ ਨੂੰ ਨਿਮਰਤਾ ਨਾਲ ਭਰਪੂਰ ਅਨੁਸ਼ਾਸਿਤ ਜੀਵਨ ਬਤੀਤ ਕਰਨ ਅਤੇ ਸੱਚੇ ਗੁਰੂ (ਪ੍ਰਮਾਤਮਾ) ਦੇ ਸਦਾ-ਸਦਾ ਲਈ ਸ਼ੁਕਰ ਗੁਜ਼ਾਰ ਰਹਿਣ ਦਾ ਸੰਦੇਸ਼ ਦਿੱਤਾ ਹੈ। ਆਓ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰੀਏ।

***

## ਬੋਹੜ ਦੇ ਥੱਲੇ ਇਕ ਹੋਰ ਬੋਹੜ-ਖੁੱਡੀਆਂ ਪਰਿਵਾਰ

ਦੁਨੀਆ ਨੇ ਵੇਖਿਆ ਕਿ ਇੱਕ ਪਾਸੇ ਪੈਸੇ ਦਾ ਦਰਿਆ ਵਗਿਆ ਅਤੇ ਦੂਜੇ ਪਾਸੇ ਨਿਰੋਲ ਦਿਆਨਤਦਾਰੀ। ਬਜ਼ੁਰਗਾਂ ਦੀਆਂ ਦੁਆਵਾਂ ਅਤੇ ਲੋਕਾਂ ਦਾ ਪਿਆਰ ਇੱਕ ਅਜਿਹੀ ਮਿਸਾਲ ਕਾਇਮ ਕਰ ਗਿਆ ਜਿਸ ਬਾਰੇ ਰਹਿੰਦੀ ਦੁਨੀਆ ਤੱਕ ਗੱਲ ਚੱਲਦੀ ਰਹਿਣੀ ਹੈ। ਜੱਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਵੱਡੇ ਸਪੁੱਤਰ ਗੁਰਮੀਤ ਸਿੰਘ ਖੁੱਡੀਆਂ ਨੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਵਰਗੇ ਸਿਆਸੀ ਥੰਮ ਨੂੰ ਢਾਹ ਕੇ ਸਾਬਤ ਕਰ ਦਿੱਤਾ ਹੈ ਕਿ ਬੋਹੜ ਹੇਠਾਂ ਇੱਕ ਹੋਰ ਬੋਹੜ ਜ਼ਰੂਰ ਪਣਪ ਸਕਦਾ ਹੈ , ਬਸ਼ਰਤੇ ਕਿ ਨੀਅਤ ਸਾਫ਼ ਹੋਵੇ ਅਤੇ ਲਗਨ ਪੱਕੀ ਹੋਵੇ। ਆਉਣ ਵਾਲੇ ਸਮੇਂ ਬਾਰੇ ਤਾਂ ਪਤਾ ਨਹੀਂ ਪਰ ਅੱਜ ਦੇ ਦਿਨ ਜ਼ਰੂਰ ਇਸ ਇਤਿਹਾਸਕ ਜਿੱਤ ਬਾਰੇ ਦੁਨੀਆ ਭਰ ਵਿਚ ਚਰਚਾ ਹੈ। ਸ਼ਾਲਾ ਉਮੀਦ ਕਰਦੇ ਹਾਂ ਕਿ ਗੁਰਮੀਤ ਜੀ ਆਪਣੇ ਪਿਤਾ ਦੇ ਦੱਸੇ ਰਾਹ ਉੱਤੇ ਤੁਰ ਕੇ ਨਵੀਂ ਮਿਸਾਲ ਕਾਇਮ ਕਰਨਗੇ।

***

## ਗੁਰਸਿੱਖ ਬੀਬੀ ਚਰਨਜੀਤ ਕੌਰ

ਲੋਕ ਕਹਿੰਦੇ ਹਨ ਕਿ ਉਸ ਦਾ ਹਿਜਾਬ ਪਹਿਨਣ ਨਾਲ ਸਮਾਜ ਦੀ ਏਕਤਾ ਪ੍ਰਭਾਵਿਤ ਹੋਵੇਗੀ, ਪਰ ਕਿਵੇਂ ? ਉਹ ਆਪਣੀ ਪਸੰਦ ਦੇ ਕੱਪੜੇ ਪਾਉਂਦੀ ਹੈ, ਆਪਣੇ ਕਾਰੋਬਾਰ ਨੂੰ ਧਿਆਨ ਵਿੱਚ ਰੱਖਦੀ ਹੈ...ਉਹ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾ ਰਹੀ ਫਿਰ ਕਿਵੇਂ ਉਹ ਕਿਸੇ ਲਈ ਖਤਰਾਂ ਹੋ ਸਕਦੀ ਹੈ। ਇੱਕ ਆਸ਼ਾ ਵਰਕਰ ਵਜੋਂ ਮੇਰੀ ਨੌਕਰੀ ਵਿੱਚ ਪਿੰਡ-ਪਿੰਡ ਜਾਣਾ, ਵੈਕਸੀਨ ਜਾਂ ਪਰਿਵਾਰ ਨਿਯੋਜਨ ਬਾਰੇ ਜਾਗਰੂਕਤਾ ਪੈਦਾ ਕਰਨਾ ਤੇ ਹੋਰ ਚੀਜ਼ਾਂ ਦੇ ਨਾਲ-ਨਾਲ ਹਿਜਾਬ ਦਾ ਹੱਕਾਂ ਬਾਰੇ ਗੱਲ ਕਰਨੀ ਵੀ ਸ਼ਾਮਲ ਹੈ।

ਸਾਡੀਆਂ ਹਿੰਦੂ ਭੈਣਾਂ ਕੰਮ ਕਰਦੇ ਸਮੇਂ, ਮੰਦਰਾਂ ਵਿੱਚ ਜਾਂਦੇ ਸਮੇਂ ਸਿਰ ਢੱਕਦੀਆਂ ਹਨ ਜਾਂ ਵਾਲਾਂ ਵਿੱਚ ਸਿੰਦੂਰ ਪਾਉਂਦੀਆਂ ਹਨ।

ਪਰ ਅਸੀਂ ਉਨ੍ਹਾਂ ਨੂੰ ਕਦੇ ਨਹੀਂ ਕਹਾਂਗੇ, 'ਇਹ ਕੀ ਹੈ ਜੋ ਤੁਸੀਂ ਪਹਿਨ ਰਹੇ ਹੋ ? ਇਸਨੂੰ ਉਤਾਰੋ, ਸਾਡੀ ਏਕਤਾ ਨੂੰ ਠੇਸ ਪਹੁੰਚ ਰਹੀ ਹੈ।'

ਚਰਨਜੀਤ ਕੌਰ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਗਿਆ ਹੈ, 'ਸਕਾਰਫ਼/ਹਿਜਾਬ ਨੂੰ ਸਿਰਫ਼ ਮੁਸਲਮਾਨਾਂ ਨਾਲ ਜੋੜਨਾ ਅਸਲ ਵਿੱਚ ਸਾਡੀ ਸਦੀਆਂ ਪੁਰਾਣੀ ਪਰੰਪਰਾ ਅਤੇ ਸਾਡੇ ਸਿਰ ਢੱਕਣ ਦੀ ਪ੍ਰਥਾ ਦਾ ਅਪਮਾਨ ਹੈ ਜੋ ਇਸਲਾਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਦੀ ਹੈ।' ਉਸਨੇ ਸਾਬਕਾ ਭਾਰਤੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਦੀ ਉਦਾਹਰਣ ਦਿੱਤੀ, ਜੋ ਅਕਸਰ ਆਪਣੀ ਸਾੜੀ ਦਾ ਪੱਲਾ ਸਿਰਾ ਆਪਣੇ ਸਿਰ 'ਤੇ ਲੈਂਦੀ ਸੀ। 'ਇਸ ਲਈ ਕੌਣ ਕਹਿੰਦਾ ਹੈ ਕਿ ਸਿਰ ਢੱਕਣਾ ਸਿਰਫ਼ ਮੁਸਲਿਮ ਔਰਤਾਂ ਲਈ ਹੈ ?'

ਚਰਨਜੀਤ ਕੌਰ ਨੇ ਜਿੱਥੇ ਇਕ ਆਮ ਬੀਬੀਆਂ ਦੇ ਮਨਾਂ ਵਿੱਚ ਜੋਸ਼ ਭਰ ਦਿੱਤਾ ਹੈ ਉੱਥੇ ਹੀ ਸਿੱਖ ਕੌਮ ਦਾ ਸਿਰ ਉੱਚਾ ਕਰ ਦਿੱਤਾ ਹੈ । ਨਾਨਕ ਪਾਤਸ਼ਾਹ ਦੇ ਫਲਸਫੇ ਨੂੰ ਯਾਦ ਰੱਖਦਿਆਂ ਹੋਇਆ ਇੱਕ ਮਨੁੱਖਤਾ ਦਾ ਪੈਗਾਮ ਤੇ ਸਾਂਝੀਵਾਲਤਾ ਦਾ ਉਪਦੇਸ਼ ਉੱਤੇ ਚੱਲ ਕੇ ਭਾਰਤ ਵਿੱਚ ਮੁਸਲਿਮ ਔਰਤਾਂ ਲਈ ਆਵਾਜ਼ ਚੁੱਕੀ ਹੈ ।

***

## ਗਨਿਕਾ ਪਾਪਣਾਂ ਦੀਆਂ ਸਾਖੀਆਂ

ਜੇ ਅੰਦਰ ਇੱਛਾ ਨਾ ਹੋਵੇ ਤੇ ਪਾਪ ਪਿਆਰਾ ਲੱਗਦਾ ਹੋਵੇ ਤਾਂ ਫਿਰ ਰੱਬ ਮੁਕਤ ਨਹੀਂ ਕਰਦਾ। ਇਸ ਲਈ ਸਾਡੀ ਮੁਕਤੀ ਸਾਡੀ ਇੱਛਾ ਤੇ ਨਿਰਭਰ ਕਰਦੀ ਹੈ। ਭਾਈ ਗੁਰਦਾਸ ਜੀ ਆਪਣੀ ਬਾਣੀ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ।

ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
ਮਹਾਂ ਪੁਰਖੁ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।
ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸ ਨੋ ਦਿਤੋਨੁ ਤੋਤਾ।
ਰਾਮ ਨਾਮ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ।
ਲਿਵ ਲਾਗੀ ਤਿਸੁ ਤੋਤਿਅਹੁੰ ਨਿਤ ਪੜ੍ਹਾਏ ਕਰੈ ਅਸੋਤਾ।
ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।
ਅੰਤਕਾਲ ਜਮ ਜਾਲੁ ਤੋੜਿ ਨਰਕੈ ਵਿਚਿ ਨਾ ਖਾਧਸੁ ਗੋਤਾ।
ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ ਨਰਾਇਣੁ ਛੋਤਿ ਅਛੋਤਾ।
ਥਾਉ ਨਿਥਾਵੇ ਮਾਣੁ ਮਣੋਤਾ।

ਇਸ ਬਾਰੇ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਹ ਸ਼ਬਦ ਹੇਠ ਲਿਖੇ ਹਨ।

ਸੂਆ ਪੜਾਵਤ ਗਨਿਕਾ ਤਰੀ ॥ ਸੋ ਹਰਿ ਨੈਨਹੁ ਕੀ ਪੂਤਰੀ ॥ ( ਅੰਗ ੮੭੪ )

***

## ਪੰਜਾਬ ਸਰਕਾਰ ਲਾਭਦਾਇਕ ਫ਼ਸਲਾਂ

ਜੋ ਪੰਜਾਬ ਦੇ ਜ਼ਿਆਦਾ ਅਨੁਕੂਲ ਹਨ, ਲਿਆਂਦਾ ਜਾਵੇ ਤਾਂ ਦੇਸ਼ ਦੇ ਅਨਾਜ ਭੰਡਾਰਾਂ ਦੇ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਹੋਣ ਤੋਂ ਬਗੈਰ ਦੇਸ਼ ਵਿਚੋਂ ਹੀ ਇਨ੍ਹਾਂ ਫ਼ਸਲਾਂ ਤੋਂ ਵੱਡੀ ਕਮਾਈ ਹੋਣ ਦੀਆਂ ਸੰਭਾਵਨਾਵਾਂ ਪ੍ਰਤੱਖ ਹਨ, ਇਸ ਵਿਚ ਕਿਸੇ ਕਿਸਮ ਦਾ ਵੀ ਕੋਈ ਜੋਖਮ ਨਹੀਂ। ਪੰਜਾਬ ਸਰਕਾਰ ਨੇ ਹੋਰ ਪ੍ਰਾਂਤਾਂ ਦੀਆਂ ਸਰਕਾਰਾਂ ਦੀ ਤਰ੍ਹਾਂ ਰਾਜ ਵਿਚ 'ਐਗਰੀ ਐਕਸਪੋਰਟ ਕਾਰਪੋਰੇਸ਼ਨ' ਇਸ ਮੰਤਵ ਲਈ ਬਣਾਈ ਹੈ ਤਾਂ ਕਿ ਪੰਜਾਬ ਦੇ ਖੇਤੀ ਉਤਪਾਦਨ ਦੀ ਦਰਾਮਦ ਲਈ ਵਿਦੇਸ਼ਾਂ ਤੋਂ ਆਰਡਰ ਪ੍ਰਾਪਤ ਕੀਤੇ ਜਾਣ। ਪਰ ਦਾਲਾਂ ਅਤੇ ਤੇਲ ਬੀਜਾਂ ਦੀ ਵਿਕਰੀ ਲਈ ਵਿਦੇਸ਼ਾਂ ਵਿਚੋਂ ਨਹੀਂ, ਦੇਸ਼ ਵਿਚੋਂ ਹੀ ਵੱਡੇ ਆਰਡਰ ਪ੍ਰਾਪਤ ਕੀਤੇ ਜਾ ਸਕਦੇ ਹਨ, ਜਿਸ ਨਾਲ ਇਕ ਪਾਸੇ ਵੱਡੀ ਕਮਾਈ ਹੋਵੇਗੀ ਤੇ ਖਾਸ ਕਰਕੇ ਪੰਜਾਬ ਦੇ ਕਿਸਾਨਾਂ ਦੀ ਕਮਾਈ ਵਿਚ ਵੱਡਾ ਵਾਧਾ ਹੋਵੇਗਾ। ਇਸ ਟੀਚੇ ਨੂੰ ਆਸਾਨੀ ਨਾਲ ਪ੍ਰਾਪਤ ਵੀ ਕੀਤਾ ਜਾ ਸਕਦਾ ਹੈ। ਬਹੁਤ ਸਾਰੀਆਂ ਉਨ੍ਹਾਂ ਫ਼ਸਲਾਂ ਦੀ ਪ੍ਰਤੀ ਹੈਕਟੇਅਰ ਉਪਜ ਦੇਸ਼ ਵਿਚ ਹੋਣ ਵਾਲੀ ਉਪਜ ਤੋਂ ਜ਼ਿਆਦਾ ਹੈ, ਜਿਸ ਤਰ੍ਹਾਂ ਸੂਰਜਮੁਖੀ ਦੀ ਪੰਜਾਬ ਵਿਚ ਪ੍ਰਤੀ ਹੈਕਟੇਅਰ ਉਪਜ 1800 ਕਿਲੋ ਜਦੋਂ ਕਿ ਰਾਸ਼ਟਰੀ ਪੱਧਰ 'ਤੇ 1043 ਕਿਲੋ, ਛੋਲਿਆਂ ਦੀ ਉਪਜ 1200 ਕਿਲੋ ਪ੍ਰਤੀ ਹੈਕਟੇਅਰ ਹੈ, ਜਦੋਂ ਕਿ ਰਾਸ਼ਟਰੀ ਪੱਧਰ 'ਤੇ 900 ਕਿਲੋ ਦੇ ਕਰੀਬ ਅਤੇ ਇਸ ਤਰ੍ਹਾਂ ਹੀ ਹੋਰ ਫ਼ਸਲਾਂ ਦੀ ਪੈਦਾਵਾਰ ਹੈ। ਪੰਜਾਬ ਬੇਰੁਜ਼ਗਾਰੀ ਦੀ ਵੱਡੀ ਸਮੱਸਿਆ ਨਾਲ ਜੂਝ ਰਿਹਾ ਹੈ। ਖੇਤੀ ਅਤੇ ਉਦਯੋਗ ਦੋਵਾਂ ਦੇ ਢਾਂਚੇ ਵਿਚ ਤਬਦੀਲੀਆਂ ਕਰਨ ਤੋਂ ਬਗੈਰ ਰੁਜ਼ਗਾਰ ਨਹੀਂ ਵਧ ਸਕਦਾ। ਜਿਸ ਦਾ ਆਧਾਰ ਫ਼ਸਲਾਂ ਦੀ ਵਿਭਿੰਨਤਾ ਹੈ ਅਤੇ ਉਸ ਵਿਭਿੰਨਤਾ ਦਾ ਅਧਾਰ ਹੈ, ਘੱਟੋ-ਘੱਟ ਸਮਰਥਨ ਮੁੱਲ ਤੇ ਨਵੀਆਂ ਫ਼ਸਲਾਂ ਦੀ ਖ਼ਰੀਦ ਨੂੰ ਯਕੀਨੀ ਬਣਾਉਣਾ। ਪੰਜਾਬ ਦੀ ਸਰਕਾਰ ਆਪ ਬੜੀ ਆਸਾਨੀ ਨਾਲ ਇਹ ਕਰ ਸਕਦੀ ਹੈ, ਕਿਉਂਕਿ ਇਹ ਖਰਚ ਸਾਲ ਵਿਚ ਵੱਖ-ਵੱਖ ਸਮਿਆਂ 'ਤੇ ਫ਼ਸਲਾਂ ਦੀ ਮੌਸਮ ਅਨੁਸਾਰ ਕਟਾਈ 'ਤੇ ਨਿਰਭਰ ਕਰਦਾ ਹੈ। ਪੰਜਾਬ ਭਾਵੇਂ ਖੇਤੀ ਉਪਜ ਵਿਚ ਦੁਨੀਆ ਦੇ ਬਹੁਤ ਸਾਰੇ ਵਿਕਸਿਤ ਦੇਸ਼ਾਂ ਦਾ ਮੁਕਾਬਲਾ ਕਰਦਾ ਹੈ, ਪਰ ਖੇਤੀ ਆਧਾਰਿਤ ਪ੍ਰੋਸੈਸਿੰਗ ਉਦਯੋਗ ਵਿਚ ਬਹੁਤ ਪਿੱਛੇ ਰਹਿ ਗਿਆ ਹੈ, ਜਿਸ ਦਾ ਮੁੱਖ ਕਾਰਨ ਪ੍ਰੋਸੈਸਿੰਗ ਲਈ ਲੋੜੀਂਦੀਆਂ ਫ਼ਸਲਾਂ ਦੀ ਲਗਾਤਾਰ ਯੋਗ ਮਾਤਰਾ ਵਿਚ ਸਪਲਾਈ ਨਾ ਹੋਣਾ ਹੈ। ਉਹ ਖੇਤੀ ਆਧਾਰਿਤ ਉਦਯੋਗ ਭਾਵੇਂ ਮੌਸਮੀ ਹੋਣਗੇ ਪਰ ਉਹ ਛੋਟੇ ਪੈਮਾਨੇ ਦੇ ਹੋਣ ਕਰਕੇ, ਜ਼ਿਆਦਾ ਰੁਜ਼ਗਾਰ ਪੈਦਾ ਕਰ ਸਕਦੇ ਹਨ। ਜੇ ਕੇਰਲਾ ਸਰਕਾਰ ਸਬਜ਼ੀਆਂ ਦੀਆਂ ਕੀਮਤਾਂ ਲਈ ਮੰਡੀਕਰਨ ਯਕੀਨੀ ਬਣਾ ਬਣਾ ਸਕਦੀ ਹੈ ਤਾਂ ਪੰਜਾਬ ਸਰਕਾਰ ਲਾਭਦਾਇਕ ਫ਼ਸਲਾਂ ਦੀ ਆਪ ਖ਼ਰੀਦ ਨੂੰ ਯਕੀਨੀ ਕਿਉਂ ਨਹੀਂ ਬਣਾ ਸਕਦੀ ?

***

## ਹਰਮਨਪ੍ਰੀਤ ਸਿੰਘ ਐੱਫ਼ਆਈਐੱਚ

ਛੇ ਮੈਚਾਂ ਵਿਚ ਅੱਠ ਗੋਲ ਕੀਤੇ ਸਨ। ਉਨ੍ਹਾਂ ਨੇ ਬਰਮਿੰਘਮ 2022 ਰਾਸ਼ਟਰਮੰਡਲ ਖੇਡਾਂ ਵਿਚ ਸਿਲਵਰ ਮੈਡਲ ਜਿੱਤਣ ਵਾਲੀ ਭਾਰਤੀ ਟੀਮ ਲਈ ਵੀ ਅਹਿਮ ਭੂਮਿਕਾ ਨਿਭਾਈ ਸੀ।

ਮਹਿਲਾ ਵਰਗ ਵਿਚ ਨੀਦਰਲੈਂਡ ਦੀ ਫੇਲਿਸ ਅਲਬਰਸ ਨੂੰ ਐੱਫਆਈਐੱਚ ਦੀ ਸਰਬੋਤਮ ਖਿਡਾਰਨ ਚੁਣਿਆ ਗਿਆ ਹੈ। ਉਹ ਮਹਿਲਾ ਵਰਗ ਵਿਚ ਜਰਮਨੀ ਦੀ ਨਤਾਸ਼ਾ ਕੇਲਰ (1999) ਤੋਂ ਬਾਅਦ ਐੱਫਆਈਐੱਚ ਦੀ ਸਰਬੋਤਮ ਖਿਡਾਰਨ ਦਾ ਪੁਰਸਕਾਰ ਜਿੱਤਣ ਵਾਲੀ ਸਭ ਤੋਂ ਨੌਜਵਾਨ ਖਿਡਾਰਨ ਵੀ ਬਣ ਗਈ ਹੈ। ਅਲਬਰਸ ਦੇ ਕੁੱਲ ਅੰਕ 29.1 ਹਨ, ਉਨ੍ਹਾਂ ਨੇ ਮਾਰੀਓ ਗ੍ਰਾਨਾਟੋ (26.9 ਅੰਕ) ਨੂੰ ਪਛਾੜਿਆ। ਆਗਸਟੀਨਾ ਗੋਰਜੇਲਾਨੀ 16.4 ਅੰਕਾਂ ਨਾਲ ਤੀਜੇ ਸਥਾਨ 'ਤੇ ਰਹੀ।

***

## ਬਾਬਾ ਬੁੱਲ੍ਹੇ ਸ਼ਾਹ

ਮੁਗਲਾਂ ਜ਼ਹਿਰ ਪਿਆਲੇ ਪੀਤੇ, ਭੂਰਿਆਂ ਵਾਲੇ ਰਾਜੇ ਕੀਤੇ।
ਸਭ ਅਸ਼ਰਾਫ਼ ਫਿਰਨ ਚੁਪ ਕੀਤੇ, ਭਲਾ ਉਨ੍ਹਾਂ ਨੂੰ ਝਾੜਿਆ ਈ।

ਬੁੱਲ੍ਹੇ ਸ਼ਾਹ ਦੇ ਭੂਰਿਆਂ ਵਾਲੇ ਪੰਜਾਬ ਦੀ ਉਸ ਮਿਹਨਤਕਸ਼ ਤੇ ਕ੍ਰਿਤੀ ਜਮਾਤ ਦੇ ਸਿੰਘ ਯੋਧੇ ਸਨ। ਜੋ ਮੁਗਲ ਅਤੇ ਕਾਬਲ ਦੇ ਲੁਟੇਰਿਆਂ ਨਾਲ ਟੱਕਰ ਲੈਂਦੇ, ਨਵੇਂ ਇਨਕਲਾਬ ਦਾ ਝੰਡਾ ਬੁਲੰਦ ਕਰਨ ਵਾਲੇ ਸਿੰਘਾਂ ਦੀ ਚੜ੍ਹਦੀ ਕਲਾ ਪ੍ਰਤੱਖ ਵੇਖ ਰਿਹਾ ਸੀ। ਇਹ ਰੱਬੀ ਹੁਕਮ ਹੈ ਕਿ ਇਸ ਚੜ੍ਹਦੀ ਕਲਾ ਨੂੰ ਕੋਈ ਰੋਕ ਨਹੀਂ ਸਕਦਾ। ਬੁੱਲ੍ਹਾ ਫਕੀਰ ਕਮਜ਼ੋਰਾਂ ਵੱਲ ਇਸ਼ਾਰਾ ਕਰਦਾ ਹੈ :-

ਉਲਟੇ ਹੋਰ ਜਮਾਨੇ ਆਏ, ਅਸਾਂ ਹੁਣ ਭੇਦ ਸਜਣ ਦੇ ਪਾਏ।
ਆਪਣਿਆਂ ਵਿਚ ਉਲਫ਼ਤ ਨਾਹੀਂ ਕਿਆ ਚਾਚੇ ਕਿਆ ਤਾਏ।
ਪਿਉ ਪੁੱਤਰਾਂ ਇਤਫਾਕ ਕਾਈ, ਧੀਆਂ ਨਾਲ ਨਾ ਮਾਏ।
ਸੱਚਿਆਂ ਨੂੰ ਹੁਣ ਮਿਲਦੇ ਧੱਕੇ, ਝੂਠੇ ਕੋਲ ਬਹਾਏ।
ਇਰਾਕੀਆਂ ਨੂੰ ਚਾਬਕ ਪੈਂਦੇ, ਗਦੋ ਖੁਦ ਖਵਾਏ।
ਕਾਉਂ ਲਗਰਾਂ ਨੂੰ ਮਾਰਨ ਲੱਗੇ, ਚਿੜੀਆਂ ਜ਼ਰਰੇ ਖਾਏ।
ਅਗਲੇ ਜਾਂ ਬੰਗਾਲੇ ਬੈਠੇ ਪਿਛਲਿਆਂ ਫਰਸ਼ ਵਿਛਾਏ।
ਬੁੱਲ੍ਹਾ ਹੁਕਮ ਹਜ਼ੂਰੋਂ ਆਂਦਾ, ਤਿੰਨਾਂ ਨੂੰ ਕੌਣ ਹਟਾਏ।

ਖ਼ੂਨੀ ਘਟਨਾਵਾਂ ਵਾਪਰ ਰਹੀਆਂ ਸਨ। ਅਤਿਆਚਾਰ ਨਾਲ ਪੰਜਾਬ ਵਿਚ ਕਿਆਮਤ ਛਾਈ ਹੋਈ ਸੀ। ਅਜਾਬਾਂ ਦੀ ਸਦੀ ਚੱਲ ਰਹੀ ਸੀ।

ਦਰ ਖੁੱਲ੍ਹਾ ਹਸ਼ਰ ਅਜਾਬ ਦਾ।
ਬੁਰਾ ਹਾਲ ਹੋਇਆ ਪੰਜਾਬ ਦਾ।
ਵਿਚ ਹਾਵਿਆਂ ਦੋਜਖਾਂ ਮਾਰਿਆ।
ਸਾਨੂੰ ਆ ਮਿਲ ਯਾਰ ਪਿਆਰਿਆ।

ਬੁੱਲ੍ਹਾ ਰੱਬ ਦਾ ਫਕੀਰ ਬਣ ਕੇ ਸੱਚ ਦਾ ਸਾਥ ਦਿੰਦਾ ਹੈ। ਇਸਲਾਮੀ ਸ਼ਰਾ ਦੇ ਨਾਉਂ 'ਤੇ ਕੀਤੇ ਜਾ ਰਹੇ ਕੁਕਰਮਾਂ ਨੂੰ ਭੰਡਦਾ ਹੈ। ਇਹ ਸ਼ਰਾ ਅਤੇ ਹਾਕਮ ਨੀਤੀ ਦਾ ਵਿਰੋਧ ਸੀ। ਬੁੱਲ੍ਹਾ ਇਸ ਤਰ੍ਹਾਂ ਬਾਗੀ ਹੈ। ਉਸ ਨੇ ਆਪਣੇ ਆਪ ਨੂੰ ਆਜ਼ਾਦ ਐਲਾਨ ਕੀਤਾ।

ਮੈਂ ਬੇਕੈਦ ਮੈਂ ਬੇਕੈਦ, ਨਾ ਰੋਗੀ ਨਾ ਵੈਦ।
ਨ ਮੈਂ ਮੋਮਨ ਨਾ ਮੈਂ ਕਾਫ਼ਰ ਨਾ ਮੁਲਾਂ ਦਾ ਸੈਦ।
ਚੌਦੀ ਤਬਕੀ ਸੈਰ ਅਸਾਡਾ ਕਿਤੇ ਨਾ ਹੋਵਾਂ ਕੈਦ।

ਬੁੱਲ੍ਹੇ ਦੀ ਰਚਨਾ ਸਮਾਜਿਕ ਅਤੇ ਰਾਜਨੀਤਕ ਅਸਵਥਾ ਤੋਂ ਲੋਕਾਂ ਵਿਚ ਜਾਗ੍ਰਿਤੀ ਭਰਦੀ ਹੈ। ਮਜ਼੍ਹਬੀ ਪ੍ਰੰਪਰਾ ਤੇ ਚੋਟ ਹੈ। ਮਨੁੱਖ ਨੂੰ ਏਕਤਾ ਦੇ ਪਿਆਰ ਵਿਚ ਪ੍ਰੋਂਦੀ ਹੈ।

ਬੁੱਲ੍ਹੇ ਸ਼ਾਹ ਦਾ ਦਿਹਾਂਤ 1757 ਵਿਚ 77 ਕੁ ਸਾਲ ਦੀ ਉਮਰ ਵਿਚ ਹੋਇਆ। ਉਸ ਦਾ ਮਜਾਰ ਕਸੂਰ ਰੇਲਵੇ ਸਟੇਸ਼ਨ ਦੇ ਨੇੜੇ ਹੈ। ਬੁੱਲ੍ਹਾ ਮਨੁੱਖੀ ਆਦਰਸ਼ਾਂ ਦਾ ਧਾਰਨੀ ਹੋਣ ਕਰਕੇ ਬੁੱਲ੍ਹੇ ਸ਼ਾਹ ਅਤੇ ਉਸ ਦੇ ਕਲਾਮ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਬੁੱਲ੍ਹੇ ਦੀ ਕਲਾਮ ਦਾ ਰੰਗ ਕਈ ਭਾਰਤੀ ਅਤੇ ਪਾਕਿਸਤਾਨੀ ਫਿਲਮਾਂ ਵਿਚ ਭਰਿਆ ਗਿਆ ਹੈ।

***

## ਜੇਕਰ ਪੁਰਾਤਨ ਸਿੱਖ ਸੀਮਤ ਸਾਧਨਾਂ

ਇਹੋ ਕਾਰਨ ਹੈ ਕਿ ਸਿੱਖ ਆਗੂ ਦਿਨੋ-ਦਿਨ ਉਨ੍ਹਾਂ ਵੱਲੋਂ ਬੁਣੇ ਜਾਲ ਵਿੱਚ ਬੁਰੀ ਤਰ੍ਹਾਂ ਉਲਝਦੇ ਜਾ ਰਹੇ ਹਨ ਤੇ ਕੌਮ ਨੂੰ ਘੁੱਪ ਹਨੇਰਗਰਦੀ ਵੱਲ ਧਕੇਲਣ ਦਾ ਗੁਨਾਹ ਕਰ ਰਹੇ ਹਨ।

ਵੱਖ-ਵੱਖ ਸਿੱਖ ਸੰਸਥਾਵਾਂ, ਸਿੱਖ ਜਥੇਬੰਦੀਆਂ, ਸੰਤ ਸਮਾਜ ਆਪੋ ਆਪਣੀ ਡੁਗਡੁਗੀ ਵਜਾਉਣ ਵਿੱਚ ਮਸਰੂਫ ਹਨ। ਪੰਥਕ ਏਕਤਾ ਦੀ ਦੁਹਾਈ ਵੀ ਦਿੱਤੀ ਜਾ ਰਹੀ ਹੈ, ਗਾਹੇ- ਬ-ਗਾਹੇ ਪੁਰਾਤਨ ਸਿੱਖ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਦਾ ਹੋਕਾ ਵੀ ਦਿੱਤਾ ਜਾ ਰਿਹਾ ਹੈ ਤਾਂ ਸਰਬਤ ਖਾਲਸਾ ਵਰਗੇ ਇਕੱਠ ਕਰਕੇ ਖਾਲਸੇ ਦੀ ਚੜ੍ਹਦੀ ਕਲਾ ਦੇ ਪ੍ਰੋਗਰਾਮ ਉਲੀਕੇ ਵੀ ਜਾਂਦੇ ਰਹੇ ਹਨ, ਪਰ ਅਸਲ ਸਚਾਈ ਇਹ ਹੈ ਕਿ ਸਾਰੀਆਂ ਹੀ ਪੰਥਕ ਧਿਰਾਂ ਆਪਣੀ ਹਾਉਮੈ ਤਿਆਗਣ ਤੋਂ ਅਸਮਰਥ ਹਨ। ਇਨ੍ਹਾਂ ਵਿੱਚੋਂ ਕੁੱਝ ਸਿਰਫ ਨਾਂ ਦੀਆਂ ਹੀ ਜਥੇਬੰਦੀਆਂ ਹਨ, ਉਨ੍ਹਾਂ ਦਾ ਕੋਈ ਖਾਸ ਲੋਕ ਆਧਾਰ ਵੀ ਨਹੀਂ ਹੈ, ਪਰ ਉਹ ਇਸ ਪੰਥਕ ਏਕਤਾ ਦੇ ਰਾਹ ਵਿੱਚ ਵੱਧ ਰੁਕਾਵਟਾਂ ਖੜੀਆਂ ਕਰਦੀਆਂ ਹਨ। ਇਨ੍ਹਾਂ ਡੂੰਘੀਆਂ ਸਾਜਿਸ਼ਾਂ ਨੂੰ ਸਮਝਣਾ ਪਵੇਗਾ। ਹਰ ਇੱਕ ਓਸ ਸਚਾਈ ਨੂੰ ਸਿਰ ਮੱਥੇ ਪ੍ਰਵਾਨ ਕਰਨਾ ਹੋਵੇਗਾ ਜੋ ਸਾਹਮਣੇ ਵਾਪਰ ਰਹੀ ਹੈ। ਕੁਝ ਕੁ ਪੰਥਕ ਧਿਰਾਂ ਇਕੱਠੇ ਹੋ ਕੇ ਚੱਲਣ ਦੇ ਐਲਾਨ ਵੀ ਕਰ ਰਹੀਆਂ ਹਨ, ਪਰ ਅਫਸੋਸ, ਕਿ ਸਮੁੱਚੀ ਏਕਤਾ ਲਈ ਅੱਗੇ ਵਧਣ ਦੀ ਬਜਾਏ ਇਸ ਤੋਂ ਅੱਗੇ ਕਦਮਾਂ ਦਾ ਜਾਣਾ ਰੁਕ ਗਿਆ ਹੈ। ਜਦੋਂ ਸਿੱਖ ਕੌਮ ਦੀ ਜਵਾਨੀ ਆਪਣੇ ਘਰ ਅਨੰਦਪੁਰ ਵੱਲ ਪਰਤਣ ਲਈ ਉੱਠ ਤੁਰਦੀ ਹੈ ਤਾਂ ਅਜਿਹਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ, ਜਿਸ ਨਾਲ ਸਿੱਖ ਕੌਮ ਆਪਸੀ ਪਾਟੋਧਾੜ ਦਾ ਮੁੜ ਤੋਂ ਸ਼ਿਕਾਰ ਹੋ ਰਹੀ ਹੈ। ਜੇਕਰ ਸਿੱਖ ਪੰਥ ਦੇ ਖਿਲਾਫ ਭਾਰਤ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਬੇਸ਼ੱਕ ਕਾਂਗਰਸ ਹੋਵੇ, ਬੀ ਜੇ ਪੀ, ਕਾਮਰੇਡ ਜਾਂ ਭਾਰਤ ਦੇ ਪੰਜਾਹ ਤੋਂ ਵੱਧ ਕੱਟੜਵਾਦੀ ਸੰਗਠਨਾਂ ਅਤੇ ਏਜੰਸੀਆਂ ਦਾ ਕੇਂਦਰ ਨਾਗਪੁਰ ਹੋਵੇ, ਸਿੱਖਾਂ ਦੀ ਵੱਖਰੀ ਹੋਂਦ ਨੂੰ ਖਤਮ ਕਰਨ ਲਈ ਇੱਕ ਮੱਤ ਹੋ ਸਕਦੀਆਂ ਹਨ ਫਿਰ ਸਿੱਖ ਜਥੇਬੰਦੀਆਂ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਵਕਤ ਵਖਰਾ ਵੱਖਰਾ ਰਾਗ ਅਲਾਪਣ ਦਾ ਨਹੀਂ ਹੈ। ਅੱਜ ਕੌਮ ਨੂੰ ਇਸ ਮੰਝਧਾਰ 'ਚੋਂ ਕੱਢਣ ਦਾ ਇੱਕੋ ਇੱਕ ਹੱਲ ਹੈ ਕੌਮੀ ਏਕਤਾ। ਸਮੁੱਚੀ ਕੌਮ ਇਹ ਮਹਿਸੂਸ ਕਰਦੀ ਹੈ ਕਿ ਇੱਕ ਕੇਸਰੀ ਨਿਸ਼ਾਨ ਥੱਲੇ ਇਕੱਠੇ ਹੋਣ ਤੋਂ ਬਗੈਰ ਕੌਮ ਦੀ ਡਗਮਗਾਉਂਦੀ ਬੇੜੀ ਨੂੰ ਕਿਨਾਰੇ ਲਾਉਣਾ ਬੇਹੱਦ ਮੁਸਕਲ ਹੈ। ਸੋ, ਲੋੜ ਹੈ ਦੁਸ਼ਮਣ ਦੇ ਨਾਪਾਕ ਮਨਸੂਬਿਆਂ ਨੂੰ ਸਮਝਦੇ ਹੋਏ ਸਮਾਂ ਰਹਿੰਦੇ ਗੁਰੂ ਦੀ ਮੰਨ ਕੇ ਗ੍ਰੰਥ ਅਤੇ ਪੰਥ ਦੇ ਸੱਚੇ ਪਹਿਰੇਦਾਰ ਬਣਨ ਦੀ ਅਰਦਾਸ ਇੱਕਜੁਟਤਾ ਨਾਲ ਕਰੀਏ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AAJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com